BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

You dont marry the person you can live with
You marry the person you can't live without
ROKAA USA.COM
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 30; July 29, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਭਾਜਪਾ ਪੰਜਾਬ 'ਚ ਨਵਾਂ ਦਾਅ ਖੇਡਣ ਦੇ ਰੌਂਅ 'ਚ

**ਚੰਡੀਗੜ੍ਹ:** ਅਕਾਲੀ ਦਲ (ਬਾਦਲ) ਅਤੇ ਭਾਜਪਾ ਦਰਮਿਆਨ ਮੁੜ ਭਾਈਵਾਲੀ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ ਦੌਰਾਨ ਭਗਵਾ ਧਿਰ ਨਵਾਂ ਦਾਅ ਖੇਡਣ ਵਿਚ ਜੁਟ ਗਈ ਹੈ। ਭਾਜਪਾ ਨੇ ਅਕਾਲੀ ਦਲ ਉਤੇ ਦਬਾਅ ਵਧਾਉਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਹੈ।

ਕੌਮੀ ਜਮਹੂਰੀ ਮੋਰਚਾ (ਐਨ.ਡੀ.ਏ.) ਦੀ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਰਹੂਮ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸਤ ਦਾ ਵਾਰਿਸ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਦੱਸਣ ਪਿੱਛੋਂ ਪੰਜਾਬ ਦੀ ਲੀਡਰਸ਼ਿੱਪ ਵੀ ਟਕਸਾਲੀ ਆਗੂਆਂ ਨੂੰ ਸੁਖਬੀਰ ਦਾ ਸਾਥ ਛੱਡ ਕੇ ਭਾਜਪਾ ਦੇ ਹਮਾਇਤੀ ਅਕਾਲੀ ਧੜਿਆਂ ਨੂੰ ਸਮਰਥਨ ਦੀਆਂ ਸਲਾਹਾਂ ਦੇਣ ਲੱਗੀ ਹੈ। ਸੀਨੀਅਰ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੇ ਇਥੋਂ ਤੱਕ ਆਖ ਦਿੱਤਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਪਿੱਛੋਂ ਅਕਾਲੀ ਦਲ ਦਾ ਅਸਲ ਵਾਰਸ ਸੁਖਦੇਵ ਸਿੰਘ ਢੀਂਡਸਾ ਹੈ ਅਤੇ ਸੁਖਬੀਰ ਧੜੇ ਵਿਚ ਬਚੇ ਟਕਸਾਲੀ ਆਗੂਆਂ ਨੂੰ ਢੀਂਡਸਾ ਦਾ ਸਾਥ ਦੇਣਾ ਚਾਹੀਦਾ ਹੈ।

ਯਾਦ ਰਹੇ ਕਿ ਪਿਛਲੇ ਦਿਨੀਂ ਦੋਵਾਂ ਧਿਰਾਂ (ਅਕਾਲੀ ਦਲ-ਭਾਜਪਾ) ਨੇ ਨੇੜੇ ਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਪਰ ਸੀਟਾਂ ਦੀ ਵੰਡ ਨੂੰ ਲੈ ਕੇ ਤਾਣੀ ਉਲਝ ਗਈ ਸੀ। ਅਕਾਲੀ ਦਲ ਪਹਿਲਾਂ ਵਾਂਗ 'ਵੱਡੇ ਭਰਾ' ਵਜੋਂ ਗੱਠਜੋੜ ਦਾ ਹਿੱਸਾ ਬਣਨ ਦੀ ਇੱਛਾ ਰੱਖਦਾ ਹੈ ਪਰ ਭਾਜਪਾ ਅਕਾਲੀ ਦਲ ਦੀ ਮੌਜੂਦਾ ਹਾਲਤ ਨੂੰ ਅੱਗੇ ਰੱਖ ਕੇ ਉਸ ਦਾ ਵਜ਼ਨ ਤੋਲ ਰਹੀ ਹੈ। ਸਿਆਸੀ ਮਾਹਿਰ ਦਾ ਕਹਿਣਾ ਹੈ ਕਿ ਭਾਜਪਾ ਇਹ ਚੰਗੀ ਤਰ੍ਹਾਂ ਸਮਝਦੀ ਹੈ ਕਿ ਅਕਾਲੀ ਦਲ (ਬਾਦਲ) ਦਾ ਹੁਣ ਉਸ ਬਿਨਾਂ ਸਰਨ ਵਾਲਾ ਨਹੀਂ। ਇਸ ਲਈ ਸੁਖਬੀਰ ਦੀ ਅਗਵਾਈ ਨੂੰ ਚੁਣੌਤੀ ਦੇ ਕੇ ਦਬਾਅ ਬਣਾਇਆ ਜਾ ਰਿਹਾ ਹੈ। ਦਰਅਸਲ, ਪਾਰਟੀ ਅੰਦਰ ਸੁਖਬੀਰ ਦੀ ਅਗਵਾਈ ਨੂੰ ਲੈ ਕੇ ਪਹਿਲਾਂ ਹੀ ਬਾਗੀ ਸੁਰਾਂ ਤੇਜ਼ ਹੋ ਰਹੀਆਂ ਹਨ। ਵੱਡੀ ਗਿਣਤੀ ਟਕਸਾਲੀ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਗਏ ਹਨ। ਸੁਖਬੀਰ ਬਾਦਲ ਵੱਲੋਂ ਪਾਰਟੀ ਦੀ ਮਹਿਲਾ ਵਿੰਗ ਦੀ ਨਵੀਂ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਸਮੁੱਚਾ ਮਹਿਲਾ ਵਿੰਗ ਬਾਗੀ ਹੋ ਗਿਆ ਹੈ। ਮਹਿਲਾ ਆਗੂਆਂ ਦੀ ਬਗਾਵਤ ਤੋਂ ਬਾਅਦ ਸੁਖਦੇਵ ਸਿੰਘ ਢੀਂਡਸਾ ਵੀ ਅਕਾਲੀ ਦਲ ਦੇ ਹੋਰਨਾਂ ਆਗੂਆਂ ਨੂੰ ਜ਼ਮੀਰ ਮੁਤਾਬਕ ਫੈਸਲੇ ਲੈਣ ਦਾ ਹੋਕਾ ਦੇ ਰਹੇ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨਾਲ ਇਕ ਪੁਰਾਣੀ ਤਸਵੀਰ।

ਸੂਬੇ ਵਿਚ ਪੌਣੇ ਤਿੰਨ ਦਹਾਕਿਆਂ ਦੇ ਸਮੇਂ ਤੋਂ ਬਾਅਦ ਪਹਿਲੀ ਵਾਰੀ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੌਮੀ ਸਿਆਸਤ ਵਿਚ ਪੂਰੀ ਤਰ੍ਹਾਂ ਬੇਅਸਰ ਦਿਖਾਈ ਦੇ ਰਿਹਾ ਹੈ। ਸੁਖਬੀਰ ਵਾਲੇ ਅਕਾਲੀ ਦਲ ਦੀ ਹਾਲਤ ਹੁਣ ਇਹ ਹੈ ਕਿ ਇਸ ਨੂੰ ਨਾ ਤਾਂ ਕਾਂਗਰਸ ਦੀ ਅਗਵਾਈ ਵਾਲੇ 'ਇੰਡੀਆ' ਗੱਠਜੋੜ ਨੇ ਮੂੰਹ ਲਾਇਆ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਨੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨੇ ਨੇੜੇ ਲੱਗਣ ਦਿੱਤਾ। ਵਿਰੋਧੀ ਪਾਰਟੀਆਂ ਦੇ ਗੱਠਜੋੜ ਤੋਂ ਬਾਅਦ ਜਿਵੇਂ ਹੀ ਐਨ.ਡੀ.ਏ. ਦੇ ਰੁੱਸੇ ਭਾਈਵਾਲਾਂ ਨੂੰ ਮਨਾਉਣ ਦੀ ਕਵਾਇਦ ਸ਼ੁਰੂ ਕੀਤੀ ਤਾਂ ਅਕਾਲੀ ਆਗੂਆਂ ਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਸੀ ਕਿ ਪੁਰਾਣਾ ਭਾਈਵਾਲ ਇਕ ਵਾਰੀ ਮੁੜ ਗਿਲੇ ਸ਼ਿਕਵੇ ਭੁਲਾ ਕੇ ਉਸ ਨੂੰ ਗਲ ਲਾਵੇਗਾ ਪਰ ਹੋਇਆ ਇਸ ਦੇ ਉਲਟ; ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਰਾਬਤਾ ਕਾਇਮ ਕਰਕੇ ਐਨ.ਡੀ.ਏ. ਦੀ ਮੀਟਿੰਗ ਵਿਚ ਪੁੱਜਣ ਲਈ ਸੱਦਾ ਦਿੱਤਾ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਨੂੰ ਨਜ਼ਰਅੰਦਾਜ਼ ਕੀਤਾ ਹੈ, ਉਸ ਤੋਂ ਇਕ ਗੱਲ ਸਪੱਸ਼ਟ ਹੋ ਗਈ ਹੈ ਕਿ ਆਗਾਮੀ ਸੰਸਦੀ ਚੋਣਾਂ ਦੌਰਾਨ ਅਕਾਲੀਆਂ ਕੋਲ ਬਹੁਜਨ ਸਮਾਜ ਪਾਰਟੀ ਨਾਲ ਸਿਆਸੀ ਸਾਂਝ ਬਰਕਰਾਰ ਰੱਖਣ ਤੋਂ ਬਾਅਦ ਕੋਈ ਚਾਰਾ ਬਾਕੀ ਨਹੀਂ ਬਚਿਆ। ਅਕਾਲੀ ਦਲ ਨੂੰ ਸਪਸ਼ਟ ਸੁਨੇਹਾ ਮਿਲ ਗਿਆ ਹੈ ਕਿ ਜੇ ਭਾਜਪਾ ਦਾ ਭਾਈਵਾਲ ਬਣਨ ਹੈ ਤਾਂ ਉਸ ਦੀ ਭੂਮਿਕਾ ਛੋਟੇ ਭਰਾ ਵਾਲੀ ਹੋਵੇਗੀ।

## ਸੁਖਬੀਰ ਦੀ ਅਗਵਾਈ ਪਿੱਛੋਂ ਦਲ ਨੂੰ ਖੋਰਾ

**ਚੰਡੀਗੜ੍ਹ:** ਸੁਖਬੀਰ ਸਿੰਘ ਬਾਦਲ ਦੀ ਅਗਵਾਈ ਤੋਂ ਨਾਰਾਜ਼ ਕਈ ਕੱਦਾਵਰ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਅੰਦਰ ਬਗਾਵਤਾਂ ਦਾ ਅਮਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਸ਼ੁਰੂ ਹੋਇਆ ਸੀ। ਦਲ ਅੰਦਰ ਚੱਲ ਰਹੇ ਸੰਕਟ ਦੇ ਹੱਲ ਲਈ ਪਾਰਟੀ ਨੇ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਰਿਪੋਰਟ ਤਿਆਰ ਕੀਤੀ ਗਈ। ਇਸ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਤੌਰ 'ਤੇ ਅਕਾਲੀ ਦਲ ਦੇ ਵਰਕਰਾਂ ਨੇ ਪਾਰਟੀ ਦੀ ਲੀਡਰਸ਼ਿਪ ਖਾਸ ਕਰ ਬਾਦਲਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਇਆ ਸੀ। ਕਮੇਟੀ ਦੀ ਲੀਡਰਸ਼ਿਪ ਤਬਦੀਲੀ ਬਾਰੇ ਸਿਫਾਰਸ਼ ਨੂੰ ਹੇਠਲੇ ਪੱਧਰ ਤੱਕ ਹੀ ਲਾਗੂ ਕਰਕੇ ਸੁਖਬੀਰ ਦੀ ਕੁਰਸੀ ਬਚਾ ਲਈ ਗਈ।

ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਸਿਆਸੀ ਗੱਠਜੋੜ ਤੋੜਨ ਤੋਂ ਬਾਅਦ ਪਾਰਟੀ ਦਾ ਪੰਜਾਬ ਵਿਚ ਸਿਆਸੀ ਪ੍ਰਭਾਵ ਲਗਾਤਾਰ ਘਟ ਰਿਹਾ ਹੈ। 2022 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਦਾ ਵੋਟ ਬੈਂਕ ਘੱਟ ਕੇ 18 ਫੀਸਦੀ ਤੱਕ ਰਹਿ ਗਿਆ ਸੀ ਜਦੋਂ ਕਿ ਭਾਜਪਾ ਨੇ ਗੁਜ਼ਾਰੇ ਜੋਗੀਆਂ ਵੋਟਾਂ ਹਾਸਲ ਕਰਨ ਤੋਂ ਬਾਅਦ ਸੰਗਰੂਰ ਅਤੇ ਜਲੰਧਰ ਸੰਸਦੀ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਵੀ ਪ੍ਰਭਾਵਸ਼ਾਲੀ ਵੋਟ ਬੈਂਕ ਹਾਸਲ ਕੀਤਾ ਸੀ ਜਦੋਂ ਕਿ ਅਕਾਲੀਆਂ ਨੂੰ ਇਨ੍ਹਾਂ ਚੋਣਾਂ 'ਚ ਵੀ ਨਿਰਾਸ਼ਾ ਮਿਲੀ।

ਸ਼੍ਰੋਮਣੀ ਅਕਾਲੀ ਦਲ ਦੇ ਇਸ ਸਮੇਂ ਲੋਕ ਸਭਾ ਵਿਚ ਦੋ ਮੈਂਬਰ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਹਨ। ਇਸ ਪਾਰਟੀ ਦਾ ਰਾਜ ਸਭਾ ਵਿਚ ਕੋਈ ਮੈਂਬਰ ਨਹੀਂ। ਪੰਜਾਬ ਵਿਧਾਨ ਸਭਾ ਵਿਚ ਵੀ ਪਾਰਟੀ ਨੂੰ 3 ਸੀਟਾਂ ਨਾਲ ਹੀ ਸਬਰ ਕਰਨਾ ਪਿਆ ਸੀ। ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਦੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਹੋਈ ਇਤਿਹਾਸਕ ਤੇ ਨਮੋਸ਼ੀ ਭਰੀ ਹਾਰ ਤੋਂ ਬਾਅਦ ਨਿਘਾਰ ਦਾ ਅਮਲ ਜਾਰੀ ਰਹਿਣ ਕਾਰਨ ਸੁਖਬੀਰ ਬਾਦਲ ਦੀ ਪਾਰਟੀ ਉਪਰ ਪਕੜ ਹੋਰ ਵੀ ਘਟ ਸਕਦੀ ਹੈ। ਅਕਾਲੀ ਦਲ ਦੀਆਂ ਮਹਿਲਾ ਆਗੂਆਂ ਦੀ ਬਗਾਵਤ ਨੇ ਸੁਖਬੀਰ ਬਾਦਲ ਤੇ ਪਾਰਟੀ ਦੀਆਂ ਚੁਣੌਤੀਆਂ ਵਧਾ ਦਿੱਤੀਆਂ ਹਨ। ਪੰਜਾਬ ਦੀਆਂ ਬੀਬੀਆਂ ਨੂੰ ਦਿੱਲੀ ਇਕਾਈ ਦੀਆਂ ਬੀਬੀਆਂ ਦਾ ਵੀ ਸਾਥ ਮਿਲ ਗਿਆ। ਅਕਾਲੀ ਦਲ ਦੀ ਸੀਨੀਅਰ ਆਗੂ ਪਰਮਜੀਤ ਕੌਰ ਲਾਂਡਰਾ ਨੇ ਦਾਅਵਾ ਕੀਤਾ ਹੈ ਕਿ ਇਸਤਰੀ ਅਕਾਲੀ ਦਲ (ਦਿੱਲੀ ਸਟੇਟ) ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਬੀਬੀ ਰਣਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ਸੀ ਜਿਸ ਵਿਚ ਦਿੱਲੀ ਇਕਾਈ ਦੀ ਕੋਰ ਕਮੇਟੀ ਦੀਆਂ ਬੀਬੀਆਂ ਨੇ ਸ਼ਮੂਲੀਅਤ ਕੀਤੀ। ਪੰਜਾਬ ਦੀਆਂ ਮਹਿਲਾ

(ਬਾਕੀ ਸਫਾ 6 'ਤੇ)

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Buying Or Selling Home In Chicagoland And Suburbs ?
We Can Help You With
Buying
Selling
Investing
Managing
Call For More Info:
+1 847-322-5832
www.pradeepsinghrealtor.com
ishowhomes@yahoo.com
20 S Roselle Rd Schaumburg IL 60193
Pradeep Singh
Realtor (14 Years of Experience)

RAJVEER GILL
847-907-1525
Regal Jewels
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377
773-517-0574
www.Regaljewels.com

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਗਰਮੀਆਂ ਦੀ ਕਾਰ-ਸੇਵਾ ਹੋਈ

**ਸ਼ਿਕਾਗੋ:** ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਵਾਂਗ ਐਤਕੀਂ ਵੀ ਗਰਮੀਆਂ ਦੀ ਨਿਸ਼ਕਾਮ ਕਾਰ-ਸੇਵਾ ਲੰਘੀ 8 ਜੁਲਾਈ ਨੂੰ ਹੋਈ। ਗੁਰਦੁਆਰਾ ਸਾਹਿਬ ਵਿਖੇ ਸਵੇਰੇ 8 ਵਜੇ ਅਰਦਾਸ ਉਪਰੰਤ ਚੜ੍ਹਦੀਕਲਾ ਨਾਲ ਸ਼ੁਰੂ ਹੋਈ ਕਾਰਸੇਵਾ ਸਵੇਰ ਤੋਂ ਸ਼ਾਮ ਤੱਕ ਚੱਲੀ। ਇਸ ਕਾਰ ਸੇਵਾ ਵਿਚ ਹਰੇਕ ਉਮਰ ਵਰਗ ਦੇ 200 ਦੇ ਕਰੀਬ ਕਾਰਸੇਵਕਾਂ, ਜਿਨ੍ਹਾਂ ਵਿਚ ਸ਼ਿਕਾਗੋ-ਲੈਂਡ ਦੀ ਸੰਗਤ, ਗੁਰੂ ਘਰ





ਦੀਆਂ ਕਮੇਟੀਆਂ ਦੇ ਮੈਂਬਰ ਸ਼ਾਮਲ ਸਨ, ਨੇ ਆਪੋ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਇਆ।

ਕਾਰਸੇਵਾ ਵਾਸਤੇ 53 ਪੁਰਸ਼ਾਂ ਤੇ ਔਰਤਾਂ ਅਤੇ 24 ਵਿਦਿਆਰਥੀਆਂ ਨੇ ਨਾਮ ਦਰਜ ਕਰਵਾਏ ਸਨ ਤਾਂ ਕਿ ਉਨ੍ਹਾਂ ਨੂੰ ਕਾਰਸੇਵਾ ਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਦਾ ਪਤਾ ਲੱਗਦਾ ਰਹੇ ਅਤੇ ਉਹ ਆਪਣੀ ਸਮਰੱਥਾ ਅਨੁਸਾਰ ਸੇਵਾ ਵਿਚ ਯੋਗਦਾਨ ਪਾ ਸਕਣ। ਕਾਰਸੇਵਕ ਅਮਰਜੀਤ ਸਿੰਘ, ਬਲਦੇਵ ਸਿੰਘ ਗਿੱਲ, ਕੁਲਬੀਰ ਦਿਓਲ, ਕੁਲਜੀਤ ਸਿੰਘ ਭੰਗੂ, ਇਕਬਾਲ ਸਿੰਘ ਜੱਜ ਤੇ ਨਰਿੰਦਰ ਸਿੰਘ ਮਾਹਲ ਨੇ ਇਕ ਹਫ਼ਤਾ ਪਹਿਲਾਂ ਹੀ ਅੰਦਰ-ਬਾਹਰ ਦੀ ਸਫ਼ਾਈ ਦੇ ਸਾਮਾਨ ਤੇ ਸੰਦਾਂ ਦੀ ਤਿਆਰੀ ਤੇ ਕੰਮਾਂ ਦੀ ਸੂਚੀ ਅਨੁਸਾਰ ਜਥੇਦਾਰਾਂ, ਕੋਆਰਡੀਨੇਟਰਾਂ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ ਸਨ।

ਗੁਰਦੁਆਰੇ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਦੀ ਨਿਗਰਾਨੀ ਹੇਠ ਦੀਵਾਨ-ਹਾਲ, ਸੁਖ-ਆਸਣ, ਅਖੰਡ-ਪਾਠ, ਤੇ ਦੂਸਰੀ ਮੰਜ਼ਲ ਦੀ ਸਾਫ ਸਫ਼ਾਈ ਕੀਤੀ ਗਈ। ਭਾਈ ਕੇਹਰ ਸਿੰਘ, ਉਨ੍ਹਾਂ ਦੇ ਬੇਟੇ ਮਨਪ੍ਰੀਤ ਸਿੰਘ ਤੇ



ਕੰਪਨੀ ਨੇ ਹਮੇਸ਼ਾ ਵਾਂਗ ਕੂੜਾਦਾਨ ਦੇ ਡੱਬਿਆਂ, ਆਲੇ ਦੁਆਲੇ ਦੀ ਫਰਸ਼ ਅਤੇ ਨਿਸ਼ਾਨ ਸਾਹਿਬ ਦੇ



ਚੁਫੇਰੇ ਫਰਸ਼ ਦੀ ਸਫਾਈ ਕੀਤੀ।

ਕਾਰਸੇਵਾ ਦੇ ਕੋਆਰਡੀਨੇਟਰ ਅਮਰਜੀਤ ਸਿੰਘ ਅਤੇ ਤਿੰਨ ਸਹਾਇਕ ਨੌਜਵਾਨ ਕਾਰਸੇਵਕਾਂ ਨੇ ਗੁਰੂਘਰ ਦੀ ਇਮਾਰਤ ਦੇ ਅੰਦਰੋਂ ਤੇ ਬਾਹਰੋਂ ਸ਼ੀਸ਼ਿਆਂ ਦੀ ਸਾਫ ਸਫ਼ਾਈ ਕੀਤੀ ਅਤੇ ਬਾਹਰਲੀਆਂ ਦੀਵਾਰਾਂ ਤੋਂ ਜਾਲੇ ਉਤਾਰੇ। ਕਾਰਸੇਵਾ ਦੇ ਜਥੇਦਾਰ ਭਜਨ ਸਿੰਘ ਮਾਂਗਟ, ਇੰਦਰਜੀਤ ਸਿੰਘ ਸੇਖੋਂ, ਸੰਤੋਖ ਸਿੰਘ ਭਟਨੂਰਾ ਅਤੇ ਅਨੂਪ ਹੋਰਾਂ ਗੁਰੂ ਘਰ ਦੇ ਬਰਤਨਾਂ 'ਤੇ [illegible] ਨਾਮ ਖੁਣਿਆ। ਸ. ਮਾਂਗਟ ਨੇ ਸਟੀਲ ਦੀਆਂ 40 ਕੜਛੀਆਂ ਤੇ 500 ਛੋਟੀਆਂ ਪਲੇਟਾਂ ਦਾ ਗੁਰੂ ਘਰ ਦੀ ਰਸੋਈ ਵਿਚ ਯੋਗਦਾਨ ਪਾਇਆ।

ਗੁਰੂ ਘਰ ਦੀ ਮੁਰੰਮਤ ਦੇ ਸੇਵਾਦਾਰ ਮਹਾਬੀਰ ਸਿੰਘ ਬਰਾੜ ਵਲੋਂ ਗੁਰੂਘਰ ਦੀ ਅੰਦਰੋਂ ਸਫਾਈ ਕੀਤੀ ਗਈ ਅਤੇ ਭੋਲਾ ਸਿੰਘ ਵਲੋਂ ਗੁਰੂ ਘਰ ਦੇ ਬਾਹਰ ਬਲੋਅਰ ਨਾਲ ਚਾਰ ਚੁਫੇਰੇ ਸਫਾਈ ਕੀਤੀ। ਲਾਇਬਰੇਰੀ ਇੰਚਾਰਜ ਪ੍ਰੀਤੀ ਕੌਰ ਦੀ ਨਿਗਰਾਨੀ ਹੇਠ ਕੁਲਜੀਤ ਸਿੰਘ ਦੇ ਪਰਿਵਾਰ, ਤਨਦੀਪ ਸਿੰਘ, ਜੀਤੋ ਕੌਰ, ਕੁਲਵਿੰਦਰ ਕੌਰ, ਜਸਪ੍ਰੀਤ ਕੌਰ ਆਦਿ ਨੇ ਲਾਇਬਰੇਰੀ, ਏ ਵੀ ਰੂਮ, ਅਤੇ ਰੁਮਾਲਾ ਸਾਹਿਬ



ਵਾਲੇ ਕਮਰੇ ਦੀ ਸਾਫ਼ ਸਫ਼ਾਈ ਕੀਤੀ।

ਕਾਰਸੇਵਾ ਦੇ ਜਥੇਦਾਰ ਓਂਕਾਰ ਸਿੰਘ ਲਾਲਜੀ, ਤਰਲੋਚਨ ਸਿੰਘ ਢਿਲੋਂ ਵਲੋਂ ਪੱਛਮ ਵਲੋਂ ਦਾਖਲ ਹੋਣ ਵਾਲੇ ਦਰਵਾਜ਼ੇ ਨੂੰ ਪੂਰਾ ਖੋਲ੍ਹ ਕੇ ਮੁਰੰਮਤ ਕੀਤੀ ਗਈ, ਜਿਸ ਨਾਲ ਗੁਰੂ ਘਰ ਦੀ ਮਾਇਆ ਦੀ ਕਾਫੀ ਬੱਚਤ ਹੋਈ।

ਬਿਰਧ ਧਾਰਮਿਕ ਸਾਹਿਤ ਅਤੇ ਕੈਲੰਡਰ ਦਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਸਸਕਾਰ ਕੀਤਾ। ਕਾਰਸੇਵਾ ਦੇ ਜਥੇਦਾਰ ਕਰਮਬੀਰ ਸਿੰਘ ਢਿੱਲੋਂ ਤੇ ਉਨ੍ਹਾਂ ਦੀ ਟੀਮ ਕੁਲਵਿੰਦਰ ਸਿੰਘ ਚਾਹਲ, ਹਰਜਿੰਦਰ ਸਿੰਘ ਧਾਲੀਵਾਲ, ਭੁਪਿੰਦਰ ਸਿੰਘ ਅਟਵਾਲ, ਨਿਰਭੈ ਸਿੰਘ, ਸੁਖਮੰਦਰ ਸਿੰਘ ਗਿੱਲ ਪਰਮਿੰਦਰ ਸਿੰਘ ਮਾਂਗਟ, ਕੁਲਜੀਤ ਸਿੰਘ ਭੰਗੂ ਅਤੇ ਆਦਿ ਨੇ ਰੁੱਖਾਂ, ਪੌਦਿਆਂ ਦੇ ਤਣਿਆਂ ਆਦਿ ਦੀ ਸਾਫ ਸਫ਼ਾਈ, ਪੱਤਿਆਂ ਦੀ ਛੰਗਾਈ ਕੀਤੀ।

ਕਾਰਸੇਵਾ ਦੇ ਜਥੇਦਾਰ ਭਰਪੂਰ ਸਿੰਘ ਨੇ ਕਾਰ-ਸੇਵਕਾਂ ਨੂੰ ਚਾਹ-ਪਾਣੀ ਦੀ ਸੇਵਾ ਨਿਭਾਈ। ਸਤਨਾਮ ਸਿੰਘ ਗਿੱਲ, ਇਕਬਾਲ ਸਿੰਘ ਜੱਜ, ਅਜੀਤ ਸਿੰਘ, ਸਿਦਕ ਸਿੰਘ ਧਾਲੀਵਾਲ ਦੀ ਟੀਮ ਨੇ ਵੱਡੀ ਝੀਲ ਦੇ ਕਿਨਾਰਿਆਂ ਦੀ ਸਾਫ ਸਫਾਈ ਦੀ ਕੀਤੀ।

ਇਸੇ ਦੌਰਾਨ ਟੋਰਾਂਟੋ (ਕੈਨੇਡਾ) ਤੋਂ ਗੁਰੂ ਘਰ ਵਿਖੇ ਨਤ-ਮਸਤਕ ਹੋਣ ਆਏ ਰਵਿੰਦਰ ਸਿੰਘ ਗਿੱਲ, ਸਤਵਿੰਦਰ ਸਿੰਘ ਭੱਟੀ ਅਤੇ ਪ੍ਰਿਯੰਕਾ ਕੌਰ ਗੁਰੂ ਘਰ ਵਿਖੇ ਚੱਲ ਰਹੀ ਕਾਰਸੇਵਾ ਵਿਚ ਜੁਟ ਗਏ ਤੇ ਉਨ੍ਹਾਂ ਫੁੱਲਾਂ ਦੀਆਂ ਕਿਆਰੀਆਂ ਵਿੱਚੋਂ ਘਾਹ ਫੂਸ ਕੱਢ ਕੇ ਗੋਡੀ ਕੀਤੀ ਅਤੇ ਕਿਆਰੀਆਂ ਨੂੰ ਸੁਆਰਿਆ। ਪੀਜ਼ਾ-ਲੰਚ ਦੀ ਸੇਵਾ ਬਿਕਰਮ ਸਿੰਘ ਸਿੱਧੂ ਵਲੋਂ ਕੀਤੀ ਗਈ ਤੇ ਬੰਦੋਬਸਤ ਕਰਨ ਦੀ ਸੇਵਾ ਪਾਲ ਸਿੰਘ ਧਾਲੀਵਾਲ, ਤਰਲੋਚਨ ਸਿੰਘ ਗਿੱਲ ਵਲੋਂ ਨਿਭਾਈ ਗਈ। ਇਸ ਤੋਂ ਬਾਅਦ ਨਿਸ਼ਕਾਮ ਕਾਰਸੇਵਕਾਂ ਦੀ ਗਰੁੱਪ ਫੋਟੋ ਮਹਿੰਦਰਜੀਤ ਸਿੰਘ ਰਕਾਲਾ ਵਲੋਂ ਖਿੱਚੀ ਗਈ। ਮਗਰੋਂ ਕਾਰਸੇਵਕ ਇੰਦਰਮੋਹਨ ਸਿੰਘ ਛਾਬੜਾ ਅਤੇ ਸਤਵਿੰਦਰ ਸਿੰਘ ਭੱਟੀ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ।



ਪਾਲ ਸਿੰਘ ਧਾਲੀਵਾਲ ਤੇ ਇਕਬਾਲ ਸਿੰਘ ਜੱਜ ਨੇ ਸੰਦ ਅਤੇ ਮਸ਼ੀਨਾਂ ਤਿਆਰ ਕਰਕੇ ਕਾਰਸੇਵਕਾਂ ਨੂੰ ਮੌਕੇ 'ਤੇ ਦਿੱਤੀਆਂ। ਪਾਲ ਸਿੰਘ ਧਾਲੀਵਾਲ, ਤਰਲੋਚਨ ਸਿੰਘ ਗਿੱਲ ਤੇ ਰਜਿੰਦਰ ਸਿੰਘ ਬਾਸੀ ਨੇ ਕੱਪ ਪਲੇਟਾਂ ਦੇ ਡੱਬੇ ਵਰਕਸ਼ਾਪ ਤੋਂ 1050 ਡੀਅਰ ਐਵੀਨਿਊ ਵਿਚ ਬਦਲੀ ਕੀਤੇ। ਕਾਰਸੇਵਕਾਂ ਦੀ ਹਾਜ਼ਰੀ ਦੇ ਹਸਤਾਖਰ ਕਰਵਾਉਣ ਦੀ ਸੇਵਾ ਕਰਮਜੀਤ ਸਿੰਘ ਭਟਨੂਰਾ ਅਤੇ ਸਰਬਸੁਖਜੀਤ ਸਿੰਘ ਵਾਲੀਆ ਨੇ ਨਿਭਾਈ। ਸਫ਼ਾਈ ਦਾ ਸਾਮਾਨ ਦੇਣ ਲੈਣ ਦੀ ਸੇਵਾ ਕੁਲਬੀਰ ਸਿੰਘ ਦਿਓਲ ਤੇ ਨਰਿੰਦਰ ਸਿੰਘ ਮਾਹਲ ਨੇ ਨਿਭਾਈ।



ਕਾਰ-ਸੇਵਾ ਦੇ ਕਮਰੇ ਤੇ ਫਰਿਜ ਦੀ ਸਾਫ ਸਫਾਈ ਭਾਈ ਰਜਿੰਦਰ ਸਿੰਘ ਦੇ ਬੇਟੇ ਮਨਪ੍ਰਗਾਸ ਸਿੰਘ ਅਤੇ ਸੁਖਅੰਮ੍ਰਿਤ ਸਿੰਘ ਵਲੋਂ ਕੀਤੀ ਗਈ। ਸ਼ਾਮ ਦੀ ਚਾਹ ਤੇ ਪਕੌੜਿਆਂ ਦੀ ਸੇਵਾ ਗੁਰਜੀਤ ਸਿੰਘ ਖਾਲਸਾ ਤੇ ਪਰਿਵਾਰ ਵਲੋਂ ਅਖੀਰ ਤੱਕ ਚਲਦੀ ਰਹੀ। ਕਾਰ-ਸੇਵਕਾਂ ਅਨੁਸਾਰ ਕਾਰਸੇਵਾ ਦੇ ਉਲੀਕੇ ਹੋਏ ਕਾਰਜਾਂ ਦੀ 75 ਤੋਂ 80% ਪੂਰਤੀ ਹੋਈ ਹੈ। ਬਾਕੀ ਰਹਿ ਗਏ ਕੰਮ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਕੀਤੇ ਜਾਣਗੇ।

ਸ. ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਗੁਰੂ ਘਰ ਵਿਖੇ ਨਿਸ਼ਕਾਮ ਕਾਰ-ਸੇਵਾ ਸੰਨ 2008 ਤੋਂ ਚੱਲ ਰਹੀ ਹੈ। ਉਨ੍ਹਾਂ ਵਲੋਂ ਇਸ ਨੂੰ ਹੋਰ ਅੱਗੇ ਵਧਾਉਣ ਤੇ ਪੁਖ਼ਤਾ ਬਣਾਉਣ ਵਾਸਤੇ ਸਮੂਹ ਸਾਧ ਸੰਗਤ ਨੂੰ ਤਨ, ਮਨ ਤੇ ਧਨ ਨਾਲ ਸੇਵਾ ਕਰਨ ਦੀ ਅਪੀਲ ਕੀਤੀ। 2008 ਤੋਂ ਹੁਣ ਤੱਕ ਗੁਰੂ ਘਰ ਵਿਖੇ ਕਾਰਸੇਵਕ 700 ਦੇ ਕਰੀਬ ਫਲ, ਫੁਲਦਾਰ ਰੁੱਖ, ਅਤੇ ਸਦਾ ਬਹਾਰ ਪੌਦੇ ਲਾ ਚੁੱਕੇ ਹਨ ਅਤੇ 2023 ਵਿਚ ਹੁਣ ਤੱਕ 100 ਤੋਂ ਵੱਧ ਰੁੱਖ ਲਗਾਏ ਜਾ ਚੁੱਕੇ ਹਨ।

**ਕਰਤਾਰ ਗੱਡਾ:** ਕਾਰਸੇਵਾ ਦੇ ਜਥੇਦਾਰ ਓਂਕਾਰ ਸਿੰਘ ਢਿੱਲੋਂ ਵਲੋਂ ਕਰਤਾਰ ਗੱਡਾ ਤਿਆਰ ਕਰ ਕੇ ਕਰਤਾਰਪੁਰ ਵਿਖੇ ਜਗਤ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਕਈ ਸਾਲ ਪਹਿਲਾਂ ਕਾਰਸੇਵਕਾਂ ਤੇ ਸਾਧ ਸੰਗਤ ਨਾਲ ਸਾਂਝੀ ਕੀਤੀ ਸੀ। ਇਸ ਵਕਤ ਕਾਰਸੇਵਕਾਂ ਦਾ ਟੀਚਾ ਇਸ ਦੀ ਪੂਰੀ ਤਰ੍ਹਾਂ ਮੁਰੰਮਤ ਤੋਂ ਬਾਅਦ ਇਸ ਨੂੰ ਆਧਾਰ ਬਣਾ ਕੇ ਨਵੀਂ ਪੀੜ੍ਹੀ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਖੇ 18 ਸਾਲ ਦੀ ਸੱਚੀ ਸੁਚੀ, ਨੇਕ ਕਿਰਤ ਕਮਾਈ ਬਾਰੇ ਸੰਗਤਾਂ ਨੂੰ ਜਾਣੂ ਕਰਵਾਉਣਾ ਹੈ।

# ਸੰਸਾਰ ਧਰਮ ਸੰਸਦ ਸ਼ਿਕਾਗੋ ਵਿਚ 14 ਅਗਸਤ ਤੋਂ

**ਸ਼ਿਕਾਗੋ:** ਇੱਥੇ ਮੈਕਕੌਰਮਿਕ ਪਲੇਸ ਕਨਵੈਨਸ਼ਨ ਸੈਂਟਰ ਵਿਚ 14 ਤੋਂ 18 ਅਗਸਤ ਨੂੰ ਸੰਸਾਰ ਧਰਮ ਸੰਸਦ ਲਾਈ ਜਾ ਰਹੀ ਹੈ।

**ਮਿੱਡਵੈਸਟ ਦਾ ਸਿੱਖ ਭਾਈਚਾਰਾ ਵਧ-ਚੜ੍ਹ ਕੇ ਸ਼ਿਰਕਤ ਕਰੇਗਾ**

ਇਸੇ ਦੌਰਾਨ ਸ਼ਿਕਾਗੋ ਸਿਟੀ ਕੌਂਸਲ ਨੇ ਇਸ ਧਰਮ ਸੰਸਦ ਦੇ ਮਾਣ-ਸਨਮਾਨ ਵਿਚ ਅਗਸਤ ਮਹੀਨੇ ਨੂੰ ਸੰਸਾਰ ਧਰਮਾਂ ਦਾ ਮਹੀਨਾ ਐਲਾਨ ਦਿੱਤਾ ਹੈ।

ਇਸ ਧਰਮ ਸੰਸਦ ਵਿਚ ਮਿੱਡਵੈਸਟ ਦਾ ਸਿੱਖ ਭਾਈਚਾਰਾ ਵਧ-ਚੜ੍ਹ ਕੇ ਹਿੱਸਾ ਲੈ ਰਿਹਾ ਹੈ। ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ ਦੀ ਅਗਵਾਈ ਹੇਠ ਇਸ ਧਰਮ ਸੰਸਦ ਵਿਚ ਹਿੱਸਾ ਲੈਣ ਵਾਲੇ ਪੰਜ ਤੋਂ ਛੇ ਹਜ਼ਾਰ ਡੈਲੀਗੇਟਾਂ ਲਈ ਹਰ ਰੋਜ਼ ਲੰਗਰ ਦਾ ਪ੍ਰਬੰਧ ਕੀਤਾ ਜਾਵੇਗਾ। ਯਾਦ ਰਹੇ ਕਿ ਸਿੱਖ ਭਾਈਚਾਰੇ ਨੇ ਬਾਰਸੀਲੋਨਾ (ਸਪੇਨ, 2004), ਸਾਲਟ ਲੇਕ ਸਿਟੀ (ਊਟਾਹ, ਅਮਰੀਕਾ, 2015) ਅਤੇ ਟੋਰਾਂਟੋ (ਕੈਨੇਡਾ, 2018) ਵਿਚ ਵੀ ਇਹ ਸੇਵਾ ਨਿਭਾਈ ਸੀ।

ਮਿਲੀ ਜਾਣਕਾਰੀ ਅਨੁਸਾਰ ਇਸ ਸੰਸਾਰ ਧਰਮ ਸੰਸਦ ਵਿਚ ਖਲੀਲ ਸਯੇਗ, ਰੱਬੀ ਹਨਾਨ ਸ਼ਲੈਸਿੰਗਰ, ਖਾਲਿਦ ਅੱਬੂ ਅਵਦ, ਸ਼ੇਨ ਕਲੈਬਰਨ, ਕੈਰੇਨ ਫ੍ਰੀਮੈਨ-ਵਿਲਸਨ, ਅਤੇ ਬਾਬਾ ਵਾਂਡੇ ਅਬੀਮਬੋਲਾ ਸ਼ਿਰਕਤ ਕਰ ਰਹੇ ਹਨ। ਖਲੀਲ ਸਯੇਗ ਫਲਸਤੀਨੀ ਈਸਾਈ ਹਨ ਅਤੇ ਇਜ਼ਰਾਈਲ ਤੇ ਫਲਸਤੀਨ ਵਿਚਕਾਰ ਅਮਨ-ਸ਼ਾਂਤੀ ਲਈ ਲਗਾਤਾਰ ਕੰਮ ਕਰ ਰਹੇ ਹਨ। ਰੱਬੀ ਹਨਾਨ ਸ਼ਲੈਸਿੰਗਰ ਫਲਸਤੀਨੀ ਇਜ਼ਰਾਇਲੀ ਹਨ ਅਤੇ ਅਹਿੰਸਾ ਦੇ ਪ੍ਰਚਾਰਕ ਹਨ। ਖਾਲਿਦ ਅੱਬੂ ਅਵਦ ਫਲਸਤੀਨੀ ਹਨ ਅਤੇ ਅਹਿੰਸਾ ਤੇ ਕਾਇਆ-ਕਲਪ ਲਈ ਸਰਗਰਮ ਹਨ। ਕੈਰੇਨ ਫ੍ਰੀਮੈਨ-ਵਿਲਸਨ ਸ਼ਿਕਾਗੋ ਅਰਬਨ ਲੀਗ ਦੇ ਮੁਖੀ ਹਨ ਅਤੇ ਆਰਥਿਕ, ਵਿੱਦਿਆ ਤੇ ਸਮਾਜਿਕ ਵਿਕਾਸ ਦੇ ਖੇਤਰਾਂ ਲਈ ਕੰਮ ਕਰ ਰਹੇ ਹਨ। ਬਾਬਾ ਵਾਂਡੇ ਅਬੀਮਬੋਲਾ ਨਾਈਜੀਰੀਆ ਵਿਚ ਈਫਾ ਹੈਰੀਟੇਜ ਇੰਸਟੀਚਿਊਟ ਦੇ ਮੋਢੀ ਤੇ ਓਬਾਫੇਮੀ ਐਵੋਲੋਵੋ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਨ।

ਜ਼ਿਕਰਯੋਗ ਹੈ ਕਿ ਸੰਸਾਰ ਧਰਮ ਸੰਸਦ ਗਲੋਬਲ ਕੁਲੀਸ਼ਨ ਆਫ ਸਿਵਲ ਸੁਸਾਇਟੀ, ਇੰਡੀਜੀਨਸ ਪੀਪਲਜ਼, ਸੋਸ਼ਲ ਨਿਆਂ, ਮਨੁੱਖੀ ਅਧਿਕਾਰਾਂ, ਸਿਹਤਮੰਦ ਵਾਤਾਵਰਨ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ ਦੀ ਮੈਂਬਰ ਹੈ। ਹਾਲ ਹੀ ਵਿਚ ਇਸ ਨੂੰ ਸੰਯੁਕਤ ਰਾਸ਼ਟਰ ਦੇ ਮਾਨਵੀ ਹੱਕਾਂ ਲਈ ਇਨਾਮ ਨਾਲ ਨਵਾਜਿਆ ਗਿਆ ਹੈ। ਇਹ ਇਨਾਮ 10 ਦਸੰਬਰ ਨੂੰ ਨਿਊ ਯਾਰਕ ਵਿਚ ਦਿੱਤਾ ਜਾਵੇਗਾ।

ਸ਼ਿਕਾਗੋ ਸਿਟੀ ਕੌਂਸਲ ਦੇ ਮੇਅਰ ਬਰੈਂਡਸਨ ਜੌਹਨਸਨ ਨਾਲ ਮੀਟਿੰਗ ਦੌਰਾਨ ਸੰਸਾਰ ਧਰਮ ਸੰਸਦ ਬਾਰੇ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਕਾਰਡੀਨਲ (ਪਾਦਰੀ) ਬਲੇਸ ਕਿਊਪਿਸ਼, ਸਿੱਖ ਰਿਲੀਜੀਅਸ ਸੁਸਾਇਟੀ ਦੇ ਨੁਮਾਇੰਦੇ ਤੇ ਸੰਸਦ ਦੇ ਸਾਬਕਾ ਟਰਸਟੀ ਰਾਜਿੰਦਰ ਸਿੰਘ ਮਾਗੋ, ਸਟੇਟ ਨੁਮਾਇੰਦੇ ਲਾ ਸ਼ੌਨ ਫੋਰਡ, ਸੰਸਦ ਬੋਰਡ ਦੇ ਮੁਖੀ ਤੇ ਜੈਨੀ ਨਿਤਿਨ ਅਜਮੇਰਾ, ਸੰਸਦ ਦੇ ਕਾਰਜਕਾਰੀ ਡਾਇਰੈਕਟਰ ਰੇਵ. ਸਟੀਫਨ ਐਵੀਨੋ, ਸੰਸਦ ਦੇ ਟਰਸਟੀ ਤੇ 2023 ਸ਼ਿਕਾਗੋ ਸੰਸਦ ਦੇ ਹੋਸਟ ਬੌਬੀ ਰੱਸ਼, ਮਿਡਵੈਸਟ ਬੋਧੀ ਕੌਂਸਲ ਦੇ ਮੁਖੀ ਅਸਾਓ ਹੌਰਿਬ, ਮੰਤਰੀ ਨਿਕੋਲ ਕਾਟਰ, ਬਰਾਈਟ ਸਟਾਰ ਚਰਚ ਸ਼ਿਕਾਗੋ ਵੱਲੋਂ ਸਿਲਵੀਆ ਓਸਬਰਨ ਮੌਜੂਦ ਸਨ।

ਇਸ ਸੰਮੇਲਨ ਲਈ ਸਿੱਖ ਰਿਲੀਜੀਅਸ ਸੁਸਾਇਟੀ ਤੋਂ ਬੱਸ ਜਾਵੇਗੀ ਤੇ ਸੰਗਤ ਦੇ ਜਿਹੜੇ ਵੀ ਮੈਂਬਰ ਬੱਸ ਰਾਹੀਂ ਜਾਣਾ ਚਾਹੁੰਦੇ ਹਨ ਉਹ ਗੁਰਦੁਆਰਾ ਸਾਹਿਬ ਵਿਖੇ ਆਪਣੇ ਨਾਂ ਦਰਜ ਕਰਵਾ ਦੇਣ। ਸੀਟਾਂ ਸੀਮਿਤ ਹਨ।

# ਸੜਕ ਹਾਦਸੇ ਵਿਚ ਪੰਜਾਬੀ ਨੌਜਵਾਨ ਦੀ ਮੌਤ



**ਫਿਸ਼ਰਜ਼, ਇੰਡੀਅਨਐਪੋਲਿਸ:** ਸ਼ਨਿਚਰਵਾਰ 22 ਜੁਲਾਈ ਨੂੰ ਇੱਥੋਂ ਦੀ 116 ਸਟਰੀਟ ਦੇ ਇੰਟਰਸੈਕਸ਼ਨ 'ਤੇ ਮੋਟਰਸਾਈਕਲ ਅਤੇ ਫੋਰਡ ਟਰੱਕ ਵਿਚਕਾਰ ਹੋਈ ਟੱਕਰ ਦੌਰਾਨ 21 ਸਾਲਾ ਨੌਜਵਾਨ ਜਸਨੂਰ ਸਿੰਘ ਔਲਖ ਦੀ ਮੌਤ ਹੋ ਗਈ। ਉਹ ਮੂਲ ਰੂਪ ਵਿਚ ਪੰਜਾਬ ਦੇ ਕੁੱਪ ਪਿੰਡ ਨਾਲ ਸਬੰਧਤ ਸੀ ਅਤੇ ਆਪਣੀ ਮਾਤਾ ਅਤੇ ਛੋਟੇ ਭਰਾ ਨਾਲ ਪਿਛਲੇ ਕਈ ਸਾਲਾਂ ਤੋਂ ਇੱਥੇ ਰਹਿ ਰਿਹਾ ਸੀ। ਜਸਨੂਰ ਦੀ ਮੌਤ ਨਾਲ ਪੰਜਾਬੀ ਭਾਈਚਾਰਾ ਡੂੰਘੇ ਸਦਮੇ ਵਿਚ ਹੈ।

ਪੁਲਿਸ ਵਿਭਾਗ ਅਨੁਸਾਰ ਹਾਦਸੇ ਵਿਚ ਜ਼ਖਮੀ ਹੋਣ ਮਗਰੋਂ ਜਸਨੂਰ ਨੂੰ ਕਰੀਬੀ ਹਸਪਤਾਲ ਵਿਚ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਟਰੱਕ ਡਰਾਈਵਰ ਦੀ ਸ਼ਨਾਖਤ 48 ਸਾਲਾ ਕ੍ਰਿਸਟੀਨਾ ਸੱਟਨ ਵਜੋਂ ਹੋਈ ਹੈ, ਜੋ ਜਾਂਚ ਵਿਚ ਪੁਲਿਸ ਦੀ ਮਦਦ ਕਰ ਰਿਹਾ ਹੈ। ਪੁਲਿਸ ਮਾਮਲੇ ਦੀ ਜਾਂਚ ਵਿਚ ਜੁਟੀ ਹੋਈ ਹੈ।

ਜ਼ਿਕਰਯੋਗ ਹੈ ਕਿ ਜਸਨੂਰ ਦੇ ਪਿਤਾ ਜੀ ਭਾਰਤ ਵਿਚ ਹਨ ਤੇ ਪਰਿਵਾਰ ਵਲੋਂ ਉਨ੍ਹਾਂ ਦੇ ਅਮਰੀਕਾ ਆਉਣ ਦੀ ਉਡੀਕ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਜਸਨੂਰ ਦਾ ਸਸਕਾਰ ਕੀਤਾ ਜਾਵੇਗਾ।

# ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ

**ਸ਼ਿਕਾਗੋ:** ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਵਲੋਂ 6 ਅਗਸਤ, ਐਤਵਾਰ ਨੂੰ ਬੱਸੀ ਵੁਡਜ਼ ਨੰਬਰ 5, ਐਲਕ ਗਰੋਵ ਵਿਲੇਜ ਵਿਖੇ ਕਬੱਡੀ ਅਤੇ ਵਾਲੀਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ।





ਲਖਵੀਰ ਸਿੰਘ ਸਹੋਤਾ (ਪ੍ਰਧਾਨ) *ਸੰਤੋਖ ਸਿੰਘ ਘੁੰਮਣ (ਮੀਤ ਪ੍ਰਧਾਨ)*

ਕਲੱਬ ਦੇ ਪ੍ਰਧਾਨ ਲਖਵੀਰ ਸਿੰਘ ਸਹੋਤਾ ਤੇ ਮੀਤ ਪ੍ਰਧਾਨ ਸੰਤੋਖ ਸਿੰਘ ਘੁੰਮਣ ਨੇ ਦੱਸਿਆ ਕਿ ਕਬੱਡੀ ਕੱਪ ਦੀਆਂ ਤਿਆਰੀਆਂ ਲਗਪਗ ਮੁਕੰਮਲ ਹੋ ਗਈਆਂ ਹਨ ਤੇ ਮਿੱਡਵੈਸਟ ਦੇ ਲੋਕਾਂ ਵਿਚ ਇਸ ਕਬੱਡੀ ਕੱਪ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਜਿੱਥੇ ਕਬੱਡੀ ਦੀਆਂ ਟੀਮਾਂ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੀਆਂ ਉਥੇ ਹੀ ਮਸ਼ਹੂਰ ਪੰਜਾਬੀ ਗਾਇਕ ਜੈਜ਼ੀ ਬੀ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

ਸ. ਸਹੋਤਾ ਨੇ ਦੱਸਿਆ ਕਿ ਟੂਰਨਾਮੈਂਟ ਦੀ ਐਂਟਰੀ ਫਰੀ ਹੈ ਅਤੇ ਫਰੀ ਪਾਰਕਿੰਗ ਤੇ ਭੋਜਨ ਦਾ ਵੀ ਪ੍ਰਬੰਧ ਹੈ। ਪੈਲਾਟਾਈਨ ਸਾਹਿਬ ਗੁਰਦੁਆਰਾ ਤੋਂ ਹਰ ਅੱਧੇ ਘੰਟੇ ਬਾਅਦ ਸੰਗਤ ਨੂੰ ਲੈ ਕੇ ਬੱਸ ਖੇਡ ਮੈਦਾਨ 'ਚ ਪਹੁੰਚੇਗੀ। ਔਰਤਾਂ ਲਈ ਵੀ ਖਾਸ ਤੌਰ 'ਤੇ ਮੁਫਤ ਮਹਿੰਦੀ ਲਗਾਉਣ ਦਾ ਸਟਾਲ ਲਾਇਆ ਜਾਵੇਗਾ।

ਇਸ ਕਬੱਡੀ ਕੱਪ ਦੇ ਮੁੱਖ ਮਹਿਮਾਨ ਸ. ਦਰਸ਼ਨ ਸਿੰਘ ਧਾਲੀਵਾਲ ਤੇ ਸੁਰਜੀਤ ਸਿੰਘ ਰੱਖੜਾ ਅਤੇ ਵਿਸ਼ੇਸ਼ ਮਹਿਮਾਨ ਘੁਮਾਣ ਭਰਾ (ਹੈਰੀ ਘੁਮਾਣ ਅਤੇ ਅਮਰਵੀਰ ਘੁਮਾਣ) ਹਨ। ਕਲੱਬ ਦੇ ਸਾਰੇ ਮੈਂਬਰਾਂ ਨੂੰ ਵੱਡੀ ਗਿਣਤੀ ਲੋਕਾਂ ਦੇ ਇਸ ਕਬੱਡੀ ਟੂਰਨਾਮੈਂਟ ਵਿਚ ਪੁੱਜਣ ਦੀ ਆਸ ਹੈ।

ਵਧੇਰੇ ਜਾਣਕਾਰੀ ਲਈ ਇਨ੍ਹਾਂ ਨੰਬਰਾਂ 847-489-7773, 847-544-1788, 630-398-7052 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Change of Name

This is to certify that I Jaspal Singh Lubana son of Sewa Singh resident of village Jhanda Lubana P/o Bhaini Mian Khan, Distt: Gurdaspur, Pin 143517 Punjab, India, now living at 3545 Brentwood Avenue, Indianapolis 46235, have changed my name to Jaspal Singh. All concerned please note.

# Matrimonials

## ਲੜਕੀ ਦੀ ਲੋੜ ਹੈ

USA based Sharma family looking for a suitable match for their son, age 31, 5'9", currently based in Punjab, India. He has done C.Ped and D.Ped from Punjab university. Pure vegetarian, does not smoke, nor drink. He is very loyal and a loving person and looking forward for someone with similar interest. Girl should be from USA or Canada. Contact us at 248-579-3135 or e-mail: Sharmaabpreet@gmail.com

30-33

Wanted suitable match for Ivy League MBA Jatt Sikh divorced man, age 40, height 5'10" settled in the Bay Area (California). Homeowner and working as a Senior Product Manager in big tech. Moved from Chandigarh (India) to the US 12 years ago. Looking in the US only. Caste no bar. Please contact us @ dhillonravi1983@gmail.com or 408-859-5613.

30-33

Ramgarhia Sikh Family looking for a suitable match for their 29 years old, 5' 11" Boy. Education: B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Please Contact us at: (559) 702- 6844.

30-33

Ramgarhia Sikh Family looking for a suitable match for their 29 years old, 5' 11" Boy. B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Contact us at: (559) 702- 6844.

29-32

## ਲੜਕੇ ਦੀ ਲੋੜ ਹੈ

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.

30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com

29-32

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or e-mail at: pgrrealty@gmail.com

26-29

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com


SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency Call anytime at 847-673-3825



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available



UMA TRAVELS

2541 West Devon Ave., Chicago, IL 60659

For Delhi Amritsar-Bombay Ahmedabad, Hydrabad-Madra

Call For Special Sale Fares

Call: 773-338-5603

# ਮਨੀਪੁਰ 'ਚ ਹਿੰਸਾ ਅਤੇ ਔਰਤਾਂ ਨਾਲ ਬਦਸਲੂਕੀ ਦਾ ਮਾਮਲਾ ਭਖਿਆ



**ਨਵੀਂ ਦਿੱਲੀ:** ਮਨੀਪੁਰ 'ਚ ਹਿੰਸਾ ਅਤੇ ਔਰਤਾਂ ਨਾਲ ਬਦਸਲੂਕੀ ਦਾ ਮਾਮਲਾ ਭਖ ਗਿਆ ਹੈ। ਪੰਜਾਬ ਸਮੇਤ ਹੋਰ ਸੂਬਿਆਂ 'ਚ ਕਈ ਪਾਰਟੀਆਂ, ਜਥੇਬੰਦੀਆਂ ਅਤੇ ਆਮ ਲੋਕਾਂ ਵੱਲੋਂ ਮਨੀਪੁਰ ਦੀ ਖ਼ੌਫਨਾਕ ਘਟਨਾ ਦੇ ਵਿਰੋਧ 'ਚ ਪ੍ਰਦਰਸ਼ਨ ਕਰਦਿਆਂ ਮੋਮਬੱਤੀ ਮਾਰਚ ਕੱਢੇ ਗਏ। ਉਧਰ, ਹੁਕਮਰਾਨ ਭਾਜਪਾ ਅਤੇ ਵਿਰੋਧੀ ਧਿਰਾਂ ਵੱਲੋਂ ਬਣਾਈ ਗਈ ਨਵੀਂ ਜਥੇਬੰਦੀ 'ਇੰਡੀਆ' ਵੀ ਆਹਮੋ-ਸਾਹਮਣੇ ਆ ਗਏ ਹਨ। ਵਿਰੋਧੀ ਧਿਰਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸੰਸਦ 'ਚ ਮਨੀਪੁਰ ਮੁੱਦੇ 'ਤੇ ਚਰਚਾ ਕਰਵਾਈ ਜਾਵੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਿਆਨ ਦੇਣ।

ਭਾਜਪਾ ਰਾਜਸਥਾਨ, ਪੱਛਮੀ ਬੰਗਾਲ, ਬਿਹਾਰ ਅਤੇ ਹੋਰ ਗੈਰ-ਭਾਜਪਾਈ ਸੂਬਿਆਂ 'ਚ ਔਰਤਾਂ ਨਾਲ ਹੋ ਰਹੀ ਧੱਕੇਸ਼ਾਹੀ ਦੇ ਮੁੱਦੇ ਉਠਾ ਕੇ ਵਿਰੋਧੀ ਧਿਰਾਂ ਨੂੰ ਘੇਰਨ ਦੇ ਰੌਅ 'ਚ ਹੈ। ਭਾਜਪਾ ਨੇ ਸੰਸਦ ਪਰਿਸਰ 'ਚ ਮਹਾਤਮਾ ਗਾਂਧੀ ਦੇ ਬੁੱਤ ਅੱਗੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ ਜਿਸ 'ਚ ਪਾਰਟੀ ਦੇ ਸਾਰੇ ਸੰਸਦ ਮੈਂਬਰ ਅਤੇ ਕੇਂਦਰੀ ਮੰਤਰੀ ਵੀ ਹਾਜਰੀ ਭਰਨਗੇ। ਵਿਰੋਧੀ ਧਿਰਾਂ ਦੇ ਨਵੇਂ ਬਣੇ ਗੱਠਜੋੜ ਇੰਡੀਆ (ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਜ਼ਿਵ ਅਲਾਇੰਸ) ਦੇ ਆਗੂ ਵੀ ਭਾਜਪਾ ਨੂੰ ਘੇਰਨ ਦੀ ਰਣਨੀਤੀ ਬਣਾ ਰਹੇ ਹਨ। ਵਿਰੋਧੀ ਧਿਰਾਂ ਨੇ ਮਨੀਪੁਰ ਮੁੱਦੇ 'ਤੇ ਚਰਚਾ ਲਈ ਸੰਸਦ ਦੇ ਦੋਵੇਂ ਸਦਨਾਂ 'ਚ ਨੋਟਿਸ ਦਿੱਤੇ ਹੋਏ ਹਨ। ਲੋਕ ਸਭਾ 'ਚ ਨਿਯਮ 193 ਅਤੇ ਰਾਜ ਸਭਾ 'ਚ ਨਿਯਮ 176 ਅਤੇ 267 ਤਹਿਤ ਨੋਟਿਸ ਦਿੱਤੇ ਗਏ ਹਨ। ਸਰਕਾਰ ਨੇ ਲੋਕ ਸਭਾ ਅਤੇ ਰਾਜ ਸਭਾ 'ਚ ਮਨੀਪੁਰ ਮੁੱਦੇ ਉਪਰ ਚਰਚਾ 'ਤੇ ਸਹਿਮਤੀ ਜਤਾਈ ਹੈ।

ਮਨੀਪੁਰ 'ਚ ਜਾਤੀ ਆਧਾਰਿਤ ਹਿੰਸਾ ਕਾਰਨ ਸੰਸਦ ਦੇ ਮਾਨਸੂਨ ਸੈਸ਼ਨ 'ਚ ਜਾਰੀ ਖੜੋਤ ਵਿਚਾਲੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਵਿਰੋਧੀ ਧਿਰ ਨੂੰ ਹੱਥ ਜੋੜ ਕੇ ਅਪੀਲ ਕੀਤੀ ਕਿ ਉਹ ਇਸ ਮੁੱਦੇ 'ਤੇ ਚਰਚਾ 'ਚ ਸ਼ਾਮਲ ਹੋਵੇ। ਉਨ੍ਹਾਂ ਵਿਰੋਧੀ ਧਿਰ ਨੂੰ ਅਪੀਲ ਕੀਤੀ ਕਿ ਉਹ ਪੂਰਬ-ਉੱਤਰੀ ਰਾਜ 'ਚ ਮਹਿਲਾਵਾਂ ਖਿਲਾਫ ਜ਼ੁਲਮ 'ਤੇ ਸਿਆਸਤ ਨਾ ਕਰਨ। ਵਿਰੋਧੀ ਪਾਰਟੀਆਂ ਨੇ ਮਨੀਪੁਰ ਦੀ ਸਥਿਤੀ ਨੂੰ ਲੈ ਕੇ ਭਲਕੇ ਸੰਸਦ 'ਚ ਸਾਂਝੇ ਤੌਰ 'ਤੇ ਰੋਸ ਮੁਜ਼ਾਹਰੇ ਦੀ ਯੋਜਨਾ ਬਣਾਈ ਹੈ। ਵਿਰੋਧੀ ਧਿਰ ਮੰਗ ਕਰ ਰਹੀ ਹੈ ਕਿ ਸੰਸਦ 'ਚ ਮਨੀਪੁਰ ਦੇ ਮੁੱਦੇ 'ਤੇ ਚਰਚਾ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਿਆਨ ਦੇਣ ਜਦਕਿ ਸਰਕਾਰ ਜੋਰ ਦੇ ਰਹੀ ਹੈ ਕਿ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨਹੀਂ ਬਲਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਬੋਲਣਗੇ।

ਮਨੀਪੁਰ ਘਟਨਾ ਸਬੰਧੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖਿਆ ਹੈ। ਸੰਧਵਾਂ ਨੇ ਪੱਤਰ ਵਿਚ ਔਰਤਾਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਮਨੀਪੁਰ ਦੇ ਮੁੱਖ ਮੰਤਰੀ ਨੂੰ ਹਟਾਉਣ ਦੀ ਮੰਗ ਵੀ ਕੀਤੀ ਹੈ। ਸੰਧਵਾਂ ਨੇ ਲਿਖਿਆ ਕਿ ਮਨੀਪੁਰ ਹਿੰਸਾ ਲਈ ਉੱਥੇ ਦੇ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਉਹ ਔਰਤਾਂ ਵਿਰੁੱਧ ਹਿੰਸਾ ਦੇ ਇਸ ਘਿਨਾਉਣੇ ਕਾਰੇ ਨੂੰ ਰੋਕਣ ਵਿੱਚ ਅਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਮਨੀਪੁਰ 'ਚ ਸਰਕਾਰ ਨੂੰ ਬਰਖ਼ਾਸਤ ਕਰ ਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।


## ਪ੍ਰਧਾਨ ਮੰਤਰੀ ਮਨੀਪੁਰ ਬਾਰੇ ਬਿਆਨ ਦੇਣ: ਫਾਰੂਕ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਸਦ 'ਚ ਮਨੀਪੁਰ ਦੇ ਹਾਲਾਤ ਬਾਰੇ ਬਿਆਨ ਦੇਣਾ ਚਾਹੀਦਾ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਇਸ ਮਾਮਲੇ 'ਚ ਆਪਣੇ ਵਿਚਾਰ ਪ੍ਰਗਟਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ, 'ਸਾਰੀ ਦੁਨੀਆ ਮਨੀਪੁਰ ਬਾਰੇ ਗੱਲ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਇਸ ਮੁੱਦੇ 'ਤੇ ਟਿੱਪਣੀ ਕੀਤੀ ਹੈ ਅਤੇ ਬਹੁਤ ਸਖਤ ਸ਼ਬਦਾਂ ਦੀ ਵਰਤੋਂ ਕੀਤੀ ਪਰ ਉਨ੍ਹਾਂ ਨੂੰ ਇਸ ਬਾਰੇ ਸੰਸਦ 'ਚ ਬੋਲਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੂੰ ਵਿਰੋਧੀ ਪਾਰਟੀਆਂ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਉਮੀਦ ਹੈ ਕਿ ਸਾਨੂੰ ਸੰਸਦ 'ਚ ਇਸ ਮੁੱਦੇ 'ਤੇ ਚਰਚਾ ਕਰਨ ਦੀ ਇਜਾਜ਼ਤ ਮਿਲੇਗੀ।'

## ਮਨੀਪੁਰ ਕਾਂਡ ਨਾਲ ਦੇਸ਼ ਦੁਨੀਆ ਅੱਗੇ ਸ਼ਰਮਸਾਰ ਹੋਇਆ : ਵੜਿੰਗ

**ਲੁਧਿਆਣਾ:** ਪੰਜਾਬ ਕਾਂਗਰਸ ਨੇ ਸੱਤਿਆਗ੍ਰਹਿ ਦੌਰਾਨ ਮੌਨ ਵਰਤ ਰੱਖਿਆ। ਸੱਤਿਆਗ੍ਰਹਿ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਨਵਜੋਤ ਸਿੰਘ ਸਿੱਧੂ ਸਣੇ ਵਧੇਰੇ ਵੱਡੇ ਆਗੂ ਮੌਜੂਦ ਸਨ। ਸੱਤਿਆਗ੍ਰਹਿ ਦੌਰਾਨ ਆਗੂਆਂ ਨੇ ਰਾਹੁਲ ਗਾਂਧੀ 'ਤੇ ਦਰਜ ਹੋਏ ਕੇਸ ਤੇ ਮਨੀਪੁਰ ਵਿਚ ਹੋਈ ਘਟਨਾ ਖ਼ਿਲਾਫ਼ ਮੌਨ ਵਰਤ ਰੱਖਿਆ। ਇਸ ਦੌਰਾਨ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਦੀ ਸਰਕਾਰ ਨੂੰ ਤੁਰਤ ਬਰਖ਼ਾਸਤ ਕਰਕੇ ਦੋ ਲੜਕੀਆਂ ਨਾਲ ਵਹਿਸ਼ੀਆਨਾ ਕਾਰਾ ਕਰਨ ਵਾਲੇ ਮੁਲਜ਼ਮਾਂ ਨੂੰ ਸਖਤ ਸਜਾ ਦਿੱਤੀ ਜਾਵੇ।

## ਚੀਨ ਵੱਲੋਂ ਤਾਇਵਾਨ ਦੇ ਇਲਾਕੇ 'ਚ ਸ਼ਕਤੀ ਪ੍ਰਦਰਸ਼ਨ



**ਤੈਪੇਈ:** ਚੀਨ ਨੇ ਸ਼ਕਤੀ ਪ੍ਰਦਰਸ਼ਨ ਕਰਦਿਆਂ ਤਾਇਵਾਨ ਵੱਲ ਕਈ ਲੜਾਕੂ ਜਹਾਜ਼ ਭੇਜ ਦਿੱਤੇ। ਜ਼ਿਕਰਯੋਗ ਹੈ ਕਿ ਤਾਇਵਾਨ ਆਉਣ ਵਾਲੇ ਦਿਨਾਂ ਵਿਚ ਜੰਗੀ ਅਭਿਆਸ ਦੀ ਤਿਆਰੀ ਕਰ ਰਿਹਾ ਹੈ। ਇਹ ਅਭਿਆਸ ਟਾਪੂ ਮੁਲਕ ਵੱਲੋਂ ਆਪਣੀ ਰਾਖੀ ਖਾਤਰ ਕੀਤਾ ਜਾ ਰਿਹਾ ਹੈ ਤੇ ਕਿਸੇ ਵੀ ਤਰ੍ਹਾਂ ਦੀ ਘੁਸਪੈਠ ਨੂੰ ਰੋਕਣ ਵੱਲ ਸੇਧਿਤ ਹੈ। ਵੇਰਵਿਆਂ ਮੁਤਾਬਕ ਚੀਨ ਦੀ ਸੈਨਾ ਨੇ 37 ਹਵਾਈ ਜਹਾਜ਼ ਤੇ ਸੱਤ ਸਮੁੰਦਰੀ ਜਹਾਜ਼ ਤਾਇਵਾਨ ਵੱਲ ਭੇਜੇ ਹਨ। ਇਨ੍ਹਾਂ ਵਿਚ ਜੇ-10 ਤੇ ਜੇ-16 ਲੜਾਕੂ ਜਹਾਜ਼, ਐਚ-6 ਬੰਬਾਰ ਤੇ 22 ਹੋਰ ਜਹਾਜ਼ ਸ਼ਾਮਲ ਸਨ। ਇਨ੍ਹਾਂ ਤਾਇਵਾਨ ਦੇ ਸਮੁੰਦਰੀ ਖੇਤਰ ਨੂੰ ਪਾਰ ਕੀਤਾ ਹੈ। ਇਸ ਤੋਂ ਪਹਿਲਾਂ ਵੀ ਚੀਨ ਕਈ ਵਾਰ ਆਪਣੇ ਜੰਗੀ ਜਹਾਜ਼ਾਂ ਨੂੰ ਤਾਇਵਾਨ ਦੇ ਇਲਾਕਿਆਂ ਵਿਚ ਭੇਜ ਚੁੱਕਾ ਹੈ। ਕਈ ਅਮਰੀਕੀ ਆਗੂਆਂ ਦੇ ਤਾਇਵਾਨ ਦੌਰੇ ਦੌਰਾਨ ਵੀ ਚੀਨ ਨੇ ਸ਼ਕਤੀ ਪ੍ਰਦਰਸ਼ਨ ਕੀਤਾ ਹੈ।

# ਮਨੀਪੁਰ ਹਿੰਸਾ ਪੂਰੀ ਤਰ੍ਹਾਂ ਯੋਜਨਾਬੱਧ: ਫਿਓਨਾ ਬਰੂਸ



**ਇੰਗਲੈਂਡ:** ਮੀਡੀਆ ਰਿਪੋਰਟਾਂ ਅਨੁਸਾਰ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੀ ਵਿਸ਼ੇਸ਼ ਦੂਤ ਤੇ ਸੰਸਦ ਮੈਂਬਰ ਫਿਓਨਾ ਬਰੂਸ ਨੇ ਮਨੀਪੁਰ ਦਾ ਮੁੱਦਾ ਹਾਊਸ ਆਫ ਕਾਮਨਜ 'ਚ ਚੁੱਕਦਿਆਂ ਕਿਹਾ ਕਿ ਮਨੀਪੁਰ ਹਿੰਸਾ ਪਹਿਲਾਂ ਤੋਂ ਤੈਅ ਤੇ ਪੂਰੀ ਤਰ੍ਹਾਂ ਯੋਜਨਾਬੱਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਨੀਪੁਰ 'ਚ ਹੁਣ ਤੱਕ ਸੈਂਕੜੇ ਚਰਚ ਸਾੜੇ ਜਾ ਚੁੱਕੇ ਹਨ ਤੇ ਇਸ ਮੁੱਦੇ ਦੀ ਖੁੱਲ੍ਹ ਕੇ ਰਿਪੋਰਟਿੰਗ ਨਹੀਂ ਹੋ ਰਹੀ। ਉਨ੍ਹਾਂ ਬੀ.ਬੀ.ਸੀ. ਦੇ ਸਾਬਕਾ ਰਿਪੋਰਟਰ ਡੇਵਿਡ ਕੈਂਪਾਨੇਲ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਮਨੀਪੁਰ 'ਚ ਸੈਂਕੜੇ ਚਰਚ ਸਾੜੇ ਜਾਣ ਤੋਂ ਇਲਾਵਾ ਸੌ ਤੋਂ ਵੱਧ ਲੋਕ ਕਤਲ ਕੀਤੇ ਜਾ ਚੁੱਕੇ ਹਨ ਤੇ 50 ਹਜ਼ਾਰ ਤੋਂ ਵੱਧ ਲੋਕ ਬੇਘਰੇ ਹੋਏ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਤੇ ਮਦਰੱਸਿਆਂ ਨੂੰ ਵੀ ਮਿੱਥ ਕੇ ਤੇ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਦੌਰਾਨ ਚਰਚ ਕਮਿਸ਼ਨਰਜ ਦੇ ਨੁਮਾਇੰਦੇ ਤੇ ਸੰਸਦ ਮੈਂਬਰ ਐਂਡ੍ਰਿਊ ਸੇਲੌਸ ਨੇ ਕਿਹਾ ਕਿ ਇਹ ਰਿਪੋਰਟ ਆਰਚਬਿਸ਼ਪ ਦੇ ਧਿਆਨ 'ਚ ਲਿਆਂਦੀ ਜਾਵੇਗੀ।

## ਮਨੀਪੁਰ ਵਿਚ ਵਾਪਰੀ ਘਟਨਾ ਵਹਿਸ਼ੀਆਨਾ ਅਤੇ ਖ਼ੌਫਨਾਕ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਦੇ ਉੱਤਰ-ਪੂਰਬੀ ਸੂਬੇ ਮਨੀਪੁਰ 'ਚ ਦੋ ਮਹਿਲਾਵਾਂ ਦੀ ਨਗਨ ਪਰੇਡ ਦੀ ਵਾਇਰਲ ਹੋਈ ਵੀਡੀਓ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸ ਘਟਨਾ ਨੂੰ ਭਿਆਨਕ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਮਨੀਪੁਰ 'ਚ ਦੋ ਮਹਿਲਾਵਾਂ ਦੀ ਨਗਨ ਪਰੇਡ ਦੀ ਘਟਨਾ ਦੋ ਮਹੀਨੇ ਪਹਿਲਾ ਵਾਪਰੀ ਸੀ ਪਰ ਪਿਛਲੇ ਹਫਤੇ ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਇਹ ਕੌਮੀ ਤੇ ਕੌਮਾਂਤਰੀ ਮਸਲਾ ਬਣ ਗਿਆ ਹੈ। ਪੁਲਿਸ ਨੇ ਇਸ ਮਾਮਲੇ 'ਚ ਕੁਝ ਗ੍ਰਿਫਤਾਰੀਆਂ ਵੀ ਕੀਤੀਆਂ ਹਨ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਇਸ ਘਟਨਾ ਨੂੰ 'ਵਹਿਸ਼ੀਆਨਾ' ਤੇ 'ਖ਼ੌਫਨਾਕ' ਕਰਾਰ ਦਿੰਦਿਆਂ ਪੀੜਤਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਟਮਾਟਰਾਂ ਨਾਲ ਭਰਿਆ ਟਰੱਕ ਲੁੱਟਣ ਦੇ ਦੋਸ਼ ਹੇਠ ਜੋੜਾ ਗ੍ਰਿਫਤਾਰ



**ਬੰਗਲੂਰੂ:** ਬੰਗਲੂਰੂ ਵਿਚ 2.5 ਟਨ (25 ਕੁਇੰਟਲ) ਟਮਾਟਰਾਂ ਨਾਲ ਭਰੇ ਇਕ ਟਰੱਕ ਨੂੰ ਲੁੱਟਣ ਦੇ ਦੋਸ਼ ਹੇਠ ਤਾਮਿਲਨਾਡੂ ਦੇ ਇਕ ਜੋੜੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਵੈਲੋਰ ਦਾ ਵਸਨੀਕ ਜੋੜਾ ਕੌਮੀ ਸ਼ਾਹਰਾਹ 'ਤੇ ਲੁੱਟ-ਖੋਹ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਗਰੋਹ ਦਾ ਮੈਂਬਰ ਹੈ ਅਤੇ ਉਸ ਨੇ ਅੱਠ ਜੁਲਾਈ ਨੂੰ ਚਿਤਰਦੁਰਗ ਜ਼ਿਲ੍ਹੇ ਦੇ ਚਿੱਕਾਜਾਲਾ ਵਿਚ ਹਿਰੀਯੂਰ ਦੇ ਇਕ ਕਿਸਾਨ ਮਲੇਸ਼ ਨੂੰ ਰੋਕਿਆ ਅਤੇ ਇਹ ਦਾਅਵਾ ਕਰਦਿਆਂ ਉਸ ਤੋਂ ਪੈਸੇ ਵਸੂਲਣ ਦੀ ਕੋਸ਼ਿਸ਼ ਕੀਤੀ ਕਿ ਉਸ ਦੇ ਟਰੱਕ ਨੇ ਉਨ੍ਹਾਂ ਦੀ ਗੱਡੀ ਨੂੰ ਟੱਕਰ ਮਾਰੀ ਹੈ। ਜਦੋਂ ਮਲੇਸ਼ ਨੇ ਪੈਸੇ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਜੋੜਾ ਕੁੱਟਮਾਰ ਕਰਨ ਮਗਰੋਂ 2.5 ਟਨ ਟਮਾਟਰਾਂ ਨਾਲ ਭਰਿਆ ਟਰੱਕ ਲੈ ਕੇ ਫਰਾਰ ਹੋ ਗਿਆ। ਪੁਲਿਸ ਨੇ ਭਾਸਕਰ (28) ਅਤੇ ਉਸ ਦੀ ਪਤਨੀ ਸਿੰਧੂਜਾ (26) ਨੂੰ ਗ੍ਰਿਫਤਾਰ ਕੀਤਾ, ਜਦਕਿ ਉਨ੍ਹਾਂ ਦੇ ਤਿੰਨ ਹੋਰ ਸਾਥੀ ਅਜੇ ਫਰਾਰ ਹਨ।

# ਭਾਰਤ-ਅਮਰੀਕਾ ਸਬੰਧ ਮਜ਼ਬੂਤ ਹੋਏ: ਵ੍ਹਾਈਟ ਹਾਊਸ



**ਸ਼ਿੰਗਟਨ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਦੀ ਕੀਤੀ ਗਈ ਇਤਿਹਾਸਕ ਫੇਰੀ ਦੇ ਇਕ ਮਹੀਨੇ ਬਾਅਦ ਅਮਰੀਕਾ ਦੇ ਸੰਸਦ ਮੈਂਬਰਾਂ ਤੇ ਅਮਰੀਕੀ ਰਾਸ਼ਟਰਪਤੀ ਦੇ ਦਫਤਰ ਵ੍ਹਾਈਟ ਹਾਊਸ ਨੇ ਬਿਆਨ ਜਾਰੀ ਕੀਤਾ ਕਿ ਭਾਰਤ ਤੇ ਅਮਰੀਕਾ ਦੇ ਸਬੰਧ ਪਹਿਲਾਂ ਤੋਂ ਜ਼ਿਆਦਾ ਮਜ਼ਬੂਤ ਹੋਏ ਹਨ। ਸੰਸਦ ਮੈਂਬਰਾਂ ਤੇ ਅਧਿਕਾਰੀਆਂ ਨੇ ਵ੍ਹਾਈਟ ਹਾਊਸ ਦੇ ਲਾਅਨ ਵਿਚ 21 ਜੂਨ ਨੂੰ 8 ਹਜ਼ਾਰ ਤੋਂ ਵੱਧ ਭਾਰਤੀ-ਅਮਰੀਕੀਆਂ ਦੀ ਮੌਜੂਦਗੀ ਅਤੇ ਅਮਰੀਕਾ ਦੀ ਸੰਸਦ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਅਹਿਮ ਸੰਬੋਧਨ ਨੂੰ ਸਰਾਹਿਆ। ਉਨ੍ਹਾਂ ਨੇ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵਿਚਾਲੇ ਮੁਲਾਕਾਤ ਤੋਂ ਬਾਅਦ ਜਾਰੀ ਕੀਤੇ ਸਾਂਝੇ ਬਿਆਨ ਵਿਚ ਦੋਹਾਂ ਦੇਸ਼ਾਂ ਦੇ ਸਬੰਧਾਂ ਦੇ ਅਹਿਮ ਪਹਿਲੂਆਂ (ਤੱਥਾਂ) ਬਾਰੇ ਵੀ ਗੱਲ ਕੀਤੀ।

ਅਮਰੀਕੀ ਸੈਨੇਟ ਵਿਚ ਬਹੁਮਤ ਦੇ ਨੇਤਾ ਸੈਨੇਟਰ ਚਕ ਸ਼ੂਮਰ ਨੇ ਕਿਹਾ, ''ਮੈਂ ਉਨ੍ਹਾਂ (ਪ੍ਰਧਾਨ ਮੰਤਰੀ ਮੋਦੀ) ਨੂੰ ਪਸੰਦ ਕਰਦਾ ਹਾਂ।' ਜ਼ਿਕਰਯੋਗ ਹੈ ਕਿ ਸ਼ੂਮਰ ਤੇ ਕਈ ਹੋਰ ਸੰਸਦ ਮੈਂਬਰ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਕਰਵਾਏ ਸਾਲਾਨਾ 'ਕਾਂਗਰਸ ਪਿਕਨਿਕ' ਲਈ ਵ੍ਹਾਈਟ ਹਾਊਸ ਦੇ ਲਾਅਨ ਵਿਚ ਇਕੱਠੇ ਹੋਏ ਸਨ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰਿਨ ਜੀਨ-ਪੀਅਰੇ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ, ''ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਸਫਲ ਤੇ ਮਹੱਤਵਪੂਰਨ ਸੀ। ਭਾਰਤ ਨਾਲ ਸਬੰਧ ਪਹਿਲਾਂ ਨਾਲੋਂ ਕਿਤੇ ਵੱਧ ਮਜ਼ਬੂਤ ਹੋਏ ਹਨ ਅਤੇ ਜਿਵੇਂ ਕਿ ਅਸੀਂ ਜਾਣਦੇ ਹਾਂ, ਅਸੀਂ ਕਈ ਅਹਿਮ ਟੀਚਿਆਂ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚੋਂ ਕਈਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਅਮਰੀਕੀ ਕਾਂਗਰਸ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਨ ਦੀ ਕਾਰਵਾਈ ਦੀ ਅਗਵਾਈ ਕਰਨ ਵਾਲੇ 'ਇੰਡੀਆ ਕਾਕਸ' ਦੇ ਸਹਿ-ਅਧਿਕਾਰੀ ਰੋਅ ਖੰਨਾ ਨੇ ਦੱਸਿਆ ਕਿ ਰੱਖਿਆ, ਅਰਥਵਿਵਸਥਾ ਤੇ ਤਕਨੀਕੀ ਖੇਤਰਾਂ ਵਿਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਪ੍ਰਧਾਨ ਮੰਤਰੀ ਦੀ ਯਾਤਰਾ ਦਾ ਮੁੱਖ ਮੰਤਵ ਸੀ।

# *ਸੁਸ਼ੀਲ ਰਿੰਕੂ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ*



**ਨਵੀਂ ਦਿੱਲੀ:** ਲੋਕ ਸਭਾ ਹਲਕਾ ਜਲੰਧਰ ਤੋਂ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਬਾਅਦ ਸੁਸ਼ੀਲ ਕੁਮਾਰ ਰਿੰਕੂ ਨੇ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਸ੍ਰੀ ਕੇਜਰੀਵਾਲ ਨੇ ਸੁਸ਼ੀਲ ਰਿੰਕੂ ਨੂੰ ਭਾਰਤੀ ਲੋਕਤੰਤਰ ਦੀ ਸਰਵਉੱਚ ਸੰਸਥਾ ਵਿਚ ਸ਼ਾਮਲ ਹੋਣ ਲਈ ਵਧਾਈ ਦਿੱਤੀ ਅਤੇ ਕਾਮਨਾ ਕੀਤੀ ਕਿ ਉਹ ਲੋਕ ਸਭਾ ਵਿਚ ਪੰਜਾਬੀਆਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਅਹਿਮ ਮਸਲੇ ਚੁੱਕਣਗੇ। ਇਸ ਤੋਂ ਪਹਿਲਾਂ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕੇਜਰੀਵਾਲ ਨੂੰ ਗੁਲਦਸਤਾ ਭੇਟ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਆਪਣੇ ਹਲਕੇ ਵਿਚ ਪੰਜਾਬ ਸਰਕਾਰ ਦੇ ਲੋਕ ਪੱਖੀ ਅਤੇ ਭਲਾਈ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਠੋਸ ਉਪਰਾਲੇ ਕਰਨਗੇ। ਉਨ੍ਹਾਂ ਕਿਹਾ ਕਿ ਕਈ ਕੌਮੀ ਮੁੱਦੇ ਹਨ, ਜਿਨ੍ਹਾਂ ਨੂੰ ਲੋਕ ਸਭਾ ਵਿਚ ਉਠਾਉਣ ਦੀ ਲੋੜ ਹੈ ਤਾਂ ਜੋ ਉੱਥੇ ਨੀਤੀਗਤ ਨਜ਼ਰੀਏ ਤੋਂ ਅਹਿਮ ਫੈਸਲੇ ਲਏ ਜਾ ਸਕਣ।

ਸ੍ਰੀ ਰਿੰਕੂ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਨੂੰ ਵਿਕਾਸ ਦੇ ਰਾਹ 'ਤੇ ਹੋਰ ਅੱਗੇ ਲਿਜਾਣ ਲਈ ਮੋਹਰੀ ਪਹਿਲਕਦਮੀਆਂ ਕੀਤੀਆਂ ਹਨ। ਉਹ ਆਪਣੇ ਹਲਕੇ ਵਿਚ ਇਨ੍ਹਾਂ ਭਲਾਈ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਹਨ।

# ‘ਇੰਡੀਆ’ ਵਿਚ ‘ਆਪ’ ਦੀ ਹਾਜ਼ਰੀ ਨੇ ਪੰਜਾਬ ਕਾਂਗਰਸ ਦੇ ਆਗੂ ਸੋਚੀਂ ਪਾਏ

**ਚੰਡੀਗੜ੍ਹ:** ਦਿੱਲੀ ਵਿਚ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਕੇਂਦਰੀ ਆਰਡੀਨੈਂਸ ਦਾ ਵਿਰੋਧ ਕੀਤੇ ਜਾਣ ਦੇ ਕਾਂਗਰਸ ਹਾਈ ਕਮਾਨ ਦੇ ਫੈਸਲੇ ‘ਤੇ 26 ਵਿਰੋਧੀ ਪਾਰਟੀਆਂ ਦੀ ਸ਼ਮੂਲੀਅਤ ਵਾਲੇ ਗੱਠਜੋੜ ‘ਇੰਡੀਆ’ ਵਿਚ ‘ਆਪ‘ ਦੀ ਹਾਜ਼ਰੀ ਨਾਲ ਪੰਜਾਬ ਕਾਂਗਰਸ ਦੇ ਆਗੂ ਸੋਚੀਂ ਪੈ ਗਏ ਹਨ।

ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਧਾਨ ਸਭਾ ‘ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿਚ ਸਮੁੱਚੇ ਸਿਆਸੀ ਘਟਨਾਕ੍ਰਮ ਦੀ ਸਮੀਖਿਆ ਅਤੇ ਚਰਚਾ ਕੀਤੀ ਗਈ। ਸੀਨੀਅਰ ਪਾਰਟੀ ਆਗੂਆਂ ਨੇ ਵੜਿੰਗ ਅਤੇ ਬਾਜਵਾ ਨੂੰ ਸਲਾਹ ਦਿੱਤੀ ਕਿ ਨਵੇਂ ਗੱਠਜੋੜ ‘ਇੰਡੀਆ’ ਵਿਚ ਆਮ ਆਦਮੀ ਪਾਰਟੀ ਦੀ ਭਵਿੱਖੀ ਭੂਮਿਕਾ ਅਤੇ ਆਰਡੀਨੈਂਸ ਦੇ ਵਿਰੋਧ ਦੀ ਰਣਨੀਤੀ ਬਾਰੇ ਵਿਆਪਕ ਚਰਚਾ ਕੀਤੀ ਜਾਵੇ ਤੇ ਉਸ ਤੋਂ ਬਾਅਦ ਹੀ ਪੰਜਾਬ ਕਾਂਗਰਸ ਕੋਈ ਫੈਸਲਾ ਲਏ। ਮੀਟਿੰਗ ਵਿਚ ਸੁਖਜਿੰਦਰ ਸਿੰਘ ਰੰਧਾਵਾ, ਬ੍ਰਹਮ ਮਹਿੰਦਰਾ, ਭਾਰਤ ਭੂਸ਼ਨ ਆਸ਼ੂ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਰਾਣਾ ਕੇ.ਪੀ. ਸਿੰਘ, ਅਰੁਣਾ ਚੌਧਰੀ ਅਤੇ ਗੁਰਕੀਰਤ ਸਿੰਘ ਕੋਟਲੀ ਸਮੇਤ ਕਈ ਕਾਂਗਰਸੀ ਆਗੂਆਂ ਨੇ ਸ਼ਮੂਲੀਅਤ ਕੀਤੀ।



ਸੂਤਰਾਂ ਮੁਤਾਬਕ ਪੰਜਾਬ ਦੇ ਕਾਂਗਰਸੀ ਇਸ ਗੱਲੋਂ ਹੈਰਾਨ ਹਨ ਕਿ ਪਾਰਟੀ ਹਾਈ ਕਮਾਨ ਨੇ ਕੇਂਦਰੀ ਆਰਡੀਨੈਂਸ ਦਾ ਵਿਰੋਧ ਕਰਕੇ ਅਸਿੱਧੇ ਤੌਰ ‘ਤੇ ਆਮ ਆਦਮੀ ਪਾਰਟੀ ਦੇ ਇਸ ਪ੍ਰਮੁੱਖ ਏਜੰਡੇ ਦੀ ਹਮਾਇਤ ਕੀਤੀ ਹੈ ਤੇ ਅਜਿਹਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਆਗੂਆਂ ਨੇ ਕਿਹਾ ਕਿ ਹਾਲ ਦੀ ਘੜੀ ਇਹੀ ਜਾਪਦਾ ਹੈ ਕਿ ਪਾਰਟੀ ਹਾਈ ਕਮਾਨ ਨੇ ਸਿਰਫ਼ ਸੰਸਦ ਵਿਚ ਆਰਡੀਨੈਂਸ ਦੇ ਵਿਰੋਧ ਦਾ ਫੈਸਲਾ ਕੀਤਾ ਹੈ ਤੇ ਕਾਂਗਰਸ ਦੇ ਇਸ ਫੈਸਲੇ ਤੋਂ ਖ਼ੁਸ਼ ਹੋ ਕੇ ਅਰਵਿੰਦ ਕੇਜਰੀਵਾਲ ਬੰਗਲੂਰੂ ਵਿਚ ਹੋਈ ਵਿਰੋਧੀ ਧਿਰਾਂ ਦੀ ਮੀਟਿੰਗ ਵਿਚ ਸ਼ਮੂਲੀਅਤ ਲਈ ਮੰਨ ਗਏ। ਕਾਂਗਰਸ ਦੇ ਸੀਨੀਅਰ ਆਗੂ ਨੇ ਦੱਸਿਆ ਕਿ ਪੰਜਾਬ ਕਾਂਗਰਸ ਵੱਲੋਂ ਪਾਰਟੀ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ, ਮੌਜੂਦਾ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਕੇ.ਸੀ.ਵੇਣੂਗੋਪਾਲ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ‘ਆਪ‘ ਦੀ ਹਮਾਇਤ ਪੰਜਾਬ ਵਿਚ ਪਾਰਟੀ ਨੂੰ ਭਾਰੀ ਪੈ ਸਕਦੀ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਦੇ ਤਿੰਨ ਮੰਤਰੀਆਂ ਸਮੇਤ ਦਰਜਨ ਦੇ ਕਰੀਬ ਆਗੂਆਂ ਨੂੰ ਭ੍ਰਿਸ਼ਟਾਚਾਰ ਅਤੇ ਹੋਰਨਾਂ ਮਾਮਲਿਆਂ ਵਿਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਕਾਂਗਰਸ ਦੇ ਦੋ ਦਰਜਨ ਦੇ ਕਰੀਬ ਆਗੂਆਂ ਖਿਲਾਫ਼ ਇਸ ਸਮੇਂ ਵਿਜੀਲੈਂਸ ਦੀ ਜਾਂਚ ਚੱਲ ਰਹੀ ਹੈ।

ਪੰਜਾਬ ਦੇ ਕਾਂਗਰਸੀ ਆਗੂਆਂ ਦਾ ਮੰਨਣਾ ਹੈ ਕਿ ਜੇਕਰ ਪੰਜਾਬ ਸਰਕਾਰ ਦੀ ਪ੍ਰਮੁੱਖ ਜਾਂਚ ਏਜੰਸੀ ਵਿਜੀਲੈਂਸ ਵੱਲੋਂ ਉਨ੍ਹਾਂ ਦੇ ਪਾਰਟੀ ਆਗੂਆਂ ਖਿਲਾਫ਼ ਮੁਹਿੰਮ ਜਾਰੀ ਰੱਖੀ ਗਈ ਤਾਂ ਆਉਂਦੀਆਂ ਸੰਸਦੀ ਚੋਣਾਂ ਦੌਰਾਨ ਪਾਰਟੀ ਨੂੰ ਭਾਰੀ ਸਿਆਸੀ ਨੁਕਸਾਨ ਹੋਵੇਗਾ। ਇਸੇ ਦੌਰਾਨ ਜੇਕਰ ‘ਆਪ’ ਦਾ ਕਾਂਗਰਸ ਨਾਲ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਗੱਠਜੋੜ ਹੁੰਦਾ ਵੀ ਹੈ ਤਾਂ ਵੀ ਕਾਂਗਰਸ ਨੂੰ ਸਿਆਸੀ ਤੌਰ ’ਤੇ ਨਫ਼ੇ ਦੀ ਥਾਂ ਨੁਕਸਾਨ ਹੀ ਹੋਣਾ ਹੈ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ‘ਆਪ’ ਦੇ ਸਿਆਸੀ ਉਭਾਰ ਨੇ ਕਾਂਗਰਸ ਦਾ ਨਵੀਂ ਦਿੱਲੀ, ਗੁਜਰਾਤ, ਉਤਰਾਖੰਡ ਅਤੇ ਗੋਆ ਆਦਿ ਸੂਬਿਆਂ ਵਿਚ ਭਾਰੀ ਨੁਕਸਾਨ ਕੀਤਾ ਹੈ ਤੇ ਇਸ ਤਰ੍ਹਾਂ ਦਾ ਨੁਕਸਾਨ ਹੋਰਨਾਂ ਸੂਬਿਆਂ ਵਿੱਚ ਵੀ ਹੋ ਸਕਦਾ ਹੈ। ਇਸ ਦੌਰਾਨ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਨੇ ‘ਆਪ’ ਨਾਲ ਕੋਈ ਸਿਆਸੀ ਗਠਜੋੜ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸੰਵਿਧਾਨ ਨੂੰ ਬਚਾਉਣ ਲਈ ਲਗਾਤਾਰ ਕੌਮੀ ਪੱਧਰ ’ਤੇ ਲੜਾਈ ਲੜ ਰਹੀ ਹੈ। ਮੀਟਿੰਗ ਵਿਚ ਪੰਜਾਬ ’ਚ ਆਏ ਹੜ੍ਹਾਂ ਨੂੰ ਲੈ ਕੇ ਵੀ ਚਰਚਾ ਕੀਤੀ ਗਈ। ਕਾਂਗਰਸ ਨੇ 10,000 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕਰਦਿਆਂ ਪ੍ਰਭਾਵਿਤ ਕਿਸਾਨਾਂ ਨੂੰ 60,000 ਰੁਪਏ ਪ੍ਰਤੀ ਏਕੜ ਦੇਣ ਦੀ ਮੰਗ ਕੀਤੀ। ਪਾਰਟੀ ਨੇ ਘਰਾਂ ਦੇ ਨੁਕਸਾਨ ਦੀ ਪੂਰਤੀ ਲਈ ਵੀ ਢੁਕਵਾਂ ਮੁਆਵਜ਼ਾ ਮੰਗਿਆ।

## ਕਾਂਗਰਸ ਪਾਰਟੀ ਦੋਫਾੜ ਹੋਈ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕਾਂਗਰਸ ਪਾਰਟੀ ਦੋਫਾੜ ਹੈ ਤੇ ਸੂਬੇ ਵਿਚ ਕਈ ਸੀਨੀਅਰ ਕਾਂਗਰਸੀ ਆਗੂ ਆਪਣੀ ਹੀ ਪਾਰਟੀ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਤੇ ‘ਆਪ’ ਆਗੂ ਅਰਵਿੰਦ ਕੇਜਰੀਵਾਲ ਦੀ ਧੋਖੇਬਾਜ਼ੀ ਵਾਲੀ ਖੇਡ ਕਾਰਨ ਹੋਏ ਅਪਮਾਨ ਤੋਂ ਬਾਅਦ ਆਪਣੇ ਆਪ ਨੂੰ ਸਹੀ ਪੇਸ਼ ਕਰਨ ਦਾ ਯਤਨ ਕਰ ਰਹੇ ਹਨ। ਸਾਬਕਾ ਮੰਤਰੀ ਨੇ ਕਿਹਾ ਕਿ ਕਈ ਕਾਂਗਰਸੀ ਆਗੂ ਆਮ ਆਦਮੀ ਪਾਰਟੀ ਨਾਲ ਹੋਏ ਸਮਝੌਤੇ ਤਹਿਤ ਭ੍ਰਿਸ਼ਟਾਚਾਰ ਦੇ ਕੇਸਾਂ ਤੋਂ ਲਾਭ ਲੈ ਸਕਦੇ ਹਨ ਪਰ ਅਜਿਹੇ ਬਹੁਤ ਸਾਰੇ ਹੋਰ ਆਗੂ ਹਨ ਜੋ ਆਪਣੀ ਹੀ ਪਾਰਟੀ ਵੱਲੋਂ ਕੀਤੇ ਧੋਖੇ ਤੋਂ ਔਖੇ ਹਨ।

## 13.71 ਲੱਖ ਨਸ਼ੀਲੇ ਕੈਪਸੂਲਾਂ ਸਣੇ ਪੰਜ ਕਾਬੂ

**ਬਰਨਾਲਾ:** ਪੁਲਿਸ ਦੇ ਸੀ.ਆਈ.ਏ. ਸਟਾਫ ਨੇ ਪੰਜ ਮੁਲਜ਼ਮਾਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ 13 ਲੱਖ 57 ਹਜ਼ਾਰ ਨਸ਼ੀਲੇ ਕੈਪਸੂਲ, 13,540 ਨਸ਼ੀਲੀਆਂ ਗੋਲੀਆਂ, ਦੋ ਕਾਰਾਂ ਅਤੇ ਇਕ ਛੋਟਾ ਹਾਥੀ ਬਰਾਮਦ ਕੀਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਮਲਿਕ ਨੇ ਦੱਸਿਆ ਕਿ ਪੁਲਿਸ ਟੀਮ ਨੇ ਗੁਪਤ ਸੂਚਨਾ ਦੇ ਆਧਾਰ ‘ਤੇ 16 ਜੁਲਾਈ ਨੂੰ ਇਲਾਕੇ ‘ਚ ਨਾਕਾ ਲਾਇਆ। ਇਸ ਦੌਰਾਨ ਥਾਣੇਦਾਰ ਕੁਲਦੀਪ ਸਿੰਘ ਦੀ ਅਗਵਾਈ ਹੇਠ ਪੁਲਿਸ ਨੇ ਰਾਜ ਸਿੰਘ ਉਰਫ਼ ਰਾਜੂ ਨੂੰ 850 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਸੀ। ਰਾਜ ਸਿੰਘ ਤੋਂ ਪੁੱਛ-ਪੜਤਾਲ ਦੌਰਾਨ ਉਨ੍ਹਾਂ ਬਰਨਾਲਾ ਵਾਸੀ ਵਿੱਕੀ ਸਿੰਘ, ਹਰਵਿੰਦਰ ਸਿੰਘ ਤੇ ਬਠਿੰਡਾ ਵਾਸੀ ਵਿਵੇਕ ਅਤੇ ਪਦਮ ਕੁਮਾਰ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 13 ਲੱਖ 57 ਹਜ਼ਾਰ ਨਸ਼ੀਲੇ ਕੈਪਸੂਲ, 13540 ਨਸ਼ੀਲੀਆਂ ਗੋਲੀਆਂ, ਦੋ ਕਾਰਾਂ ਅਤੇ ਇਕ ਛੋਟਾ ਹਾਥੀ ਬਰਾਮਦ ਕੀਤੇ।

# ਅਮਰੂਦਾਂ ਦਾ ਮੁਆਵਜ਼ਾ: ਸਾਬਕਾ ਪੀ.ਸੀ.ਐੱਸ. ਅਧਿਕਾਰੀ ਜਗਦੀਸ਼ ਜੌਹਲ ਗ੍ਰਿਫਤਾਰ

**ਮੁਹਾਲੀ:** ਮੁਹਾਲੀ ਵਿਚ ਅਮਰੂਦਾਂ ਦੇ ਬਾਗ ਦਿਖਾ ਕੇ ਮੁਆਵਜ਼ਾ ਲੈਣ ਲਈ ਹੋਏ ਬਹੁ-ਕਰੋੜੀ ਘੁਟਾਲੇ ਦੇ ਮਾਮਲੇ ‘ਚ ਪੰਜਾਬ ਵਿਜੀਲੈਂਸ ਬਿਊਰੋ ਨੇ ਗਮਾਡਾ ਦੇ ਤਤਕਾਲੀ ਲੈਂਡ ਐਕੁਜ਼ੀਸ਼ਨ ਕੁਲੈਕਟਰ (ਐਲ.ਏ.ਸੀ.) ਸੇਵਾਮੁਕਤ ਪੀ.ਸੀ.ਐੱਸ. ਅਧਿਕਾਰੀ ਜਗਦੀਸ਼ ਸਿੰਘ ਜੌਹਲ ਨੂੰ ਮੁਹਾਲੀ ‘ਚੋਂ ਗ੍ਰਿਫ਼ਤਾਰ ਕਰ ਲਿਆ। ਗਮਾਡਾ ਦੇ ਮੁਆਵਜ਼ਾ ਘੁਟਾਲੇ ਵਿਚ ਇਹ 20ਵੀਂ ਗ੍ਰਿਫ਼ਤਾਰੀ ਹੈ। ਮੁਹਾਲੀ ਦੇ ਪਿੰਡ ਬਾਕਰਪੁਰ ਵਿਚ ਗਮਾਡਾ ਵੱਲੋਂ ਐਕੁਆਇਰ ਕੀਤੀ ਗਈ ਜ਼ਮੀਨ ਦੇ ਬਦਲੇ ਜਾਰੀ ਕੀਤੇ ਕਰੋੜਾਂ ਰੁਪਏ ਦੇ ਮੁਆਵਜ਼ੇ ਦੌਰਾਨ ਗਮਾਡਾ ਅਧਿਕਾਰੀਆਂ ਅਤੇ ਹੋਰਨਾਂ ਵਿਅਕਤੀਆਂ ਨੇ ਇਸ ਜ਼ਮੀਨ ਵਿਚ ਅਮਰੂਦਾਂ ਦਾ ਬਾਗ ਲੱਗਿਆ ਦਿਖਾ ਕੇ ਕਰੋੜਾਂ ਰੁਪਏ ਦਾ ਮੁਆਵਜ਼ਾ ਲੈ ਕੇ ਸਰਕਾਰੀ ਖ਼ਜ਼ਾਨੇ ਨੂੰ ਰਗੜਾ ਲਗਾਇਆ ਹੈ। ਵਿਜੀਲੈਂਸ ਅਨੁਸਾਰ ਜਗਦੀਸ਼ ਜੌਹਲ ਨੇ ਮਾਲ ਰਿਕਾਰਡ ਅਨੁਸਾਰ ਜ਼ਮੀਨ ਮਾਲਕਾਂ ਦੇ ਨਾਂ ਅਤੇ ਜ਼ਮੀਨ ਦਾ ਹਿੱਸਾ ਸਹੀ ਨਾ ਹੋਣ ਦੇ ਬਾਵਜੂਦ ਬਾਗ਼ਬਾਨੀ ਵਿਭਾਗ ਦੀ ਮੁਲਾਂਕਣ ਰਿਪੋਰਟ ਦੇ ਆਧਾਰ ‘ਤੇ ਨਾਜਾਇਜ਼ ਅਦਾਇਗੀਆਂ ਨੂੰ ਮਨਜ਼ੂਰੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸ ਮਾਮਲੇ ਵਿਚ ਪਿਛਲੇ ਦਿਨੀਂ ਗਮਾਡਾ ਵਿਚ ਤਾਇਨਾਤ ਰਹੇ ਦੋ ਸੇਵਾਮੁਕਤ ਪਟਵਾਰੀਆਂ ਸੁਰਿੰਦਰਪਾਲ ਸਿੰਘ ਅਤੇ ਸੁਰਿੰਦਰਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁੱਛ-ਪੜਤਾਲ ਦੌਰਾਨ ਇਨ੍ਹਾਂ ਪਟਵਾਰੀਆਂ ਨੇ ਖ਼ੁਲਾਸਾ ਕੀਤਾ ਸੀ ਕਿ ਸ਼ੁਰੂ ਵਿਚ ਉਨ੍ਹਾਂ ਨੇ ਬਾਗ਼ਬਾਨੀ ਵਿਭਾਗ ਦੀ ਮੁਲਾਂਕਣ ਰਿਪੋਰਟ ਵਿਚ ਦਰਸਾਏ ਗਏ ਜ਼ਮੀਨ ਮਾਲਕਾਂ ਦੇ ਨਾਂ ਅਤੇ ਜ਼ਮੀਨ ਦੇ ਹਿੱਸੇ ਵਜੋਂ ਭੁਗਤਾਨ ਫਾਰਮ ਨੂੰ ਤਸਦੀਕ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਕਿਉਂਕਿ ਇਹ ਮਾਲ ਰਿਕਾਰਡ ਅਨੁਸਾਰ ਅਸਲ ਮਾਲਕਾਂ ਅਤੇ ਉਨ੍ਹਾਂ ਦੇ ਜ਼ਮੀਨ ਦੇ ਹਿੱਸੇ ਤੋਂ ਵੱਖਰੇ ਸਨ।

ਉਨ੍ਹਾਂ ਕਿਹਾ ਕਿ ਜਗਦੀਸ਼ ਸਿੰਘ ਜੌਹਲ ਨੇ ਆਪਣਾ ਰਸੂਖ ਵਰਤਦਿਆਂ ਮਾਲ ਰਿਕਾਰਡ ਦੀ ਅਣਦੇਖੀ ਕਰਕੇ ਬਾਗ਼ਬਾਨੀ ਵਿਭਾਗ ਦੀ ਮੁਲਾਂਕਣ ਰਿਪੋਰਟ ਅਨੁਸਾਰ ਅਦਾਇਗੀਆਂ ਦੀ ਪ੍ਰਵਾਨਗੀ ਦੇਣ ਲਈ ਨੋਟਿੰਗ ਤਿਆਰ ਕਰਨ ਲਈ ਦਬਾਅ ਪਾਇਆ ਸੀ। ਇਸ ਤਰ੍ਹਾਂ ਵੱਖ-ਵੱਖ ਲਾਭਪਾਤਰੀਆਂ ਨੂੰ ਲਗਭਗ 124 ਕਰੋੜ ਰੁਪਏ ਜਾਰੀ ਕੀਤੇ ਗਏ। ਹਾਲਾਂਕਿ ਅਸਲ ਲਾਭਪਾਤਰੀਆਂ ਨੂੰ ਅਦਾਇਗੀਆਂ ਯਕੀਨੀ ਬਣਾਉਣ ਲਈ ਗਮਾਡਾ ਦੇ ਮੁੱਖ ਪ੍ਰਸ਼ਾਸਕ ਨੇ ਆਦੇਸ਼ ਦਿੱਤੇ ਸਨ ਕਿ ਐਲਏਸੀ. ਅਮਰੂਦ ਦੇ ਬਾਗ਼ਾਂ ਦਾ ਨਿਰੀਖਣ ਕਰਨ ਲਈ ਖ਼ੁਦ ਦੌਰਾ ਕਰੇਗਾ ਪਰ ਇਸ ਅਧਿਕਾਰੀ ਨੇ ਜਾਣਬੁੱਝ ਕੇ ਇਨ੍ਹਾਂ ਹੁਕਮਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਨਾਜਾਇਜ਼ ਲਾਭਪਾਤਰੀਆਂ ਨਾਲ ਮਿਲੀਭੁਗਤ ਕਰਕੇ ਅਦਾਇਗੀਆਂ ਜਾਰੀ ਕੀਤੀਆਂ।

ਛੋਟੇ ਟਰੱਕ ਡਰਾਈਵਰਾਂ ਤੇ ਵੈਨ ਡਰਾਈਵਰਾਂ ਦੀ ਲੋੜ

174 ਵੈਸਟ ਸਟੇਵ ਮਿਲ ਰੋਡ ਰੋਜਰਸ (ਅਰਕਨਸਾਂਸ) ਵਿਖੇ ਛੋਟੇ ਟਰੱਕ ਡਰਾਈਵਰਾਂ, ਵੈਨ ਡਰਾਈਵਰਾਂ ਅਤੇ ਵੇਅਰਹਾਊਸ ਵਿਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ।
ਚਾਹਵਾਨ ਸੰਪਰਕ ਕਰਨ:
ਸੁਖਪਾਲ ਸਿੰਘ ਚਾਂਦੀ;
ਫੋਨ: 479-544-7066




Wanted Small Truck Drivers and Van Drivers

Small Truck drivers, Van drivers and Warehouse workers needed at 174 West Stave Mill Road Rogers (Arkansas).

Contact: Sukhpal Singh Chandi, Phone: 479-544-7066

**Punjab Times**
**Established in 2000**
**24th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਜਪਾਲ ਨੇ ਮੁੱਖ ਮੰਤਰੀ ਨੂੰ ਮੋੜਵਾਂ ਪੱਤਰ ਭੇਜਿਆ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੋੜਵਾਂ ਪੱਤਰ ਲਿਖਦਿਆਂ ਸਰਕਾਰ ਵੱਲੋਂ 19 ਅਤੇ 20 ਜੂਨ ਨੂੰ ਬੁਲਾਏ ਗਏ ਦੋ ਰੋਜ਼ਾ ਸੈਸ਼ਨ ਦੇ ਅਸੰਵਿਧਾਨਕ ਹੋਣ ਦੇ ਸਟੈਂਡ ਨੂੰ ਸਹੀ ਕਰਾਰ ਦਿੱਤਾ ਹੈ। ਰਾਜਪਾਲ ਦੇ ਇਸ ਜਵਾਬ ਨਾਲ ਦੋ ਰੋਜ਼ਾ ਸੈਸ਼ਨ ਦੌਰਾਨ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਦੇ ਕਾਨੂੰਨੀ ਰੂਪ ਧਾਰਨ ਕਰਨ ਬਾਰੇ ਬਣਿਆ ਰੇੜਕਾ ਬਰਕਰਾਰ ਹੈ।

ਸ੍ਰੀ ਪੁਰੋਹਿਤ ਨੇ ਆਪਣੇ ਪੱਤਰ ਦੇ ਨਾਲ ਵਿਧਾਨ ਸਭਾ ਸੈਸ਼ਨ ਦੇ ਕਾਨੂੰਨੀ ਅਤੇ ਸੰਵਿਧਾਨਕ ਨਾ ਹੋਣ ਬਾਰੇ ਦਿੱਤੀ ਗਈ ਕਾਨੂੰਨੀ ਸਲਾਹ ਦਾ ਖਰੜਾ ਵੀ ਮੁੱਖ ਮੰਤਰੀ ਨੂੰ ਭੇਜ ਦਿੱਤਾ ਹੈ। ਰਾਜਪਾਲ ਨੇ ਪੱਤਰ 'ਚ ਕਿਹਾ ਹੈ, "ਮੇਰੇ ਪੱਤਰਾਂ ਨੂੰ ਤੁਸੀਂ ਪ੍ਰੇਮ ਪੱਤਰ ਆਖ ਕੇ ਭਾਵੇਂ ਰੱਦ ਕਰ ਦਿੱਤਾ ਹੈ ਪਰ ਸੰਵਿਧਾਨ ਦੀ ਧਾਰਾ 167 ਤਹਿਤ ਰਾਜਪਾਲ ਵੱਲੋਂ ਮੰਗੀ ਗਈ ਸੂਚਨਾ ਮੁਹੱਈਆ ਕਰਾਉਣ ਲਈ ਸਰਕਾਰ ਪਾਬੰਦ ਹੈ।" ਉਨ੍ਹਾਂ ਕਿਹਾ ਕਿ ਸੂਚਨਾ ਨਾ ਦੇਣਾ ਸੰਵਿਧਾਨ ਦੀ ਧਾਰਾ 167 ਦੀ ਸਪੱਸ਼ਟ ਉਲੰਘਣਾ ਹੈ। ਸ੍ਰੀ ਪੁਰੋਹਿਤ ਨੇ ਕਿਹਾ ਹੈ ਕਿ ਅਸੈਂਬਲੀ ਵਿਚ ਬਹਿਸ ਦੌਰਾਨ ਤੁਸੀਂ (ਮੁੱਖ ਮੰਤਰੀ) ਰਾਜਪਾਲ (ਪੁਰੋਹਿਤ) ਬਾਰੇ ਭੜਾਸ ਕੱਢੀ ਹੈ, ਜਿਸ ਨੂੰ ਲੋਕਾਂ ਨੇ ਪਸੰਦ ਨਹੀਂ ਕੀਤਾ। ਰਾਜਪਾਲ ਨੇ ਮੁੱਖ ਮੰਤਰੀ ਨੂੰ ਮੁਖਾਤਬ ਹੁੰਦਿਆਂ ਕਿਹਾ,"ਤੁਹਾਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਮੈਂ, ਰਾਜਪਾਲ ਵਜੋਂ ਰਾਸ਼ਟਰਪਤੀ ਦੁਆਰਾ ਨਿਯੁਕਤ ਇਕ ਸੰਵਿਧਾਨਕ ਅਥਾਰਿਟੀ ਹਾਂ ਅਤੇ ਮੈਨੂੰ ਇਕ ਨਿਆਂਪੂਰਨ, ਨਿਰਪੱਖ ਅਤੇ ਇਮਾਨਦਾਰ ਪ੍ਰਸ਼ਾਸਨ ਯਕੀਨੀ ਬਣਾਉਣ ਦੀ ਡਿਊਟੀ ਸੌਂਪੀ ਗਈ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਵਿਚ ਭ੍ਰਿਸ਼ਟਾਚਾਰ ਹੋਣ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ।

'ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਬਿਨਾਂ ਕਿਸੇ ਦੇਰੀ ਦੇ ਚਿੱਠੀਆਂ ਦਾ ਜਵਾਬ ਜਲਦੀ ਤੋਂ ਜਲਦੀ ਦਿਓ। ਨਹੀਂ ਤਾਂ ਇਸ ਨੂੰ ਸੰਵਿਧਾਨ ਦੀ ਘੋਰ ਉਲੰਘਣਾ ਮੰਨਿਆ ਜਾਵੇਗਾ।' ਰਾਜਪਾਲ ਨੇ ਮਾਰਚ 'ਚ ਬਜਟ ਇਜਲਾਸ ਨੂੰ ਜੂਨ ਵਿਚ ਲਗਾਤਾਰਤਾ ਵਜੋਂ ਬੁਲਾਏ ਜਾਣ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸਦਨ ਦੀ ਕਾਰਵਾਈ ਜਾਂ ਕਹਿ ਲਓ ਕਿ ਵਿਧਾਨ ਸਭਾ ਦੇ ਸੈਸ਼ਨ ਨੂੰ ਅਨਮਿੱਥੇ ਸਮੇਂ ਲਈ ਮੁਲਤਵੀ ਕਰਨਾ ਮਾਨਯੋਗ ਸਪੀਕਰ ਦੇ ਅਧਿਕਾਰ ਵਿਚ ਹੈ ਪਰ ਇਕ ਵਾਰ ਜਦੋਂ ਸੈਸ਼ਨ ਦਾ ਕੰਮਕਾਰ ਖਤਮ ਹੋ ਜਾਂਦਾ ਹੈ ਤਾਂ ਸੈਸ਼ਨ ਨੂੰ ਅਸਥਾਈ ਤੌਰ 'ਤੇ ਕਾਇਮ ਨਹੀਂ ਰੱਖਿਆ ਜਾ ਸਕਦਾ ਹੈ।

## ਜਾਇਦਾਦ ਦੇ ਦਸਤਾਵੇਜ਼ਾਂ ਲਈ ਪੋਰਟਲ ਲਾਂਚ

**ਚੰਡੀਗੜ੍ਹ:** ਸਰਕਾਰ ਨੇ ਮਾਲ ਵਿਭਾਗ ਨਾਲ ਸਬੰਧਤ ਜ਼ਮੀਨ ਜਾਇਦਾਦ ਦੇ ਦਸਤਾਵੇਜ਼ਾਂ ਦੀ ਤਸਦੀਕ ਲਈ ਆਨਲਾਈਨ ਪੋਰਟਲ ਲਾਂਚ ਕੀਤਾ ਹੈ। ਪੋਰਟਲ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਜਾਇਦਾਦ ਨੂੰ ਵੇਚਣ, ਖਰੀਦਣ, ਕਿਰਾਏ 'ਤੇ ਦੇਣ ਤੇ ਕਬਜ਼ਾ ਲੈਣ ਦੀ ਸਾਰੀ ਪ੍ਰਕਿਰਿਆ ਡਿਜੀਟਲ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਬਿਨੈਕਾਰ ਦਸਤਾਵੇਜ਼ਾਂ ਦੀ ਤਸਦੀਕ ਲਈ ਪੋਰਟਲ 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਪੋਰਟਲ 'ਤੇ ਦਸਤਾਵੇਜ਼ ਅਪਲੋਡ ਕਰਨ, ਲੋੜ ਪੈਣ 'ਤੇ ਅਦਾਇਗੀ ਕਰਨ, ਫੀਸਾਂ ਦਾ ਜੋੜ, 29 ਸਥਾਨਾਂ ਲਈ ਸਲਾਟ ਬੁਕਿੰਗ, ਐਸ.ਐਮ.ਐਸ. ਤੇ ਈ-ਮੇਲ ਰਾਹੀਂ ਜਾਣਕਾਰੀ ਤੇ ਫੀਸ ਜਮ੍ਹਾਂ ਕਰਵਾਉਣ 'ਤੇ ਰਸੀਦ ਦੀ ਸਹੂਲਤ ਦਿੱਤੀ ਗਈ ਹੈ।

# ਸਰਕਾਰ ਅੰਗਰੇਜ਼ੀ 'ਚ ਹੱਥ ਤੰਗ ਵਾਲੇ ਨੌਜਵਾਨਾਂ ਲਈ ਕਲਾਸਾਂ ਸ਼ੁਰੂ ਕਰੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਮਾਹਿਰ ਬਣਾਉਣ ਲਈ ਬ੍ਰਿਟਿਸ਼ ਕੌਂਸਲ ਐਜੂਕੇਸ਼ਨ ਇੰਡੀਆ ਪ੍ਰਾਈਵੇਟ ਲਿਮਟਿਡ ਨਾਲ ਸਮਝੌਤਾ ਕੀਤਾ ਹੈ। ਇਸ ਸਮਝੌਤੇ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਉਚੇਰੀ ਸਿੱਖਿਆ ਵਿਭਾਗ ਦੇ ਡਾਇਰੈਕਟਰ ਡਾ. ਅਮਰਪਾਲ ਸਿੰਘ ਅਤੇ ਬ੍ਰਿਟਿਸ਼ ਕੌਂਸਲ ਦੇ ਐੱਮਡੀ ਡੰਕਨ ਵਿਲਸਨ ਨੇ ਦਸਤਖ਼ਤ ਕਰਕੇ ਨੇਪਰੇ ਚਾੜ੍ਹਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਸਮਝੌਤੇ ਨਾਲ ਉਚੇਰੀ ਸਿੱਖਿਆ ਵਿਭਾਗ ਅਧੀਨ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਲਈ 'ਇੰਗਲਿਸ਼ ਫਾਰ ਵਰਕ' ਲਈ ਸਿਖਲਾਈ ਕੋਰਸ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਣ 'ਚ ਸਹਾਇਤਾ ਮਿਲੇਗੀ ਅਤੇ ਉਨ੍ਹਾਂ ਨੂੰ ਸਨਅਤੀ ਤੇ ਸੇਵਾ ਖੇਤਰ 'ਚ ਨੌਕਰੀਆਂ ਦੇ ਵੱਧ ਮੌਕੇ ਮਿਲਣਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਕਾਲਜਾਂ ਦੇ 5 ਹਜ਼ਾਰ ਵਿਦਿਆਰਥੀਆਂ ਨੂੰ ਲਾਭ ਮਿਲੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਹਿੱਸੇ ਵਜੋਂ ਵਿਦਿਆਰਥੀ ਕੰਮ ਲਈ ਅੰਗਰੇਜ਼ੀ ਦੇ ਇਕ 'ਲੈਵਲ' ਦੀ ਪੜ੍ਹਾਈ ਕਰਨਗੇ, ਜਿਸ ਨਾਲ ਅੰਗਰੇਜ਼ੀ ਜਾਣਨ ਕਰ ਕੇ ਉਨ੍ਹਾਂ 'ਚ ਰੁਜ਼ਗਾਰ ਪੱਖੀ ਮੁਹਾਰਤ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ 'ਇੰਗਲਿਸ਼ ਫਾਰ ਵਰਕ' ਇਕ ਅਜਿਹਾ ਮਿਸ਼ਰਤ ਕੋਰਸ ਹੈ, ਜਿਸ 'ਚ ਕੰਮ ਵਰਗੇ ਅਸਲ ਹਾਲਾਤ 'ਚ ਵਰਤੀ ਜਾਣ ਵਾਲੀ ਅੰਗਰੇਜ਼ੀ ਭਾਸ਼ਾ ਸਿੱਖਣ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ 'ਚ ਲਿਸਨਿੰਗ (ਸੁਣਨ), ਰੀਡਿੰਗ (ਪੜ੍ਹਨ), ਰਾਈਟਿੰਗ (ਲਿਖਣ) ਤੇ ਸਪੀਕਿੰਗ (ਬੋਲਣ) ਸਮੇਤ ਵਿਆਕਰਨ, ਮੁਹਾਰਨੀ ਅਤੇ ਸ਼ਬਦਾਵਲੀ 'ਤੇ ਧਿਆਨ ਦਿੱਤਾ ਜਾਵੇਗਾ। ਇਹ ਪ੍ਰੋਜੈਕਟ ਵਿਦਿਅਕ ਸੈਸ਼ਨ 2023-24 ਤੋਂ ਸੂਬੇ ਦੇ ਸਰਕਾਰੀ ਕਾਲਜਾਂ 'ਚ ਪੰਜ ਹਜ਼ਾਰ ਵਿਦਿਆਰਥੀਆਂ ਲਈ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਹੋਵੇਗਾ।

# ਅਕਾਲੀ ਦਲ ਦੀਆਂ ਬਾਗੀ ਬੀਬੀਆਂ ਦਾ ਕਾਫਲਾ ਹੋਰ ਲੰਮਾ ਹੋਇਆ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਮਹਿਲਾ ਵਿੰਗ ਦੀ ਨਵੀਂ ਮੁਖੀ ਥਾਪੇ ਜਾਣ ਮਗਰੋਂ ਅਕਾਲੀ ਦਲ ਦੀਆਂ ਬਾਗੀ ਹੋਈਆਂ ਬੀਬੀਆਂ ਦਾ ਕਾਫਲਾ ਲੰਮਾ ਹੁੰਦਾ ਜਾ ਰਿਹਾ ਹੈ। ਪਾਰਟੀ ਦੀ ਪੰਜਾਬ ਦੀਆਂ ਬੀਬੀਆਂ ਨੇ ਦਿੱਲੀ ਇਕਾਈ ਦੀਆਂ ਬੀਬੀਆਂ ਦਾ ਸਾਥ ਹਾਸਲ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਗਈ ਇਸ ਨਿਯੁਕਤੀ ਨੂੰ ਮੁੜ ਚੁਣੌਤੀ ਦਿੱਤੀ ਹੈ।

ਅਕਾਲੀ ਦਲ ਦੀ ਸੀਨੀਅਰ ਆਗੂ ਪਰਮਜੀਤ ਕੌਰ ਲਾਂਡਰਾ ਨੇ ਦੱਸਿਆ ਕਿ ਇਸਤਰੀ ਅਕਾਲੀ ਦਲ (ਦਿੱਲੀ ਸਟੇਟ) ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਬੀਬੀ ਰਣਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਦਿੱਲੀ ਇਕਾਈ ਦੀ ਕੋਰ ਕਮੇਟੀ ਦੀਆਂ ਬੀਬੀਆਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿਚ ਚਰਚਾ ਕੀਤੀ ਗਈ ਕਿ ਸ਼੍ਰੋਮਣੀ ਅਕਾਲੀ ਦਲ ਸਿਰਮੌਰ ਜਥੇਬੰਦੀ ਹੈ ਜਿਸ ਦਾ ਇਤਿਹਾਸ ਸ਼ਾਨਾਮੱਤਾ ਤੇ ਕੁਰਬਾਨੀਆਂ ਵਾਲਾ ਹੈ। ਉਨ੍ਹਾਂ ਕਿਹਾ ਕਿ ਇਸ ਪਾਰਟੀ ਦੇ ਆਪਣੇ ਪੰਥਕ ਸਿਧਾਂਤ ਤੇ ਪਰਪੱਕ ਵਿਚਾਰਧਾਰਾ ਹੈ, ਜਿਸ ਤੋਂ ਪਾਰਟੀ ਪਿਛਲੇ ਕੁਝ ਸਮੇਂ ਤੋਂ ਥਿੜਕ ਰਹੀ ਹੈ। ਇਹੀ ਕਾਰਨ ਹੈ ਕਿ ਕੁਝ ਦਿਨ ਪਹਿਲਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸਤਰੀ ਅਕਾਲੀ ਦਲ ਦੀ ਗੈਰ ਅਕਾਲੀ, ਗੈਰ ਪੰਥਕ, ਆਂਗਣਵਾੜੀ ਵਰਕਰ ਦੀ ਬਤੌਰ ਪ੍ਰਧਾਨ ਨਿਯੁਕਤੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮਹਿਲਾ ਆਗੂਆਂ ਦੀ ਤਰਜ਼ 'ਤੇ ਪਾਰਟੀ ਦੇ ਤਾਨਾਸ਼ਾਹੀ ਹੁਕਮ ਨੂੰ ਰੱਦ ਕਰਦਿਆਂ ਇਸਤਰੀ ਅਕਾਲੀ ਦਲ ਦੀ ਦਿੱਲੀ ਇਕਾਈ ਨੇ ਸੁਖਬੀਰ ਸਿੰਘ ਬਾਦਲ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਉਨ੍ਹਾਂ ਸੁਖਬੀਰ ਤੋਂ ਇਹ ਮੰਗ ਵੀ ਕੀਤੀ ਹੈ ਕਿ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ।

## ਵਿਜੀਲੈਂਸ ਵੱਲੋਂ ਮਨਪ੍ਰੀਤ ਬਾਦਲ ਤੋਂ ਪੁੱਛ-ਪੜਤਾਲ

**ਬਠਿੰਡਾ:** ਪਲਾਟ ਮਾਮਲੇ ਵਿਚ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕੋਲੋਂ ਵਿਜੀਲੈਂਸ ਬਿਊਰੋ ਨੇ ਤਕਰੀਬਨ ਪੰਜ ਘੰਟੇ ਪੁੱਛ-ਪੜਤਾਲ ਕੀਤੀ। ਮਨਪ੍ਰੀਤ ਬਾਦਲ ਸਵੇਰੇ 11.30 ਵਜੇ ਦੇ ਕਰੀਬ ਇੱਥੇ ਵਿਜੀਲੈਂਸ ਦਫਤਰ ਪੁੱਜੇ। ਇਸ ਮੌਕੇ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਸਥਾਨਕ ਸਰਕਟ ਹਾਊਸ ਪੁੱਜੇ ਹੋਏ ਸਨ। ਜ਼ਿਕਰਯੋਗ ਹੈ ਕਿ ਸਾਬਕਾ ਵਿਧਾਇਕ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਵੱਲੋਂ ਇਕ ਪਲਾਟ ਦੇ ਮਾਮਲੇ ਵਿਚ ਕੀਤੀ ਗਈ ਸ਼ਿਕਾਇਤ 'ਤੇ ਮਨਪ੍ਰੀਤ ਬਾਦਲ ਨੂੰ ਵਿਜੀਲੈਂਸ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੰਗਲਾ ਨੇ ਦੋਸ਼ ਲਗਾਏ ਸਨ ਕਿ ਕਾਂਗਰਸ ਸਰਕਾਰ ਦੌਰਾਨ ਵਿੱਤ ਮੰਤਰੀ ਹੁੰਦਿਆਂ ਮਨਪ੍ਰੀਤ ਬਾਦਲ ਨੇ ਆਪਣੇ ਅਹੁਦੇ ਦਾ ਫ਼ਾਇਦਾ ਉਠਾਉਂਦੇ ਹੋਏ ਮਹਿੰਗੇ ਭਾਅ ਦੇ ਪਲਾਟ ਨੂੰ ਸਸਤੇ ਭਾਅ ਖਰੀਦ ਕੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਸੀ।

# ਪੰਜਾਬ ਸਰਕਾਰ ਨਦੀਆਂ ਤੇ ਦਰਿਆਵਾਂ ਦੀ ਸਫਾਈ ਖੁਦ ਕਰਵਾਏਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਹਰ ਸਾਲ ਮਾਨਸੂਨ ਦੀ ਆਮਦ ਤੋਂ ਪਹਿਲਾਂ ਸੂਬੇ ਦੀਆਂ ਨਦੀਆਂ, ਦਰਿਆਵਾਂ ਤੇ ਨਾਲਿਆਂ ਦੀ ਸਫਾਈ ਲਈ ਕਰੋੜਾਂ ਰੁਪਏ ਦੇ ਟੈਂਡਰ ਜਾਰੀ ਕੀਤੇ ਜਾਂਦੇ ਹਨ ਪਰ ਕਰੋੜਾਂ ਰੁਪਏ ਖਰਚਣ ਦੇ ਬਾਵਜੂਦ ਇਨ੍ਹਾਂ ਦੀ ਸਫਾਈ ਯਕੀਨੀ ਨਹੀਂ ਬਣਾਈ ਜਾਂਦੀ, ਜਿਸ ਕਰਕੇ ਹਰ ਵਾਰ ਮਾਨਸੂਨ ਦੇ ਸੀਜ਼ਨ 'ਚ ਹੜ੍ਹਾਂ ਦਾ ਖਤਰਾ ਬਣਿਆ ਰਹਿੰਦਾ ਹੈ। ਹੁਣ ਪੰਜਾਬ ਸਰਕਾਰ ਨੇ ਸੂਬੇ ਦੇ ਨਦੀਆਂ, ਦਰਿਆਵਾਂ ਤੇ ਨਾਲਿਆਂ ਦੀ ਸਫਾਈ ਨਿੱਜੀ ਠੇਕੇਦਾਰਾਂ ਤੋਂ ਕਰਵਾਉਣ ਦੀ ਥਾਂ ਖੁਦ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਨਿੱਜੀ ਠੇਕੇਦਾਰਾਂ ਤੋਂ 44 ਲੱਖ ਰੁਪਏ 'ਚ ਕਰਵਾਇਆ ਜਾਣ ਵਾਲਾ ਕੰਮ ਸਿਰਫ਼ 9.11 ਲੱਖ ਰੁਪਏ 'ਚ ਮੁਕੰਮਲ ਹੋ ਜਾਵੇਗਾ।

ਸੂਬੇ ਦੀਆਂ ਨਦੀਆਂ ਤੇ ਦਰਿਆਵਾਂ ਦੀ ਸਫਾਈ ਲਈ ਪੰਜਾਬ ਸਰਕਾਰ ਨੇ 3.15 ਕਰੋੜ ਰੁਪਏ ਦੀਆਂ ਚਾਰ ਨਵੀਆਂ ਮਸ਼ੀਨਾਂ ਖਰੀਦੀਆਂ ਹਨ। ਇਸ ਤੋਂ ਇਲਾਵਾ ਵੀ ਸੂਬਾ ਸਰਕਾਰ ਆਉਣ ਵਾਲੇ ਸਮੇਂ ਵਿਚ ਹੋਰ ਮਸ਼ੀਨਾਂ ਖਰੀਦਣ ਜਾ ਰਹੀ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਤਰਨ ਤਾਰਨ ਤੇ ਅੰਮ੍ਰਿਤਸਰ ਵਿਚ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਇਨ੍ਹਾਂ ਨੂੰ ਪਟਿਆਲਾ, ਸੰਗਰੂਰ, ਮਾਨਸਾ ਤੇ ਸੂਬੇ ਦੇ ਹੋਰ ਇਲਾਕਿਆਂ ਵਿਚ ਭੇਜਿਆ ਜਾਵੇਗਾ। ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦਰਿਆਵਾਂ ਦੀ ਸਫਾਈ ਲਈ ਨਵੀਆਂ ਮਸ਼ੀਨਾਂ ਖਰੀਦਣ ਪੁਸ਼ਟੀ ਕਰਦਿਆਂ ਕਿਹਾ ਕਿ 'ਆਪ' ਸਰਕਾਰ ਨੇ 18-18 ਘੰਟੇ ਲਗਾ ਕੇ ਦਰਿਆਵਾਂ ਤੇ ਨਾਲਿਆਂ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

## ਭਾਜਪਾ ਪੰਜਾਬ 'ਚ ਨਵਾਂ ਦਾਅ ਖੇਡਣ ਦੇ ਰੌਂਅ 'ਚ

*(ਪਹਿਲੇ ਸਫੇ ਦੀ ਬਾਕੀ)*

ਆਗੂਆਂ ਦੀ ਤਰਜ਼ 'ਤੇ ਪਾਰਟੀ ਦੇ ਤਾਨਾਸ਼ਾਹੀ ਹੁਕਮ ਨੂੰ ਰੱਦ ਕਰਦਿਆਂ ਇਸਤਰੀ ਅਕਾਲੀ ਦਲ ਦੀ ਦਿੱਲੀ ਇਕਾਈ ਨੇ ਸੁਖਬੀਰ ਸਿੰਘ ਬਾਦਲ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਅਕਾਲੀ ਦਲ ਵਿਚ ਤਾਜ਼ਾ ਹਿਲਜੁਲ ਅਤੇ ਇਸ ਦੇ ਪੁਰਾਣੇ ਭਾਈਵਾਲ (ਭਾਜਪਾ) ਵੱਲੋਂ ਬਣਾਈ ਜਾ ਰਣਨੀਤੀ ਸੁਖਬੀਰ ਲਈ ਆਉਂਦੇ ਦਿਨਾਂ ਵਿਚ ਵੱਡੀ ਚੁਣੌਤੀ ਬਣ ਸਕਦੀ ਹੈ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਮੌਜੂਦਾ ਬਣ ਰਹੇ ਹਾਲਾਤ ਸਾਫ ਇਸ਼ਾਰਾ ਕਰ ਰਹੇ ਹਨ ਕਿ ਸੁਖਬੀਰ ਬਾਦਲ ਵਾਲੇ ਧੜੇ ਕੋਲ ਭਾਜਪਾ ਅੱਗੇ ਗੋਡਿਆਂ ਭਾਰ ਹੋਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਣਾ।

# ਮੁੱਖ ਮੰਤਰੀ ਨੇ ਹੜ੍ਹਾਂ ਦੀ ਮਾਰ ਹੇਠ ਆਇਆ ਆਪਣਾ ਜ਼ਿਲ੍ਹਾ ਵਿਸਾਰਿਆ: ਜਾਖੜ

**ਸੰਗਰੂਰ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਪਹਿਲਾਂ 218 ਕਰੋੜ ਰੁਪਏ ਤਾਂ ਲੋਕਾਂ 'ਚ ਵੰਡ ਦਿਓ, ਗਿਰਦਾਵਰੀਆਂ ਬਾਅਦ ਵਿਚ ਹੁੰਦੀਆਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਤਾਂ ਛੇ ਮਹੀਨੇ ਨਹੀਂ ਸੁੱਕਣਾ, ਉਹ ਗਿਰਦਾਵਰੀਆਂ ਕਦੋਂ ਕਰਾਉਣਗੇ। ਜਾਖੜ ਘੱਗਰ ਦੀ ਮਾਰ ਹੇਠ ਆਏ ਮੂਨਕ ਤੇ ਖਨੌਰੀ ਦੇ ਹੜ੍ਹ ਪ੍ਰਭਾਵਿਤ ਇਲਾਕੇ 'ਚ ਹਾਲਾਤ ਦਾ ਜਾਇਜ਼ਾ ਲੈਣ ਮਗਰੋਂ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ।

ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਦੇ ਆਪਣੇ ਜ਼ਿਲ੍ਹੇ ਦੇ ਪਿੰਡਾਂ 'ਚ ਅਜੇ ਵੀ ਗੋਡੇ-ਗੋਡੇ ਪਾਣੀ ਖੜ੍ਹਾ ਹੈ ਅਤੇ ਕਰੀਬ 47 ਹਜ਼ਾਰ ਏਕੜ ਰਕਬਾ ਪਾਣੀ ਦੀ ਲਪੇਟ ਵਿਚ ਹੈ। ਇਹੋ ਜਿਹੇ ਹਾਲਾਤ ਵਿਚ ਮੱਕੀ, ਮੂੰਗੀ ਅਤੇ ਹੋਰ ਫਸਲਾਂ ਦੀ ਗੱਲ ਛੱਡੋ, ਕਣਕ ਦੀ ਬਿਜਾਈ ਵੀ ਨਹੀਂ ਹੋਣੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਾਵੇਂ ਵੱਖ-ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਾ ਰਹੇ ਹਨ ਪਰ ਉਨ੍ਹਾਂ ਆਪਣਾ ਜ਼ਿਲ੍ਹਾ ਵਿਸਾਰ ਦਿੱਤਾ ਹੈ।

ਜਾਖੜ ਨੇ ਕਿਹਾ ਕਿ ਉਹ ਮੁੱਖ ਮੰਤਰੀ ਤੋਂ 218 ਕਰੋੜ ਰੁਪਏ ਦਾ ਹਿਸਾਬ ਨਹੀਂ ਮੰਗਦੇ, ਇਹ ਹਿਸਾਬ ਤਾਂ ਲੋਕ ਖੁਦ ਲੈ ਲੈਣਗੇ ਪਰ ਉਹ ਸਰਕਾਰ ਦੀ ਕਾਰਗੁਜ਼ਾਰੀ ਦਾ ਹਿਸਾਬ ਮੰਗਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਹੜ੍ਹਾਂ ਤੋਂ ਬਚਾਅ ਲਈ ਪੁਖਤਾ ਪ੍ਰਬੰਧ ਕਰਨ 'ਚ ਸਰਕਾਰ ਨੇ ਅਣਗਹਿਲੀ ਵਰਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਪ੍ਰਸਾਰਨ ਲਈ ਵੈੱਬ ਚੈਨਲ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਪੂਰੇ ਸੰਸਾਰ ਤੱਕ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਵੈੱਬ ਚੈਨਲ 'ਐੱਸ.ਜੀ.ਪੀ.ਸੀ. ਸ੍ਰੀ ਅੰਮ੍ਰਿਤਸਰ' ਸ਼ੁਰੂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਨਿੱਜੀ ਸੈਟੇਲਾਈਟ ਚੈਨਲ ਸਥਾਪਤ ਕੀਤੇ ਜਾਣ ਤੱਕ ਪੀ.ਟੀ.ਸੀ. ਚੈਨਲ ਦੀ ਮਦਦ ਨਾਲ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਵੀ ਜਾਰੀ ਰੱਖਿਆ ਜਾਵੇਗਾ। ਵੈੱਬ ਚੈਨਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਲੈਪਟਾਪ ਰਾਹੀਂ ਲਾਂਚ ਕੀਤਾ। ਇਸ ਦੌਰਾਨ ਸਮਾਗਮ ਦਾ ਸਿੱਧਾ ਪ੍ਰਸਾਰਨ ਵੀ ਕੁਝ ਸਮੇਂ ਲਈ ਦਿਖਾਇਆ ਗਿਆ। ਇਹ ਚੈਨਲ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਆਰੰਭ ਕਰੇਗਾ ਜੋ ਯੂਟਿਊਬ ਅਤੇ ਫੇਸਬੁੱਕ 'ਤੇ ਉਪਲਬਧ ਹੋਵੇਗਾ।

ਚੈਨਲ ਦੀ ਸ਼ੁਰੂਆਤ ਗੁਰਮਤਿ ਰਵਾਇਤ ਅਨੁਸਾਰ ਅਖੰਡ ਪਾਠ ਦਾ ਭੋਗ ਪਾ ਕੇ ਕੀਤੀ ਗਈ। ਇਸ ਮਗਰੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ 'ਚ ਵਿਸ਼ੇਸ਼ ਸਮਾਗਮ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਵੈੱਬ ਚੈਨਲ ਦੀ ਆਰੰਭਤਾ ਮੌਕੇ ਸੰਗਤ ਨੂੰ ਵਧਾਈ ਦਿੰਦਿਆਂ ਆਖਿਆ ਕਿ ਜਲਦੀ ਹੀ ਸੈਟੇਲਾਈਟ ਚੈਨਲ ਵੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਦੇ ਸਾਰੇ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਹੀ ਰਹਿਣਗੇ ਅਤੇ ਹੋਰ ਕੋਈ ਚੈਨਲ ਇਸ ਨੂੰ ਨਹੀਂ ਚਲਾ ਸਕੇਗਾ। ਉਨ੍ਹਾਂ ਕਿਹਾ ਕਿ ਫਿਲਹਾਲ ਸੰਗਤ ਦੀ ਮੰਗ ਅਨੁਸਾਰ ਪੀ.ਟੀ.ਸੀ. ਚੈਨਲ ਨੂੰ ਗੁਰਬਾਣੀ ਪ੍ਰਸਾਰਨ ਕਰਨ ਲਈ ਅਧਿਕ੍ਰਿਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਅਧਿਕਾਰਤ ਯੂਟਿਊਬ ਅਤੇ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਗੁਰਬਾਣੀ ਪ੍ਰਸਾਰਨ ਲਈ ਚੁਣੀ ਕੰਪਨੀ ਨੂੰ ਅਦਾ ਕੀਤੇ ਜਾਣ ਵਾਲੇ 12 ਲੱਖ ਰੁਪਏ ਦੇ ਮਾਸਿਕ ਖਰਚੇ ਦਾ ਭੁਗਤਾਨ ਪੀ.ਟੀ.ਸੀ. ਵੱਲੋਂ ਕੀਤਾ ਜਾਵੇਗਾ। ਵੈੱਬ ਚੈਨਲ ਦਾ ਨਾਂ ਬਦਲਣ ਬਾਰੇ ਉਨ੍ਹਾਂ ਕਿਹਾ ਕਿ ਇਹ ਵਿਦਵਾਨਾਂ ਦੇ ਸੁਝਾਅ ਅਤੇ ਤਖਤਾਂ ਦੇ ਜਥੇਦਾਰਾਂ ਨਾਲ ਵਿਚਾਰ-ਵਟਾਂਦਰੇ ਮਗਰੋਂ ਕੀਤਾ ਗਿਆ ਹੈ, ਕਿਉਂਕਿ ਭਵਿੱਖ ਵਿਚ ਜੇਕਰ ਚੈਨਲ ਨਾਲ ਸਬੰਧਤ ਕੋਈ ਕਾਨੂੰਨੀ ਪੇਚੀਦਗੀ ਬਣਦੀ ਹੈ ਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਇਸ ਵਿਚੋਂ ਬਾਹਰ ਰਹੇਗਾ। ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਚੈਨਲ ਸ਼ੁਰੂ ਹੋਣ ਲਈ ਸੰਗਤ ਨੂੰ ਵਧਾਈ ਦਿੱਤੀ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ
(ਬੇਅ ਏਰੀਆ-ਕੈਲੀਫ਼ੋਰਨੀਆ)
22ਵੀਂ ਅੰਤਰ ਰਾਸ਼ਟਰੀ ਦੋ ਰੋਜ਼ਾ ਕਾਨਫ਼ਰੰਸ
ਮਿਤੀ: 28-29 ਅਕਤੂਬਰ, 2023
ਸਮਾਂ ਤੇ ਸਥਾਨ ਜਲਦੀ ਨਿਸ਼ਚਤ ਕੀਤਾ ਜਾਵੇਗਾ
ਇਸ ਕਾਨਫ਼ਰੰਸ ਵਿਚ ਇੰਡੀਆ, ਕੈਨੇਡਾ, ਆਸਟਰੇਲੀਆ ਤੋਂ ਇਲਾਵਾ ਅਮਰੀਕਾ ਤੋਂ ਵਿਦਵਾਨ ਅਤੇ ਲੇਖਕ ਸ਼ਾਮਲ ਹੋਣਗੇ।
ਜਾਰੀ ਕਰਤਾ:
ਕੁਲਵਿੰਦਰ (ਪ੍ਰਧਾਨ) 510-367-2090
ਜਗਜੀਤ (ਜਨਰਲ ਸਕੱਤਰ)-510-676-1565

Dhillon Travel Plaza
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ



ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph: 571-606-0829, 317-242-9936



Davenport Family Funeral Homes and Crematory
Lake Zurich (847) 550-4221
Crystal Lake (815) 459-3411
- On-Site Crematory
- Viewing Room Available
- Large, Beautiful Chapels
- Competitive Prices
Serving the Sikh Community with Dignity and Care
Please call or visit our website at www.davenportfamily.com
Davenport
FAMILY FUNERAL HOMES
And Crematory
Serving Families As We Would Want Ours Served
Barrington/Crystal Lake/Lake Zurich



Punjab Sports Club, Chicago
ਸੂਬੇਦਾਰ ਬਾਪੂ ਕਰਤਾਰ ਸਿੰਘ ਅਤੇ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿਚ ਕਬੱਡੀ ਟੂਰਨਾਮੈਂਟ
Sports (Kabaddi & Vollyball) & Cultural Festival
Sunday August 6th, 2023, (11AM to 7 PM)
BUSSE WOODS NO. 5, ELK GROVE VILLAGE
847-489-7773, 847-544-1788, 630-398-7052
Free Entry, Free Parking & Free Food, Free Mehndi Special For Ladies.
ਲਖਵੀਰ ਸਿੰਘ ਸਹੋਤਾ (ਪ੍ਰਧਾਨ)
ਮੁੱਖ ਮਹਿਮਾਨ
ਚੇਅਰਮੈਨ
ਵਿਸ਼ੇਸ਼ ਮਹਿਮਾਨ
ਦਰਸ਼ਨ ਸਿੰਘ ਧਾਲੀਵਾਲ
ਸੁਰਜੀਤ ਸਿੰਘ ਰੱਖੜਾ
ਜੇ ਪੀ ਖਹਿਰਾ
ਹੈਰੀ ਘੁਮਾਣ ਅਮਰਵੀਰ ਘੁਮਾਣ
ਕੰਗ ਪਰਿਵਾਰ (ਕਾਰਗੋ ਸਲਿਊਸ਼ਨਜ਼)
ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ
ਜਸਬੀਰ ਸਿੰਘ ਸੰਧੂ
ਏ ਜੇ ਸੰਧੂ, ਅਰਮਾਨ ਸਿੰਘ ਸੰਧੂ
ਓਮ ਨਾਰਲਾ
ਬੱਬੂ ਐਪਲਟਨ
ਜਗਜੀਤ ਢੀਂਡਸਾ
ਕੁਲਵੰਤ ਢਿੱਲੋਂ
ਡਾ. ਗੁਰਚਰਨ ਸਿੰਘ ਗਰੇਵਾਲ
ਅਜੀਤ ਸਿੰਘ
ਗੁਲਜ਼ਾਰ ਸਿੰਘ ਮੁਲਤਾਨੀ
ਰਵੀ ਹੰਝਰਾ
ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ
ਬਚਨ ਸਿੰਘ ਗਿੱਲ
ਪਾਖਰ ਸਿੰਘ ਸਿੱਧੂ
ਹਰਭਜਨ ਸਿੰਘ ਸੰਧਾਵਾਲੀਆ
ਜਗਦੀਸ਼ਰ ਸਿੰਘ
ਬਲਬੀਰ ਸਿੰਘ ਸੈਣੀ
ਸੁਰਜੀਤ ਸਿੰਘ ਤੂਰ
ਜਸਜੀਤ ਸਿੰਘ ਸਿੱਧੂ
ਗੁਰਦੇਵ ਸਿੰਘ ਜੌੜਾ
ਹਰਿੰਦਰ ਧਾਲੀਵਾਲ
ਪਰਮਜੀਤ ਮਹਿਰਾਜ
ਰੁਪਿੰਦਰ ਅਰੋੜਾ
ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਸਤਪਾਲ ਬੈਂਸ
ਕੁਲਜੀਤ ਗਿਲਜ਼ੀਆਂ
ਦੀਪਾ ਤੂਰ
ਗੈਰੀ ਤੂਰ
ਹਰਜਿੰਦਰ ਸਿੰਘ ਜਿੰਦੀ
ਭੁਪਿੰਦਰ ਸਿੰਘ ਟਿੰਕਾ
ਸੁਖਵਿਦਰ ਸਿੰਘ ਘੱਗਰ
ਜਰਨੈਲ ਸਿੰਘ ਮਿਆਣੀ
ਗੁਰਪ੍ਰੀਤ ਸਿੰਘ ਬਰਾੜ
ਨਰਿੰਦਰ ਸਿੰਘ ਮੁੰਦਰ
ਹਰੋਪਾਲ ਪੰਮਾ
ਅਮਰੀਕ ਸਿੰਘ ਸ਼ਿਕਾਗੋ
ਸੈਮ ਢਿੱਲੋਂ
ਸ਼ਿੰਦਾ ਚੀਮਾ
ਬਲਵਿੰਦਰ ਨਿੱਕ
ਅਕੀਲ ਬਾਈ
ਸੋਨੂੰ ਖਹਿਰਾ
ਹਰਿੰਦਰ ਟਿਵਾਣਾ
ਗਗਨਦੀਪ ਸਿੰਘ, ਸੰਤੋਖ ਘੁੰਮਣ
Regal Jewels
22k Gold & Diamonds
847-907-1525
Rajveer & Kaajal Gill
VEERGI.COM
CULTURAL SOCIETY
PUNJABI
CHICAGO
ਪੰਜਾਬੀ ਸਭਿਆਚਾਰਕ ਸਭਾ
ਸਵ. ਅਯੁਧਿਆ ਸਲਵਾਨ
Late Harinder Toor
Free Bus Shuttle from Gurdwara Sahib Palatine (Timing: 12-8 PM)

## Directors of Event



ਅਮਰਜੀਤ ਢੀਂਡਸਾ | ਲਖਬੀਰ ਢੀਂਡਸਾ

# Guest of Honour



ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਬਲਦੇਵ ਸਿੰਘ ਸਿੰਘ ਸਰਬਜੀਤ ਸਿੰਘ ਗੁਰਮੀਤ ਸਿੰਘ ਸੱਲ੍ਹਾਂ | ਲਵ ਮਿਨਹਾਸ | ਅਮਰਜੀਤ ਸੰਧਰ | ਅਮੋਲਕ ਸਿੰਘ ਗਾਖਲ

## ਗੋਲਡ ਸਪਾਂਸਰ



ਕੁਲਦੀਪ ਗਿੱਲ | ਦੀਦਾਰ ਸਿੰਘ ਧਨੋਆ | ਪ੍ਰਿਤਪਾਲ ਘੋਤੜਾ | ਸੰਨੀ ਧਾਮੀ | ਮਨਜੀਤ ਨਾਗਰਾ | ਭੁਪਿੰਦਰ ਧਾਲੀਵਾਲ | ਦਰਸ਼ਨ ਦਰੜ | ਗੁਰਿੰਦਰਜੀਤ ਸਿੰਘ ਗਰੇਵਾਲ | ਜੱਸੀ ਸਹੋਤਾ | ਬ੍ਰਿਜ ਸ਼ਰਮਾ | ਪਾਲ ਖਲੀਲ | ਸ਼ਾਨ ਸਿੰਘ ਸਹੋਤਾ | ਭੋਲਾ ਸਿੰਘ ਧੰਮ



ਦਲੀਪ ਸਿੰਘ ਢਿੱਲੋਂ | ਕੁਲਵਿੰਦਰ ਸਿੰਘ ਢਿੱਲੋਂ | ਸਤੀਸ਼ ਭਾਰਦਵਾਜ | ਪਾਲ ਭਾਰਦਵਾਜ | ਸੁੱਖਾ ਬਲ | ਸੋਹਣ ਗਿੱਲ | ਹਰਵਿੰਦਰ ਵਾਲੀਆ | ਰਾਣਾ ਸਿੰਘ ਵਿਰਕ | ਪਰਸ਼ਨ ਸਿੰਘ ਮਾਨ | ਜਸਵਿੰਦਰ ਸਿੰਘ ਬੁੱਢਾ ਦਲ | ਸਰਬਜੀਤ ਸਿੰਘ ਸਿੱਧੂ | ਜੱਗਾ ਬਾਜਵਾ

## ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ




ਬਲਵਿੰਦਰ ਸਿੰਘ | ਗੁਰਸਾਹਿਬ ਸਿੰਘ ਤੂਰ | ਪਰਮਿੰਦਰ ਸਿੰਘ ਗੋਲਡੀ | ਲਖਬੀਰ ਸਿੰਘ ਚੀਮਾ | ਜੱਸੀ ਧਾਲੀਵਾਲ | ਮੱਖਣ ਗਿੱਲ | ਰਿੰਪੀ ਖੱਟੜਾ | ਧਰਮਿੰਦਰ ਖੱਟੜਾ | ਰਾਜਿੰਦਰ ਸਿੰਘ ਬੈਂਸ | ਮਨਦੀਪ ਸਿੰਘ ਭੂਰਾ | ਸਤਵਿੰਦਰ ਸੱਤਾ



ਨਿਧਾਨ ਸਹੋਤਾ, ਨਿਸ਼ਾਨ ਸਹੋਤਾ | ਚਰਨਜੀਤ ਕਾਹਲੋਂ | ਭੁਪਿੰਦਰ ਸਿੰਘ ਸੋਢੀ | ਰਮਨ ਪੋਪਲੀ | ਸਤਵੰਤ ਨਿੱਜਰ | ਮਨਦੀਪ ਸਿੰਘ ਘੋਤੜਾ

### Royal Club Indiana



ਗੁਰਮੀਤ ਬੱਬਰ | ਗੁਰਪ੍ਰੀਤ ਗੋਪੀ | ਜੱਸੀ ਮਾਨ | ਜਿੰਦਰ ਧੰਜਲ | ਲਖਵੀਰ ਜੌਹਲ | ਸੈਮ ਖਟੜਾ



ਅਨਿਤ ਸ਼ਰਮਾ | ਕੁਲਦੀਪ ਸਿੰਘ ਲੰਗ | ਬੱਬੂ ਧਾਮੀ | ਡਾ. ਵਿਕਰਮ ਸਿੰਘ ਗਿੱਲ | ਗੁਰਬਖਸ਼ ਰੰਧਾਵਾ | ਸੈਮ ਭੁੱਲਰ | ਰਾਜਾ ਭੱਠਲ | ਮਨੀ ਸੰਧੂ | ਸਰਵਣ ਸਿੰਘ ਟਿਵਾਣਾ | ਸਤਵੰਤ ਸਿੰਘ ਅਟੱਲ | ਆਗਿਆਪਾਲ ਚਾਹਲ | ਭੁਪਿੰਦਰ ਸਿੰਘ



(ਪੰਜਾਬ ਸਪੋਰਟਸ ਕਲੱਬ ਮਿਡਵੈਸਟ)

### ਸ਼ੇਰ-ਏ-ਪੰਜਾਬ ਸਪੋਰਟਸ ਕਲੱਬ



ਬਲਜੀਤ ਟਿਵਾਣਾ | ਜਸਵਿੰਦਰ ਗਿੱਲ | ਦੀਪਇੰਦਰ ਵਿਰਕ | ਹਨੀ ਖੰਗੂੜਾ | ਕਮਲਜੀਤ ਘੁਮਾਣ | ਜਿੰਦੀ ਖੰਗੂੜਾ | ਜਿੰਦਰ ਬੈਨੀਪਾਲ


Ghoman Group

SHER-E-PUNJAB SPORTS & CULTURAL SOCIETY




SERVING WISCONSIN & ILLINOIS STATE

JESSE SINGH
Ph: 847-606-3664

RE/MAX

E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



## Chief Guest | Guest of Honour



Somnath Ghosh (Consulate General) | Raja Krishnamoorthi (Congressman) | Toni Preckwinkle (County Board President)

# Sponsors



ਪਾਲੀ ਧਾਲੀਵਾਲ | ਰਣਬੀਰ ਸਿੰਘ ਧਾਲੀਵਾਲ | ਸ਼ਮਸ਼ੇਰ ਬੋਪਾਰਾਏ | ਸੁਰਜੀਤ ਮਾਵੀ | ਅਮਰੀਕ ਟਿਵਾਣਾ | ਤਰਲੋਚਨ ਸੰਘਾ | ਜਸਬੀਰ ਸੁੱਗਾ | ਚਰਨਜੀਤ ਬਰਾੜ



ਹਰਜਿੰਦਰ ਸਮਰਾ | ਸਨੀ ਕੁਲਾਰ | ਲੱਕੀ ਘੋਤੜਾ | ਸੋਨੂੰ ਗਡਾਨੀ | ਗੁਰਮੀਤ ਗਡਾਨੀ | ਲੱਖਾ ਸਿੰਘ | ਕਿਰਨਜੀਤ ਸਿੰਘ ਖਾਲਸਾ | ਦਲਜੀਤ ਚਾਹਲ | ਜਸਵਿੰਦਰ ਪਨਾਮ | ਚਰਨ ਸਿੰਘ ਛੀਨਾ | ਰਾਣਾ ਸੇਖੋਂ | ਸਤੀਸ਼ ਖਟਾਣਾ | ਬਲਦੇਵ ਸਿੰਘ ਗਿੱਲ



ਗੁਰਮੁਖ ਸਿੰਘ | ਗੁਰਦੇਵ ਸਿੰਘ ਗਿੱਲ | ਜਸਵੀਰ ਸਿੰਘ ਲਾਲੀ | ਹਰਭਜਨ | ਖੇਮ ਸਿੰਘ ਵਿਰਕ | ਲੱਭਾ ਸਿੰਘ ਇੰਡੀਆਨਾ | ਕੁਲਦੀਪ ਸਿੰਘ ਟਾਂਡਾ | ਪਰਦੀਪ ਸਲਵਾਨ | ਕੁਲਵਿੰਦਰ ਸਿੰਘ ਗਿੱਲ | ਸਿਕੰਦਰ ਬਿੱਟੂ | ਅਮਰਜੀਤ ਚੀਮਾ | ਰੂਬੀ ਸਿੰਘ | ਹਰਵਿੰਦਰ ਸਿੰਘ ਬਬਲੂ



ਬਲਕਾਰ | ਸੁਰਜੀਤ | ਦਰਸ਼ਨ | ਓਂਕਾਰ ਸਿੰਘ | ਇੰਦਰਜੀਤ ਸਿੰਘ | ਨਿਰਮਲ | ਸੰਨੀ ਸਿੰਘ | ਤਾਲੀ ਭੱਠਲ | ਸੰਨੀ ਵਰਮਾ | ਹਰਸ਼ ਪੋਪਲੀ | ਓਂਕਾਰ ਕਾਰੀ | ਜਸਵੀਰ ਸਿੰਘ ਡਿਪਟੀ



ਮਹਾਂਬੀਰ ਚੀਮਾ | ਕੁਲਬੀਰ ਬੱਬੀ | ਅਜਮੇਰ ਸਿੰਘ ਇੰਡੀਆਨਾ | ਕੁਲਵਿੰਦਰ ਤੇ ਸੁੱਖੀ ਮਾਨ (ਅੰਬਰ ਪੈਲੇਸ) | ਮਨਪ੍ਰੀਤ ਕੰਗ | ਰਵਿੰਦਰ ਰਵੀ | ਲਖਬੀਰ ਸਿੰਘ ਸੰਧੂ | ਜੈਰਾਮ ਸਿੰਘ ਕਾਹਲੋਂ | ਬਾਬ ਹੁੰਦਲ | ਡਾ.ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ





ਜਸਵਿੰਦਰ ਸਿੰਘ ਗਿੱਲ | ਜਿੰਮੀ ਬਰਾੜ | ਮੱਖਣ ਬੰਦੇਸ਼ਾ | ਮਲਕੀਤ ਉਪਲ | ਗੁਰਿੰਦਰ ਢਿੱਲੋਂ | ਗੁਰਮੁਖ ਸਿੰਘ ਭੁੱਲਰ | ਰੇਸ਼ਮ ਸਿੰਘ ਖੱਖ | ਮਨਜੀਤ ਸਿੰਘ | ਜੱਸੀ ਪਰਮਾਰ (ਦੇਸੀ ਜੰਕਸ਼ਨ ਰੇਡੀਓ)



ਹੁਸ਼ਿਆਰ ਸਿੰਘ ਤੂਰ | ਸਵਰਨ ਸਿੰਘ | ਗੁਰਪ੍ਰੀਤ ਸਿੱਧੂ | ਵਿਕਰਮ ਸੋਹੀ



ਨਾਜਰ ਸਿੰਘ ਗਿੱਲ | ਲਾਲੀ ਸਿੱਧੂ | ਟੋਨੀ ਸੰਘੇੜਾ | ਹਰਭਜਨ ਸਿੰਘ ਚਾਹਲ | ਬੇਅੰਤ ਸਿੰਘ ਬੋਪਾਰਾਏ




ਪੀਸੀਐਸ ਮਿਸ਼ੀਗਨ ਗਰੁੱਪ



**ਜੈਜ਼ੀ ਬੀ ਲਾਈਵ ਬੈਂਡ ਨਾਲ ਪਰਫਾਰਮੈਂਸ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ।**

**ਕਬੱਡੀ ਕੁਮੈਂਟੇਟਰ: ਕਾਲਾ ਰਸ਼ੀਨ ਤੇ ਮੱਖਣ ਅਲੀ**

### ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡ ਵੈਸਟ)



ਦੀਪਾ ਬੰਦੇਸ਼ਾ | ਅਮਰਦੇਵ ਸਿੰਘ ਬੰਦੇਸ਼ਾ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਪੰਮਾ | ਅੰਮ੍ਰਿਤਪਾਲ ਗਿੱਲ | ਬਲਵਿੰਦਰ ਚੱਠਾ | ਲਖਵਿੰਦਰ ਸਿੰਘ | ਅਮਰਜੀਤ ਬੰਦੇਸ਼ਾ | ਮਨਜਿੰਦਰ ਸਿੰਘ



ਕਮਲ ਸਿੰਘ ਬੈਂਸ | ਗੁਰਪ੍ਰੀਤ ਮੱਲ੍ਹੀ | ਰਿੰਕੂ ਬੈਂਸ | ਪਰਮਿੰਦਰ ਮੁਲਤਾਨੀ | ਵਰਿੰਦਰ ਨਾਗਰਾ | ਭਿੰਦਰ ਪੰਮਾ | ਬਲਜਿੰਦਰ ਚੀਮਾ | ਮਨਪ੍ਰੀਤ ਸਿੰਘ | ਤੇਜਿੰਦਰ ਭੱਟੀ | ਹਰਿੰਦਰ ਸਰਾਂ

Contact: 847-338-3866, 630-205-9264, 630-290-7993, 214-457-1808, 708-228-8520, 224-578-5885, 608-322-9903, 630-479-0031

# ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ ਕੋਸ਼ ਮਹਾਨ ਕਿਉਂ ਹੈ?

## ਭਾਈ ਕਾਨ੍ਹ ਸਿੰਘ ਨਾਭਾ ਅਤੇ ਮਹਾਨ ਕੋਸ਼ ਬਾਰੇ ਵਿਚਾਰ ਚਰਚਾ

**ਸ਼ਿਕਾਗੋ:** ਪੈਲਾਟਾਈਨ ਪਬਲਿਕ ਲਾਇਬ੍ਰੇਰੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਅਤੇ ਉਨ੍ਹਾਂ ਦੀ ਮਹਾਨ ਰਚਨਾ ਮਹਾਨ ਕੋਸ਼ ਬਾਰੇ ਵਿਚਾਰ ਚਰਚਾ ਹੋਈ ਜਿਸ ਵਿਚ ਮੁੱਖ ਬੁਲਾਰੇ ਵਜੋਂ ਡਾ. ਮਦਨ ਲਾਲ ਹਸੀਜਾ ਸ਼ਾਮਿਲ ਹੋਏ। ਇਸੇ ਦੌਰਾਨ ਪ੍ਰੋ. ਕੁਲਵੰਤ ਸਿੰਘ ਹੁੰਦਲ, ਬਾਬਾ ਦਲਜੀਤ ਸਿੰਘ, ਡਾ. ਰੂਪ ਸਿੰਘ, ਸ. ਰਣਜੀਤ ਸਿੰਘ, ਪ੍ਰੋ. ਜਸਪਾਲ ਸਿੰਘ ਅਤੇ ਪ੍ਰੋ. ਦਰਸ਼ਨ ਸਿੰਘ ਗਰੇਵਾਲ ਨੇ ਵੀ ਵਿਚਾਰ ਚਰਚਾ ਵਿਚ ਹਿੱਸਾ ਲਿਆ।

ਸਮਾਗਮ ਦੇ ਮੁੱਖ ਬੁਲਾਰੇ ਡਾ. ਮਦਨ ਲਾਲ ਹਸੀਜਾ ਜਿਨ੍ਹਾਂ ਦੀਆਂ 22 ਕਿਤਾਬਾਂ ਛਪ ਚੁੱਕੀਆਂ ਹਨ ਤੇ ਉਹ ਪੰਜਾਬ ਭਾਸ਼ਾ ਵਿਭਾਗ ਦੇ ਡਾਇਰੈਕਟਰ ਰਹਿ ਚੁੱਕੇ ਹਨ, ਨੇ ਖੁਲਾਸਾ ਕੀਤਾ ਕਿ ਜਦੋਂ ਉਹ ਭਾਸ਼ਾ ਵਿਭਾਗ ਦੇ ਡਾਇਰੈਕਟਰ ਵਜੋਂ ਕਿਤਾਬਾਂ ਛਾਪਣ ਦਾ ਕਾਰਜ ਕਰ ਰਹੇ ਸਨ ਤਾਂ ਖਿਆਲ ਆਇਆ ਕਿ ਮਹਾਨ ਕੋਸ਼ ਵਿਚ ਦੁਨੀਆ ਭਰ ਦਾ ਗਿਆਨ ਹੈ ਪਰ ਇਹ ਸਿਰਫ਼ ਪੰਜਾਬੀ ਤੇ ਸਿੱਖੀ ਤਕ ਹੀ ਸੀਮਤ ਹੈ, ਕਿਉਂ ਨਾ ਇਸ ਦਾ ਅੰਗਰੇਜ਼ੀ ਵਿਚ ਤਰਜਮਾ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਹਿੰਦੂ ਮਿਥਿਹਾਸ ਦਾ ਜਿੰਨਾ ਗਿਆਨ ਮਹਾਨ ਕੋਸ਼ ਵਿਚ ਹੈ, ਹੋਰ ਕਿਤੇ ਸ਼ਾਇਦ ਨਹੀਂ ਹੈ। ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ ਸ਼ਬਦਾਂ ਦਾ ਵਿਸਥਾਰ ਸਹਿਤ ਵੇਰਵਾ ਕਿਤੇ ਨਹੀਂ ਮਿਲਦਾ। ਜੜੀ ਬੂਟੀਆਂ ਦਾ ਗਿਆਨ ਹੱਦੋਂ ਵੱਧ ਇਸ ਵਿਚ ਮਿਲਦਾ ਹੈ। ਜਾਤਾਂ ਗੋਤਾਂ ਬਾਰੇ ਵਿਸਥਾਰ ਸਹਿਤ ਦੱਸਿਆ ਗਿਆ ਹੈ। ਤਰਜਮੇ ਦੇ ਇੰਨੇ ਵੱਡੇ ਪ੍ਰੋਜੈਕਟ ਨੂੰ ਹੱਥ ਪਾਉਣਾ ਕੋਈ ਸੌਖਾ ਕੰਮ ਨਹੀਂ ਸੀ। ਹੁਣ ਤਾਂ ਬਹੁਤੇ ਸ਼ਬਦ ਲੋਪ ਹੋ ਗਏ ਹਨ। ਇਕੋ ਲਫ਼ਜ਼ ਦੇ ਅਲੱਗ-ਅਲੱਗ ਭਾਸ਼ਾ ਵਿਚ ਅਲੱਗ-ਅਲੱਗ ਥਾਵਾਂ 'ਤੇ ਅਲੱਗ-ਅਲੱਗ ਅਰਥ ਹਨ ਪਰ ਇਸ ਵਿਚ ਮੂਲ ਸ਼ਬਦ ਤੇ ਅਰਥ ਨਾਲ ਛੇੜ-ਛਾੜ ਨਹੀਂ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਲਫ਼ਜ਼ ਨੇ ਜਿੱਥੇ ਅੱਧਕ, ਬਿੰਦੀ ਨਹੀਂ ਪਰ ਬੋਲਣ ਵਿਚ ਲਗਦੀ ਹੈ। ਫਿਰ ਅੰਗਰੇਜ਼ੀ ਦੇ ਤਾਂ ਅੱਖਰ ਹੀ 25 ਹਨ। ਉਨ੍ਹਾਂ ਤਹਿਤ ਗੁਰਮੁਖੀ ਦੇ 35 ਅੱਖਰ ਅਤੇ ਮਾਤਰਾਵਾਂ ਦਾ ਸਹੀ ਉਚਾਰਨ ਕਿਵੇਂ ਹੋਵੇ? ਹਰ ਬੋਲੀ ਦਾ ਆਪਣਾ ਉਚਾਰਨ ਹੈ। ਫਿਰ ਮਿਥਿਹਾਸ ਦੀ ਪੁਸ਼ਟੀ ਕਿਵੇਂ ਹੋਵੇ? ਬਹੁਤ ਥਾਵਾਂ 'ਤੇ ਨਾਂ ਬਦਲ ਚੁੱਕੇ ਹਨ। ਵੱਡੀ ਸਮੱਸਿਆ ਸ਼ੁਰੂਆਤ ਦੀ ਵੀ ਸੀ। ਪੰਜਾਬੀ 'ੳ' ਤੋਂ ਸ਼ੁਰੂ ਹੁੰਦੀ ਹੈ ਅਤੇ ਅੰਗਰਜ਼ੀ 'ਏ' ਤੋਂ। ਫਿਰ ਫ਼ੈਸਲਾ ਹੋਇਆ ਕਿ 'ੳ' ਤੋਂ ਹੀ ਸ਼ੁਰੂਆਤ ਕੀਤੀ ਜਾਵੇ। ਆਖਰ ਪੰਜਾਬੀ ਯੂਨੀਵਰਸਿਟੀ ਨੇ ਸਹਿਮਤੀ ਦੇ ਦਿੱਤੀ, ਵੱਖ-ਵੱਖ ਮਾਹਿਰ ਇਕੱਠੇ ਕੀਤੇ ਗਏ। ਕਮੇਟੀਆਂ ਬੋਰਡ ਬਣੇ। ਨਾਭੇ ਵਾਲੇ ਰਾਜੇ ਦੇ ਵਾਰਿਸਾਂ ਨੇ ਫੰਡ ਦੀ ਹਾਮੀ ਭਰ ਦਿੱਤੀ ਤਾਂ ਜਾ ਕੇ 4 ਸਾਲ ਵਿਚ



ਮੁਕੰਮਲ ਤਰਜਮਾ ਹੋਇਆ। ਕੁਝ ਭਾਗ ਛਪ ਵੀ ਗਏ ਅਤੇ ਨੈੱਟ 'ਤੇ ਵੀ ਪਾ ਦਿੱਤੇ ਗਏ।

ਪ੍ਰੋ. ਕੁਲਵੰਤ ਸਿੰਘ ਹੁੰਦਲ ਜੋ ਜਲੰਧਰ ਵਿਚ ਕਾਲਜ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਸ਼ਿਕਾਗੋ ਦੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ, ਨੇ ਦੱਸਿਆ ਕਿ ਭਾਈ



ਕਾਨ੍ਹ ਸਿੰਘ 30 ਅਗਸਤ 1861 ਨੂੰ ਪਟਿਆਲਾ ਰਿਆਸਤ ਦੇ ਸਬਜ ਬਨੇਰਾ ਪਿੰਡ ਵਿਚ ਸੰਤ ਨਰੈਣ ਸਿੰਘ ਤੇ ਮਾਤਾ ਹਰ ਕੌਰ ਦੇ ਘਰ ਪੈਦਾ ਹੋਏ ਤੇ 24 ਨਵੰਬਰ 1938 ਨੂੰ ਆਪਣੀ ਜੀਵਨ ਯਾਤਰਾ ਮੁਕੰਮਲ ਕਰ ਗਏ। ਉਨ੍ਹਾਂ ਕਿਸੇ ਸਕੂਲ ਤੋਂ ਕੋਈ ਪ੍ਰਚਲਿਤ ਵਿਦਿਆ ਪ੍ਰਾਪਤ ਨਹੀਂ ਕੀਤੀ ਪਰ ਲਗਨ ਤੇ ਦ੍ਰਿੜਤਾ ਨੇ ਉਨ੍ਹਾਂ ਦੀ ਗਿਆਨ ਪ੍ਰਾਪਤੀ ਅਤੇ ਵਿਦਵਤਾ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਉਨ੍ਹਾਂ ਦੇ ਪਿਤਾ ਜੀ ਗੁਰਦੁਆਰਾ ਡੇਰਾ ਬਾਬਾ ਅਜੈਪਾਲ ਸਿੰਘ ਨਾਭਾ ਦਾ ਪ੍ਰਬੰਧ ਚਲਾਉਂਦੇ ਸਨ; ਸੋ, ਘਰੇ ਧਾਰਮਿਕ ਮਾਹੌਲ ਸੀ। ਉਹ 10 ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਵਿਚੋਂ ਵੇਰਵੇ ਦੇ ਦਿੰਦੇ ਸੀ। ਲੋਕਲ ਪੰਡਿਤਾਂ ਤੋਂ ਸੰਸਕ੍ਰਿਤ ਸਿੱਖੀ, ਗੀਤ-ਸੰਗੀਤ ਮਹੰਤ ਗੱਜਾ ਸਿੰਘ ਤੋਂ ਸਿੱਖਿਆ। ਦਿੱਲੀ ਜਾ ਕੇ ਫਾਰਸੀ ਸਿੱਖੀ। ਉੱਥੇ ਉਨ੍ਹਾਂ ਦੀ ਨੇੜਤਾ ਸਿੰਘ ਸਭਾ ਲਹਿਰ ਦੇ ਆਗੂ ਗੁਰਮੁਖ ਸਿੰਘ ਨਾਲ ਹੋ ਗਈ ਤੇ ਉਨ੍ਹਾਂ ਸੁਧਾਰਕ ਕਿਤਾਬ ਛਪਵਾਉਣ ਵਿਚ ਮਦਦ ਕੀਤੀ। ਉਥੇ ਹੀ ਉਨ੍ਹਾਂ ਦੀ ਡਿਊਟੀ ਨਾਭੇ ਦੇ ਹੋਣ ਵਾਲੇ ਰਾਜੇ ਰਿਪੁਦਮਨ ਸਿੰਘ ਨੂੰ ਪੜ੍ਹਾਉਣ ਦੀ ਲੱਗ ਗਈ। ਫਿਰ ਨਾਭਾ ਰਿਆਸਤ ਵਿਚ ਉਹ ਡੀ.ਸੀ., ਵਿਦੇਸ਼ ਮੰਤਰੀ, ਨਿੱਜੀ ਸਕੱਤਰ ਮਹਾਰਾਜਾ ਹੀਰਾ ਸਿੰਘ, ਹਾਈ ਕਰੋਟ ਦੇ ਜੱਜ ਰਹੇ। 1915-17 ਵਿਚ ਉਹ ਪਟਿਆਲਾ ਰਿਆਸਤ ਨਾਲ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ।

ਉਨ੍ਹਾਂ ਦੱਸਿਆ ਕਿ 1885 ਵਿਚ ਉਨ੍ਹਾਂ ਦੀ ਮੁਲਾਕਾਤ ਐਮ.ਏ. ਮੈਕਾਲਿਫ਼ ਨਾਲ ਹੋ ਗਈ ਜਿਸ ਨੇ ਸਿੱਖ ਧਰਮ 'ਤੇ 6 ਭਾਗਾਂ ਵਿਚ ਕਿਤਾਬਾਂ ਲਿਖੀਆਂ। ਉਨ੍ਹਾਂ ਦੀ ਮਿੱਤਰਤਾ ਇੰਨੀ ਵਧ ਗਈ ਕਿ ਇਨ੍ਹਾਂ ਭਾਗਾਂ ਦੇ ਕਾਪੀਰਾਈਟ ਉਨ੍ਹਾਂ ਦੇ ਨਾਂ ਕਰ ਦਿੱਤੇ। ਮੈਕਾਲਿਫ ਕੋਲ ਇੰਗਲੈਂਡ ਦੋ ਕੋਠੀਆਂ ਸਨ ਜਿਨ੍ਹਾਂ ਵਿਚੋਂ ਇਕ ਉਨ੍ਹਾਂ ਨੂੰ ਦੇ ਦਿੱਤੀ। ਉਹ ਆਪਣੀ ਨਾਗਰਿਕਤਾ ਵੀ ਬ੍ਰਿਟਿਸ਼ ਇੰਡੀਅਨ ਲਿਖਦੇ ਸਨ। ਉਨ੍ਹਾਂ ਗੁਰਬਾਣੀ 'ਤੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ; ਜਿਵੇਂ ਗੁਰਮਤਿ ਪ੍ਰਭਾਕਰ, ਗੁਰਮਿਤ ਸੁਧਾਰਕ, ਰਾਜ ਧਰਮ, ਗੁਰਮਤਿ ਦਿਵਾਕਰ, ਗੁਰ ਸ਼ਬਦ ਅੰਲਕਾਰ, ਰੂਪ ਦੀਪ ਪਿੰਗਲ, ਗੁਰਮਤਿ ਮਾਰਤੰਡ, ਵਧੇਰੇ ਮਕਬੂਲੀਅਤ 'ਹਮ ਹਿੰਦੂ ਨਹੀਂ' ਨੂੰ ਮਿਲੀ ਪਰ ਅਮਰ ਰਚਨਾ ਮਹਾਨ ਕੋਸ਼ ਹੀ ਹੈ ਜਿਸ ਵਿਚ ਤਕਰੀਬਨ 64263 ਸ਼ਬਦ ਹਨ। ਇਸ ਨੂੰ ਲਿਖਣ ਲੱਗਿਆਂ ਤਕਰੀਬਨ 15 ਸਾਲ ਲੱਗੇ ਤੇ ਸਾਰਾ ਖਰਚਾ ਰਿਆਸਤ ਨਾਭਾ ਨੇ ਦਿੱਤਾ। ਇਸ ਵਿਚ ਨਾ ਕੇਵਲ ਗੁਰਬਾਣੀ ਦੇ ਸ਼ਬਦਾਂ ਦੀ ਪਰਿਭਾਸ਼ਾ ਹੈ ਬਲਕਿ ਫਾਰਸੀ, ਅਰਬੀ, ਹਿੰਦੀ, ਸੰਸਕ੍ਰਿਤ, ਹਿੰਦੂ ਧਰਮ, ਇਸਲਾਮ, ਇਸਾਈ ਤੇ ਯਹੂਦੀ ਧਰਮਾਂ ਦੇ ਸ਼ਬਦ ਅਰਥ ਵੀ ਕੀਤੇ ਹਨ। ਕਿਹੜਾ ਸ਼ਬਦ ਕਿਹੜੀ ਭਾਸ਼ਾ ਵਿਚੋਂ ਕਿਹੜੇ ਇਲਾਕੇ ਵਿਚੋਂ ਆਇਆ, ਕਿਹੜਾ ਰਾਗ, ਉਹਦੀ ਬਣਤਰ ਵਕਤ ਆਦਿ ਦਾ ਭਰਪੂਰ ਗਿਆਨ ਦਿੱਤਾ ਹੈ।

ਬਾਬਾ ਦਲਜੀਤ ਸਿੰਘ ਜੋ ਇਲੀਨਾਏ ਦੇ ਰੌਕਫੋਰਡ ਸ਼ਹਿਰ ਵਿਚ ਨਾਨਕਸਰ ਸਿੱਖ ਟੈਂਪਲ ਦਾ ਪ੍ਰਬੰਧ ਚਲਾਉਂਦੇ ਹਨ ਅਤੇ ਜਿਨ੍ਹਾਂ ਨੂੰ ਯੂਨੀਵਰਸਿਟੀ ਨੇ ਪ੍ਰੋਫੈਸਰ ਦੀ ਪਦਵੀ ਦਿਤੀ ਹੈ, ਨੇ ਦੱਸਿਆ ਕਿ ਮਹਾਨ ਕੋਸ਼ ਦਾ ਅਸਲ ਨਾਂ 'ਗੁਰਸ਼ਬਦ ਰਤਨਾਕਰ' ਸੀ ਪਰ ਇਸ ਦੀ ਅਮਰ ਵਿਦਵਤਾ ਨੂੰ ਭਾਂਪਦਿਆਂ ਇਸ ਨੂੰ ਮਹਾਨ ਕੋਸ਼ ਕਿਹਾ ਜਾਂਦਾ ਹੈ। ਸਿੱਖ ਧਰਮ ਦੀ ਵਿਆਖਿਆ ਕਰਨ ਵਿਚ ਇਸ ਦਾ ਸਾਨੀ ਕੋਈ ਨਹੀਂ, ਇਸੇ ਕਰਕੇ ਅੰਗਰੇਜ਼ੀ ਵਾਲਿਆਂ ਇਸ ਨੂੰ 'ਐਨਸਾਈਕਲੋਪੀਡੀਆ ਆਫ ਸਿੱਖ ਲਿਟਰੇਚਰ' ਕਿਹਾ ਹੈ। ਗੁਰਬਾਣੀ ਦੇ ਟੀਕੇ ਜਾਂ ਕੋਸ਼ ਪਹਿਲਾਂ ਵੀ ਲਿਖੇ ਜਾ ਚੁੱਕੇ ਸਨ ਪਰ ਇੰਨੀ ਬਾਰੀਕੀ ਨਾਲ ਨਹੀਂ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਦੱਸਿਆ ਕਿ ਇਕੋ ਲਫ਼ਜ਼ ਦੇ ਅਰਥ ਦੂਜੀਆਂ ਭਾਸ਼ਾਵਾਂ ਵਿਚ ਕੀ ਹਨ। ਅਰਥ ਕਿਉਂਕਿ ਬਦਲ ਜਾਂਦੇ ਹਨ, ਇਸੇ ਤਰ੍ਹਾਂ ਲਫ਼ਜ਼ ਦਾ ਲਾਈਨ ਵਿਚ ਅਰਥ ਬਦਲ ਜਾਂਦਾ ਹੈ। ਇਕੋ ਲਫ਼ਜ਼ ਦੇ ਵੱਖ-ਵੱਖ ਅਰਥ ਨਿਕਲਦੇ ਹਨ; ਜਿਵੇਂ ਪਾਣੀ ਦੇ ਜਲ, ਨੀਰ, ਹੰਝੂ ਆਦਿ। ਉਨ੍ਹਾਂ ਦਾ ਨਾਭਾ ਤੇ ਪਟਿਆਲਾ, ਦੋਹਾਂ ਰਿਆਸਤਾਂ ਵਿਚ ਬਹੁਤ ਸਤਿਕਾਰ ਸੀ। ਨਾਲ ਦੀਆਂ ਰਿਆਸਤਾਂ ਹੋਣ ਕਰਕੇ ਕਈ ਵਾਰ ਕੁਝ ਮਸਲਿਆਂ 'ਤੇ ਅਸਹਿਮਤੀ ਵੀ ਹੋ ਜਾਂਦੀ ਜਿਵੇਂ ਦੁਲੱਦੀ ਪਿੰਡ ਕਰਕੇ ਹੋਇਆ ਪਰ ਭਾਈ ਸਾਹਿਬ ਨੇ ਵਿਚ ਪੈ ਕੇ ਸੁਲ੍ਹਾ ਕਰਵਾ ਦਿੱਤੀ।

ਡਾ. ਰੂਪ ਸਿੰਘ ਜਿਨ੍ਹਾਂ ਦੀਆਂ 22 ਕਿਤਾਬਾਂ ਛਪ ਚੁੱਕੀਆਂ ਹਨ (3 ਛਪ ਰਹੀਆਂ ਹਨ) ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕਈ ਅਹਿਮ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਹਨ, ਨੇ ਕਿਹਾ ਕਿ ਭਾਈ ਕਾਨ੍ਹ ਸਿੰਘ ਬਾਰੇ ਸੈਮੀਨਾਰ ਕਰਵਾਉਣਾ ਉਨ੍ਹਾਂ ਦੀ ਰੀਝ ਸੀ ਅਤੇ ਇਸ ਸਮਾਗਮ ਵਿਚ ਸ਼ਿਰਕਤ ਕਰ ਕੇ ਇਕ ਤਰ੍ਹਾਂ ਨਾਲ ਮਨ ਦੀ ਮੁਰਾਦ ਪੂਰੀ ਹੋ ਗਈ ਹੈ। ਜੋ ਅਹਿਮ ਜਾਣਕਾਰੀ ਮਹਾਨ ਕੋਸ਼ ਵਿਚ ਹੈ, ਉਹ ਕਿਤੇ ਵੀ ਨਹੀਂ ਮਿਲਦੀ। ਉਨ੍ਹਾਂ ਖ਼ੁਸ਼ੀ ਜ਼ਾਹਿਰ ਕੀਤੀ ਕਿ ਸਰੋਤੇ ਬੁਲਾਰਿਆਂ ਨੂੰ ਬੜੇ ਸਬਰ-ਸੰਤੋਖ ਨਾਲ ਸੁਣ ਰਹੇ ਹਨ। ਉਨ੍ਹਾਂ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

ਭਾਰਤੀ ਕੌਂਸਲੇਟ ਦੇ ਸਭਿਆਚਾਰਕ ਡਾਇਰੈਕਟਰ ਰਣਜੀਤ ਸਿੰਘ ਜਿਨ੍ਹਾਂ ਸ਼ਿਕਾਗੋ ਵਿਚ ਪੰਜਾਬੀ ਮਾਂ-ਬੋਲੀ ਲਈ ਕਈ ਅਹਿਮ ਕਦਮ ਚੁੱਕੇ ਹਨ, ਨੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਨ੍ਹਾਂ ਐਨਸਾਈਕਲੋਪੀਡੀਆ ਦੇ ਮਤਲਬ ਸਮਝਾਏ ਅਤੇ ਸੁਝਾਅ ਦਿੱਤਾ ਕਿ ਜੇ ਕੁਝ ਨਵੇਂ ਸ਼ਬਦਾਂ ਦਾ ਪਤਾ ਲੱਗਦਾ ਹੈ ਤਾਂ ਉਹ ਵੀ ਮੂਲ ਨਾਲ ਛੇੜ-ਛਾੜ ਕਰਨ ਤੋਂ ਬਿਨਾਂ ਸ਼ਾਮਲ ਕਰ ਲੈਣੇ ਚਾਹੀਦੇ ਹਨ। ਲੁਧਿਆਣੇ ਖ਼ਾਲਸਾ ਕਾਲਜ ਵਿਚ ਪੰਜਾਬੀ ਦੇ ਪ੍ਰੋਫੈਸਰ ਜਸਪਾਲ ਸਿੰਘ ਨੇ ਸਿੱਖੀ ਵਿਚ ਆਏ ਕਾਰ-ਵਿਹਾਰਾਂ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਸਿੱਖੀ ਨੂੰ ਸਮਝਣ ਦੀ ਲੋੜ ਹੈ, ਪਖੰਡ ਨਹੀਂ ਕਰਨੇ ਚਾਹੀਦੇ।

ਪ੍ਰੋ. ਦਰਸ਼ਨ ਸਿੰਘ ਗਰੇਵਾਲ ਆਪਣੇ ਨਾਲ ਬਹੁਤ ਸਮਾਂ ਪਹਿਲਾਂ ਛਪੇ ਮਹਾਨ ਕੋਸ਼ ਦੀ ਕਾਪੀ ਲੈ ਕੇ ਆਏ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਇਸ ਤੋਂ ਵੀ ਪੁਰਾਣਾ ਮਹਾਨ ਕੋਸ਼ ਹੈ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਨਿਰਮਲਿਆਂ ਦਾ ਹੈ। ਉਹ ਹਰ ਸੰਸਥਾ ਅਤੇ ਧਰਮ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਸਮਾਗਮ ਤੋਂ ਉਨ੍ਹਾਂ ਨੂੰ ਬਹੁਤ ਕੁਝ ਨਵਾਂ ਸਿੱਖਣ ਤੇ ਸਮਝਣ ਨੂੰ ਮਿਲਿਆ ਹੈ। ਅਜਿਹੀਆਂ ਧਾਰਮਿਕ ਸਾਹਿਤਕ ਚਰਚਾਵਾਂ ਕਰਵਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਸਮੁੱਚੇ ਪ੍ਰੋਗਰਾਮ ਦਾ ਇੰਤਜ਼ਾਮ ਠਾਕਰ ਸਿੰਘ ਬਸਾਤੀ ਨੇ ਕੀਤਾ ਅਤੇ ਚਾਹ ਪਾਣੀ ਦੀ ਜ਼ਿੰਮੇਵਾਰੀ ਰਾਜਿੰਦਰ ਕੌਰ ਬਸਾਤੀ ਨੇ ਨਿਭਾਈ।

# ਹੜ੍ਹਾਂ ਨਾਲ ਤਬਾਹੀ ਪਿੱਛੋਂ ਜ਼ਿੰਦਗੀ ਨੂੰ ਮੁੜ ਲੀਹੇ ਪਾਉਣ ਲਈ ਜੱਦੋ-ਜਹਿਦ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਹੜ੍ਹਾਂ ਦਾ ਪਾਣੀ ਘਟਣ ਕਾਰਨ ਹੁਣ ਜ਼ਿੰਦਗੀ ਮੁੜ ਲੀਹ ਉਤੇ ਪਰਤਣ ਲੱਗੀ ਹੈ। ਜਾਣਕਾਰੀ ਅਨੁਸਾਰ ਹੁਣ ਤੱਕ ਸੂਬੇ ਦੇ 19 ਜ਼ਿਲ੍ਹਿਆਂ ਦੇ 1460 ਦੇ ਕਰੀਬ ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹੋ ਚੁੱਕੇ ਹਨ, ਜਦੋਂ ਕਿ 40 ਜਣਿਆਂ ਦੀ ਮੌਤ ਹੋ ਚੁੱਕੀ ਹੈ। ਮੌਜੂਦਾ ਸਮੇਂ ਘੱਗਰ ਕਰ ਕੇ ਸਰਦੂਲਗੜ੍ਹ ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਸੰਤਾਪ ਭੋਗਣਾ ਪਿਆ।

ਪੰਜਾਬ 'ਚ ਹੜ੍ਹਾਂ ਤੋਂ ਪ੍ਰਭਾਵਿਤ 26,800 ਲੋਕਾਂ ਨੂੰ ਸਰਕਾਰੀ ਏਜੰਸੀਆਂ ਤੇ ਗੈਰ ਸਰਕਾਰੀ ਸੰਸਥਾਵਾਂ ਨੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਸੂਬੇ ਵਿਚ ਕੁੱਲ 155 ਰਾਹਤ ਕੈਂਪ ਚੱਲ ਰਹੇ ਹਨ, ਜਿਨ੍ਹਾਂ ਵਿਚ 4560 ਲੋਕਾਂ ਦਾ ਆਰਜ਼ੀ ਵਸੇਬਾ ਕੀਤਾ ਗਿਆ ਹੈ। ਇਸ ਵੇਲੇ ਤਰਨ ਤਾਰਨ, ਫਿਰੋਜ਼ਪੁਰ, ਫਤਹਿਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਕਪੂਰਥਲਾ, ਪਟਿਆਲਾ, ਮੋਗਾ, ਲੁਧਿਆਣਾ, ਐਸ.ਏ.ਐਸ. ਨਗਰ, ਜਲੰਧਰ, ਸੰਗਰੂਰ, ਐੱਸ.ਬੀ.ਐਸ. ਨਗਰ, ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਬਠਿੰਡਾ ਅਤੇ ਪਠਾਨਕੋਟ ਸਮੇਤ 19 ਜ਼ਿਲ੍ਹੇ ਹੜ੍ਹਾਂ ਨਾਲ ਪ੍ਰਭਾਵਿਤ ਹਨ। ਹਰਿਆਣਾ ਦੇ ਚਾਂਦਪੁਰਾ ਤੋਂ ਲੈ ਕੇ ਪੰਜਾਬ ਦੇ ਸਰਦੂਲਗੜ੍ਹ ਤੱਕ ਘੱਗਰ ਦਰਿਆ ਦੇ 60-70 ਕਿਲੋਮੀਟਰ ਦੇ ਖੇਤਰ 'ਚ ਇਕ ਦਰਜਨ ਤੋਂ ਵੱਧ ਪਾੜ ਪੈਣ ਕਾਰਨ ਮਾਨਸਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਬੁਢਲਾਡਾ, ਸਰਦੂਲਗੜ੍ਹ ਅਤੇ ਰਤੀਆ (ਹਰਿਆਣਾ) ਦੇ ਦਰਜਨਾਂ ਪਿੰਡਾਂ ਦੇ ਸਾਰੇ ਸੜਕੀ ਸੰਪਰਕ ਟੁੱਟ ਗਏ। ਹੜ੍ਹਾਂ ਤੋਂ ਪ੍ਰਭਾਵਿਤ ਇਨ੍ਹਾਂ ਪਿੰਡਾਂ 'ਚ ਸਿਰਫ ਕਿਸ਼ਤੀ ਰਾਹੀਂ ਹੀ ਪਹੁੰਚਿਆ ਜਾ ਸਕਦਾ ਸੀ। ਜਾਣਕਾਰੀ ਅਨੁਸਾਰ ਬੁਢਲਾਡਾ ਹਲਕੇ ਦੇ ਪਿੰਡ ਬੀਰੇਵਾਲਾ ਡੋਗਰਾ, ਰਿਉਂਦ ਕਲਾਂ, ਰਿਉਂਦ ਖੁਰਦ, ਕੁਲਰੀਆਂ, ਗੋਰਖਨਾਥ, ਮੰਡੇਰ ਅਤੇ ਹਰਿਆਣਾ ਦੇ ਪਿੰਡ ਬੱਬਣਪੁਰ, ਬਾਦਲਗੜ੍ਹ, ਚਾਂਦਪੁਰਾ, ਬਾਹਮਣਵਾਲਾ, ਲੁਠੇਰਾ, ਨੰਗਲ, ਸਰਦਾਰੇਵਾਲਾ ਅਤੇ ਰੋਜ਼ਾਵਾਲੀ 'ਚ ਫਸਲਾਂ ਦਾ 100 ਫੀਸਦੀ ਨੁਕਸਾਨ ਹੋਇਆ ਹੈ। ਧਰਾਤਲ ਤੋਂ ਜ਼ਿਆਦਾ ਨੀਵੇਂ ਹੋਣ ਕਾਰਨ ਪਿੰਡ ਬੀਰੇਵਾਲਾ ਡੋਗਰਾ, ਰਿਉਂਦ ਕਲਾਂ, ਰਿਉਂਦ ਖੁਰਦ, ਸਾਧੂਵਾਲਾ ਅਤੇ ਫੂਸਮੰਡੀ ਵਿੱਚ 6-6 ਫੁੱਟ ਪਾਣੀ ਜਮ੍ਹਾਂ ਹੋ ਗਿਆ। ਹੜ੍ਹਾਂ ਤੋਂ ਪ੍ਰਭਾਵਿਤ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਪੀਣ ਵਾਲੇ ਪਾਣੀ, ਮੱਛਰ, ਸਿਹਤ ਸਹੂਲਤਾਂ ਤੇ ਪਸ਼ੂਆਂ ਲਈ ਹਰੇ ਚਾਰੇ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਦੋ ਹਫਤੇ ਪਹਿਲਾਂ ਪਏ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਕਰਕੇ ਚਮਕੌਰ ਸਾਹਿਬ ਦੇ ਇਲਾਕੇ ਖਾਸਕਰ ਬੇਟ ਤੇ ਮੰਡ ਖੇਤਰ 'ਚ ਭਾਰੀ ਤਬਾਹੀ ਹੈ। ਇਲਾਕੇ 'ਚ ਵਗਦੀਆਂ ਸੀਸਵਾਂ ਤੇ ਬੁੱਦਕੀ ਨਦੀਆਂ ਦਾ ਬੰਨ੍ਹ ਕਈ ਥਾਂ ਤੋਂ ਟੁੱਟਿਆ ਹੈ ਤੇ ਪਿੰਡ ਕਮਾਲਪੁਰ ਨੇੜੇ ਨਦੀ ਸਦੀ ਪੁਰਾਣੇ ਬੰਨ੍ਹ ਨੂੰ ਤੋੜ ਕੇ ਸਰਹਿੰਦ ਨਹਿਰ ਵਿਚ ਵੀ ਦਾਖਲ ਹੋ ਚੁੱਕੀ ਹੈ, ਜਿੱਥੇ ਕਿ ਹੁਣ ਪ੍ਰਸ਼ਾਸਨ ਵੱਲੋਂ ਕਈ ਮਸ਼ੀਨਾਂ ਸਮੇਤ ਸੈਂਕੜੇ ਮਜ਼ਦੂਰ ਲਗਾ ਕੇ ਬੰਨ੍ਹ ਲਗਾਇਆ ਗਿਆ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਕਈ ਦਹਾਕਿਆਂ ਤੋਂ ਇਨ੍ਹਾਂ ਨਾਲਿਆਂ, ਨਦੀਆਂ ਤੇ ਸਤਲੁਜ ਦੇ ਧੁੱਸੀ ਬੰਨ੍ਹ ਦੀ ਸਰਕਾਰੀ ਪੱਧਰ ਉਤੇ ਕੋਈ ਖਾਸ ਮੁਰੰਮਤ ਜਾਂ ਸਫਾਈ ਨਹੀਂ ਹੋਈ। ਇਸੇ ਕਾਰਨ ਸੀਸਵਾਂ ਨਦੀ ਦੇ ਟੁੱਟਣ ਕਾਰਨ ਮੰਡ ਖੇਤਰ ਦੇ ਪਿੰਡਾਂ ਟੱਪਰੀਆਂ ਘੜੀਸਪੁਰ, ਰਾਮਗੜ੍ਹ-ਬੂਥਗੜ੍ਹ , ਚੁਪਕੀ ਅਤੇ ਸੁਰਤਾਪੁਰ ਦਾ ਭਾਰੀ ਨੁਕਸਾਨ ਹੋਇਆ ਹੈ।

**ਕਟਾਰੂਚੱਕ ਨੇ ਹੜ੍ਹ ਪੀੜਤਾਂ ਲਈ ਇਕ ਮਹੀਨੇ ਦੀ ਤਨਖਾਹ ਦਿੱਤੀ:** ਸੂਬੇ ਵਿਚ ਹੜ੍ਹਾਂ ਦੀ ਲਪੇਟ ਵਿਚ ਆਏ ਲੋਕਾਂ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ ਖ਼ੁਰਾਕ, ਸਿਵਲ ਸਪਲਾਈ, ਖ਼ਪਤਕਾਰ ਮਾਮਲੇ, ਜੰਗਲਾਤ ਤੇ ਜੰਗਲੀ ਜੀਵ ਸੰਭਾਲ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਆਪਣੀ ਇਕ ਮਹੀਨੇ ਦੀ ਤਨਖ਼ਾਹ (ਕੁੱਲ 1,10,000 ਰੁਪਏ) ਹੜ੍ਹ ਪੀੜਤਾਂ ਨੂੰ ਦਾਨ ਵਜੋਂ ਦਿੱਤੀ।

AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
*For Airport Drop-Off and Pickup Indy to Chicago Please Contact AVI at: 847-226-2323*
*Located in INDIANAPOLIS (IN)*

ਪੰਜਾਬ ਟਾਈਮਜ਼

*ਸ਼ਨਿਚਰਵਾਰ, 29 ਜੁਲਾਈ, 2023*

# ਸਰਕਾਰਾਂ ਦੀ ਨਾਲਾਇਕੀ

ਭਾਰਤ ਅੱਜ ਕੱਲ੍ਹ ਮਨੀਪੁਰ ਵਿਚ ਲਗਾਤਾਰ ਹੋ ਰਹੀ ਹਿੰਸਾ ਅਤੇ ਮੁਲਕ ਦੇ ਉਤਰੀ ਹਿੱਸੇ ਵਿਚ ਆਏ ਹੜ੍ਹਾਂ ਨਾਲ ਜੂਝ ਰਿਹਾ ਹੈ। ਇਨ੍ਹਾਂ ਦੋਹਾਂ ਦਾ ਭਾਵੇਂ ਆਪਸ ਵਿਚ ਕੋਈ ਰਿਸ਼ਤਾ ਜਾਂ ਰਾਬਤਾ ਨਹੀਂ ਪਰ ਦੋਹੀਂ ਥਾਈਂ ਇਕ ਗੱਲ ਸਾਂਝੀ ਹੈ ਜੋ ਉਭਰ ਕੇ ਸਾਹਮਣੇ ਆਈ ਹੈ, ਉਹ ਇਹ ਕਿ ਸਰਕਾਰਾਂ ਦੀ ਨਾਲਾਇਕੀ ਨੇ ਹਾਲਾਤ ਬਦ ਤੋਂ ਬਦਤਰ ਬਣਾ ਦਿੱਤੇ ਹਨ। ਪਹਿਲਾਂ ਮਨੀਪੁਰ ਵਾਲਾ ਮਾਮਲਾ ਵਿਚਾਰਦੇ ਹਾਂ। ਮਨੀਪੁਰ ਦਾ ਮਸਲਾ ਕੋਈ ਖਾਸ ਨਹੀਂ ਸੀ। ਮੈਤੇਈ ਲੋਕ ਰਾਖਵਾਂਕਰਨ ਦੀ ਮੰਗ ਕਰ ਰਹੇ ਸਨ ਪਰ ਮੈਤੇਈ ਕਿਉਂਕਿ ਹਿੰਦੂ ਭਾਈਚਾਰੇ ਨਾਲ ਸਬੰਧ ਰੱਖਦੇ ਹਨ, ਇਸ ਲਈ ਉਥੇ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਨੇ ਇਸ ਮਸਲੇ ਨੂੰ ਫਿਰਕੂ ਰੰਗ ਚੜ੍ਹਾਉਣਾ ਆਰੰਭ ਕਰ ਦਿੱਤਾ। ਅੱਜ ਹਾਲ ਇਹ ਹੈ ਕਿ ਜਿਹੜੇ ਮਨੀਪੁਰੀਏ ਭਾਰਤੀ ਸਟੇਟ ਖਿਲਾਫ ਕਦੀ ਡਟ ਕੇ ਲੜੇ ਸਨ, ਉਹ ਹੁਣ ਆਪਸ ਵਿਚ ਹੀ ਲੜ ਰਹੇ ਹਨ; ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਹਨ ਅਤੇ ਇਕ-ਦੂਜੇ ਦੇ ਭਾਈਚਾਰੇ ਦੀਆਂ ਔਰਤਾਂ ਨਾਲ ਜਬਰ ਜਨਾਹ ਕਰ ਰਹੇ ਹਨ।

ਮਨੀਪੁਰ ਵਿਚ ਪਿਛਲੇ ਢਾਈ ਮਹੀਨਿਆਂ ਤੋਂ ਵੱਧ ਸਮੇਂ ਤੋਂ ਹੋ ਰਹੀ ਹਿੰਸਾ ਦੇ ਹੁਣ ਕਈ ਹੋਰ ਚਿੰਤਾਜਨਕ ਪੱਖ ਸਾਹਮਣੇ ਆ ਰਹੇ ਹਨ। ਹੁਣ ਮਿਜ਼ੋਰਮ ਤੋਂ ਮੈਤੇਈ ਲੋਕ ਆਪਣੇ ਘਰ ਛੱਡ ਕੇ ਅਸਾਮ ਅਤੇ ਮਨੀਪੁਰ ਜਾ ਰਹੇ ਹਨ। ਮਨੀਪੁਰ ਵਿਚ ਹੋਈ ਹਿੰਸਾ ਮੁੱਖ ਤੌਰ 'ਤੇ ਮੈਤੇਈ ਲੋਕਾਂ ਨੇ ਕੀਤੀ ਜੋ ਕੁਕੀ ਕਬੀਲੇ ਦੇ ਲੋਕਾਂ ਵਿਰੁੱਧ ਸੇਧਿਤ ਰਹੀ। ਮਿਜ਼ੋਰਮ ਉੱਤਰ-ਪੂਰਬੀ ਭਾਰਤ ਦੇ ਦੱਖਣ ਵਿਚ ਸਥਿਤ ਹੈ ਜਿਸ ਦੀਆਂ ਉੱਤਰੀ ਹੱਦਾਂ ਮਨੀਪੁਰ, ਅਸਾਮ ਤੇ ਤ੍ਰਿਪੁਰਾ ਨਾਲ ਲੱਗਦੀਆਂ ਹਨ ਜਦੋਂਕਿ ਦੱਖਣੀ ਹੱਦਾਂ ਪੂਰਬ ਵਿਚ ਮਿਆਂਮਾਰ ਅਤੇ ਪੱਛਮ ਵਿਚ ਬੰਗਲਾਦੇਸ਼ ਨਾਲ ਲੱਗਦੀਆਂ ਹਨ। ਮਿਜ਼ੋਰਮ ਵਿਚ ਮੁੱਖ ਤੌਰ 'ਤੇ ਮਿਜ਼ੋ ਜਾਂ ਜ਼ੋ ਕਬੀਲੇ ਦੇ ਲੋਕ ਵਸਦੇ ਹਨ। ਬੰਗਾਲੀ ਇਨ੍ਹਾਂ ਨੂੰ ਕੁਕੀ ਕਹਿੰਦੇ ਰਹੇ ਹਨ ਅਤੇ ਖਾਸ ਕਰ ਕੇ ਮਨੀਪੁਰ ਵਿਚ ਇਨ੍ਹਾਂ ਨੂੰ ਕੁਕੀ ਕਿਹਾ ਜਾਂਦਾ ਹੈ ਜਦੋਂਕਿ ਉੱਤਰ-ਪੂਰਬ ਵਿਚ ਹੋਰ ਰਾਜਾਂ ਵਿਚ ਵਸਦੇ ਮਿਜ਼ੋ ਕਬਾਇਲੀਆਂ ਨੂੰ ਮਿਜ਼ੋ, ਲੁਸ਼ਾਈ ਜਾਂ ਹਮਾਰ ਵੀ ਕਿਹਾ ਜਾਂਦਾ ਹੈ। ਮਨੀਪੁਰ ਵਿਚ ਹੋਈ ਹਿੰਸਾ ਦੀ ਪ੍ਰਤੀਕਿਰਿਆ ਵਜੋਂ ਮਿਜ਼ੋਰਮ ਦੇ ਲੋਕਾਂ ਵਿਚ ਮਨੀਪੁਰ 'ਚ ਵਸਦੇ ਕੁਕੀ ਲੋਕਾਂ ਜੋ ਮਿਜ਼ੋ ਕਬੀਲੇ ਦਾ ਹੀ ਹਿੱਸਾ ਹਨ, ਪ੍ਰਤੀ ਹਮਦਰਦੀ ਹੈ ਅਤੇ ਮਿਜ਼ੋਰਮ ਵਿਚ ਵਸਦੇ ਮੈਤੇਈ ਲੋਕਾਂ ਨੂੰ ਡਰ ਹੈ ਕਿ ਉਹ ਵੀ ਕਿਸੇ ਦਿਨ ਹਿੰਸਾ ਦਾ ਸ਼ਿਕਾਰ ਹੋ ਜਾਣਗੇ। ਹਾਲਾਤ ਵਿਗੜਨ ਦਾ ਇਕ ਹੋਰ ਕਾਰਨ ਸਾਬਕਾ ਅਤਿਵਾਦੀਆਂ ਦੀ ਜਥੇਬੰਦੀ 'ਪੀਸ ਅਕੌਰਡ ਐੱਮਐੱਨਐੱਫ ਰਿਟਰਨੀਜ਼ ਐਸੋਸੀਏਸ਼ਨ' (ਪਾਮਰਾ) ਦਾ ਮੈਤੇਈ ਲੋਕਾਂ ਨੂੰ ਧਮਕੀ ਦੇਣਾ ਹੈ।

ਦੂਜਾ ਮਸਲਾ ਹੜ੍ਹਾਂ ਨਾਲ ਸਬੰਧਿਤ ਹੈ। ਇਹ ਮਸਲਾ ਵੀ ਸਰਕਾਰਾਂ ਦੀ ਨਾਲਾਇਕੀ ਕਾਰਨ ਹੀ ਲੋਕਾਂ ਦੀ ਜਾਨ-ਮਾਲ ਦਾ ਖੌਅ ਬਣਿਆ ਹੈ। ਇਹ ਹੁਣ ਸਾਬਤ ਹੋ ਚੁੱਕਾ ਹੈ ਕਿ ਹੜ੍ਹ ਭਾਵੇਂ ਕੁਦਰਤੀ ਆਫਤਾਂ ਦੇ ਘੇਰੇ ਵਿਚ ਗਿਣੇ ਜਾਂਦੇ ਹਨ ਪਰ ਹੜ੍ਹ ਆਉਣ ਦਾ ਮੁੱਖ ਕਾਰਨ ਮਨੁੱਖ ਦੀ ਪੈਸਾ ਕਮਾਉਣ ਦੀ ਹਵਸ ਹੈ। ਦਰਿਆਵਾਂ, ਨਦੀਆਂ ਦੇ ਕੰਢਿਆ ਜਾਂ ਇਥੋਂ ਤੱਕ ਕਿ ਨਦੀਆਂ ਦੇ ਲਾਂਘਿਆਂ ਉਤੇ ਕਬਜ਼ੇ ਕਰ ਕੇਬਿਲਡਰਾਂ ਨੇ ਕਰੋੜਾਂ ਰੁਪਏ ਕਮਾ ਲਏ ਪਰ ਹੁਣ ਇਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਪੰਜਾਬ ਦੀ ਹਾਲਤ ਵੀ ਹੋਰ ਇਲਾਕਿਆਂ ਤੋਂ ਵੱਖਰੀ ਨਹੀਂ। ਪੰਜਾਬ ਵਿਚ ਹਰ ਸਾਲ, ਖਾਸ ਕਰ ਕੇ ਘੱਗਰ ਦਰਿਆ ਚੜ੍ਹਨ ਕਾਰਨ ਹੜ੍ਹ ਆਉਂਦੇ ਹਨ ਪਰ ਹੁਣ ਤੱਕ ਕਿਸੇ ਵੀ ਸਰਕਾਰ ਨੇ ਹੜ੍ਹਾਂ ਤੋਂ ਪਹਿਲਾਂ ਪੂਰੇ ਇੰਤਜ਼ਾਮ ਨਹੀਂ ਕੀਤੇ ਤਾਂ ਕਿ ਆਮ ਲੋਕਾਂ ਦਾ ਬਹੁਤਾ ਨੁਕਸਾਨ ਨਾ ਹੋਵੇ। ਆਮ ਆਦਮੀ ਪਾਰਟੀ ਦੀ ਸਰਕਾਰ ਹੁਣਦਾਅਵੇ ਕਰ ਰਹੀ ਹੈ ਕਿ ਇਹ ਸੂਬੇ ਦੀਆਂ ਨਦੀਆਂ, ਦਰਿਆਵਾਂ ਤੇ ਨਾਲਿਆਂ ਦੀ ਸਫਾਈ ਨਿੱਜੀ ਠੇਕੇਦਾਰਾਂ ਤੋਂ ਕਰਵਾਉਣ ਦੀ ਥਾਂ ਖੁਦ ਕਰਵਾਏਗੀ। ਦਾਅਵਾ ਕੀਤਾ ਗਿਆ ਹੈ ਕਿ ਸੂਬੇ ਦੀਆਂ ਨਦੀਆਂ ਅਤੇ ਦਰਿਆਵਾਂ ਦੀ ਸਫਾਈ ਲਈ ਪੰਜਾਬ ਸਰਕਾਰ ਨੇ 3.15 ਕਰੋੜ ਰੁਪਏ ਦੀਆਂ ਚਾਰ ਨਵੀਆਂ ਮਸ਼ੀਨਾਂ ਖਰੀਦੀਆਂ ਹਨ ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਹੜ੍ਹ ਤਾਂ ਆਏ ਹੋਏ ਹਨ; ਬਹੁਤ ਸਾਰੇ ਪਿੰਡਾਂ ਵਿਚ ਪਾਣੀ ਭਰਿਆ ਹੋਇਆ ਹੈ; ਲੱਖਾਂ ਏਕੜ ਫਸਲ ਬਰਬਾਦ ਹੋ ਗਈ ਹੈ ਤੇ ਹੁਣ ਸਰਕਾਰ ਦੀ ਇਸ ਕਾਰਵਾਈ ਦਾ ਕੀ ਫਾਇਦਾ ਹੋਵੇਗਾ?

ਕੇਂਦਰ ਅਤੇ ਸੂਬਾ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ;ਜੇ ਕਿਤੇ ਕੋਈ ਸੰਕਟ ਆਉਂਦਾ ਹੈ ਤਾਂ ਪਹਿਲ ਦੇ ਆਧਾਰ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ ਪਰਮਨੀਪੁਰ ਹਿੰਸਾ ਅਤੇ ਹੜ੍ਹਾਂ ਦੇ ਮਾਮਲਿਆਂ ਵਿਚ ਨਾ ਕੇਂਦਰ ਸਰਕਾਰ ਅਤੇ ਨਾ ਹੀ ਸੂਬਾ ਸਰਕਾਰਾਂ ਨੇ ਕੁਝ ਕੀਤਾ। ਮਨੀਪੁਰ ਦੇ ਮਾਮਲੇ 'ਤੇ ਤਾਂ ਪ੍ਰਧਾਨ ਮੰਤਰੀ ਨੇ ਪੂਰੇ ਢਾਈ ਮਹੀਨੇ ਇਕ ਵੀ ਸ਼ਬਦ ਨਹੀਂ ਬੋਲਿਆ। ਫਿਰ ਜਦੋਂ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਅਤੇ ਜਬਰ ਜਨਾਹ ਦੀ ਵੀਡੀਓ ਵਾਇਰਲ ਹੋਈ ਤਾਂ ਪ੍ਰਧਾਨ ਮੰਤਰੀ ਨੇ ਇਸ 'ਤੇ ਦੁੱਖ ਜ਼ਾਹਿਰ ਕੀਤਾ; ਉਹ ਵੀ ਉਦੋਂ ਜਦੋਂ ਮੁਲਕ ਦੀ ਸੁਪਰੀਮ ਕੋਰਟ ਨੇ ਬਾਕਾਇਦਾ ਕਿਹਾ ਕਿ ਜੇ ਸਰਕਾਰ ਨੇ ਕੁਝ ਨਾ ਕੀਤਾ ਤਾਂ ਅਦਾਲਤ ਖੁਦ ਕੋਈ ਕਾਰਵਾਈ ਕਰੇਗੀ। ਮੁਲਕ ਦੇ ਗ੍ਰਹਿ ਮੰਤਰੀ ਮਨੀਪੁਰ ਗਏ ਪਰ ਅਜੇ ਤੱਕ ਸੂਬੇ ਵਿਚ ਹਿੰਸਾ ਨਹੀਂ ਰੁਕ ਸਕੀ ਹੈ। ਕੀ ਇਹ ਸੰਭਵ ਹੈ ਕਿ ਸਰਕਾਰ ਦੇ ਚਾਹੁਣ ਦੇ ਬਾਵਜੂਦ ਹਿੰਸਾ ਰੁਕ ਨਹੀਂ ਰਹੀ? ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਮਨੀਪੁਰ ਵਿਚ ਹੀ ਨਹੀਂ ਬਲਕਿ ਸਾਰੇ ਮੁਲਕ ਵਿਚ ਧਰਮ ਦੇ ਆਧਾਰ 'ਤੇ ਪਾਲਾਬੰਦੀ ਹੁੰਦੀ ਰਹੇ। ਇਹ ਤੱਥ ਹੁਣ ਜੱਗ ਜ਼ਾਹਿਰ ਹੈ ਕਿ ਜਿਥੇ ਕਿਤੇ ਵੀ ਫਿਰਕੂ ਆਧਾਰ 'ਤੇ ਪਾਲਾਬੰਦੀ ਹੁੰਦੀ ਹੈ, ਉਥੇ ਭਾਰਤੀ ਜਨਤਾ ਪਾਰਟੀ ਦੀ ਚੁਣਾਵੀ ਜਿੱਤ ਯਕੀਨੀ ਹੋ ਜਾਂਦੀ ਹੈ। ਇਸ ਲਈ ਹੁਣ ਲੋਕਾਂ ਨੂੰ ਇਨ੍ਹਾਂ ਮਸਲਿਆਂ ਬਾਰੇ ਸੁਚੇਤ ਹੋ ਕੇ ਸਰਕਾਰਾਂ ਨੂੰ ਹਰ ਮੋੜ 'ਤੇ ਘੇਰਨ ਦਾ ਕਾਰਜ ਵਿੱਢਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਾਹਰੇ ਹੋਰ ਤੇ ਕਾਰੇ ਹੋਰ!*

ਚੁਣੀ ਹੋਈ ਸਰਕਾਰ ਬੇਵੱਸ ਕਰ'ਤੀ ਰਾਜਪਾਲ ਨੂੰ ਸਿਰ ਬਹਾਉਂਦਿਆਂ ਨੇ।
ਪਾਈਆਂ ਵੰਡੀਆਂ ਧਰਮੀਆਂ ਵਿਚ ਦੇਖੋ ਇੱਕ ਧਰਮ ਦੇ 'ਖਾਸ' ਸਦਾਉਂਦਿਆਂ ਨੇ।
ਉਮਰ ਕੈਦੀ ਨੂੰ ਬਖਸ਼ 'ਪੈਰੋਲ ਗੱਫੇ' ਬਲਾਤਕਾਰੀ ਨਾਲ ਹੇਜ ਜਤਾਉਂਦਿਆਂ ਨੇ।
ਸੁਣੀ ਇੱਕ ਨਹੀਂ ਕੁੜੀਆਂ ਭਲਵਾਨਣਾਂ ਦੀ ਗੁੰਡੇ ਲੀਡਰਾਂ ਤਾਈਂ ਬਚਾਉਂਦਿਆਂ ਨੇ।
ਕੰਡੇ ਬੀਜਣੇ ਪਤਾ ਨਹੀਂ ਹੋਰ ਕੀ ਕੀ 'ਚੌਵੀ' ਲਈ ਮਾਹੌਲ ਬਣਾਉਂਦਿਆਂ ਨੇ।
ਇੱਜ਼ਤ ਰੋਲ'ਤੀ ਧੀਆਂ ਧਿਆਣੀਆਂ ਦੀ ਨਾਹਰੇ 'ਬੇਟੀ ਬਚਾਓ' ਦੇ ਲਾਉਂਦਿਆਂ ਨੇ!

# 'ਇੰਡੀਆ' ਬਨਾਮ ਐੱਨ.ਡੀ.ਏ. ਪਰ ਲੋਕਾਂ ਦੇ ਮੁੱਦੇ ਕਿੱਥੇ?

2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਵਿਚ ਸਿਆਸੀ ਮਾਹੌਲ ਭਖ ਚੁੱਕਾ ਹੈ। ਦੇਸ਼ ਦੇ ਮੀਡੀਆ ਵਿਚ ਬਾਕੀ ਸਾਰੇ ਮੁੱਦਿਆਂ ਤੋਂ ਹਟ ਕੇ ਹੁਣੇ ਤੋਂ ਚੋਣਾਂ ਸਬੰਧੀ ਪੈਨਲ ਚਰਚਾਵਾਂ ਸ਼ੁਰੂ ਹੋ ਚੁੱਕੀਆਂ ਹਨ। ਭਾਜਪਾ ਨੂੰ ਟੱਕਰ ਦੇਣ ਲਈ ਦੇਸ਼ ਦੀਆਂ 26 ਵਿਰੋਧੀ ਪਾਰਟੀਆਂ ਨੇ ਗੱਠਜੋੜ ਕਰ ਕੇ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (INDIA) ਨਾਂ ਦਾ ਸਾਂਝਾ ਮੰਚ ਤਿਆਰ ਕਰ ਲਿਆ ਹੈ। ਵਿਰੋਧੀ ਪਾਰਟੀਆਂ ਦੇ ਮੰਚ ਬਰਾਬਰ ਭਾਜਪਾ ਨੇ ਕੁਝ ਸਾਲ ਪਹਿਲਾਂ ਖੁਦ ਦੇ ਖਿੰਡਾਏ ਐੱਨ.ਡੀ.ਏ. ਨੂੰ ਮੁੜ ਸੁਰਜੀਤ ਕਰ ਲਿਆ ਹੈ। ਜਿੱਥੇ ਭਾਜਪਾ ਆਪਣੇ ਫਿਰਕੂ ਏਜੰਡੇ ਤਹਿਤ ਦੇਸ਼ ਦੀ ਬਹੁ-ਗਿਣਤੀ ਤੋਂ ਵੋਟਾਂ ਮੰਗ ਰਹੀ ਹੈ, ਉੱਥੇ 26 ਪਾਰਟੀਆਂ ਦਾ ਗੱਠਜੋੜ ਸੰਵਿਧਾਨ, ਲੋਕਤੰਤਰ ਬਚਾਉਣ ਜਿਹੀਆਂ ਦਲੀਲਾਂ ਤਹਿਤ ਵੋਟਾਂ ਮੰਗ ਰਿਹਾ ਹੈ ਪਰ ਇਸ ਸਾਰੇ ਸਿਆਸੀ ਦ੍ਰਿਸ਼ ਵਿਚ ਆਮ ਆਦਮੀ ਅਤੇ ਉਸ ਦੇ ਬੁਨਿਆਦੀ ਮੁੱਦੇ ਚਰਚਾ ਤੋਂ ਸੱਖਣੇ ਹਨ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ 26 ਸਿਆਸੀ ਪਾਰਟੀਆਂ ਦਾ ਮੰਚ ਕਿਸੇ ਠੋਸ ਸਿਆਸੀ ਬਦਲ ਵਿਚੋਂ ਨਹੀਂ ਬਲਕਿ ਸੱਤਾ ਹਾਸਲ ਕਰਨ ਦੀ ਹੋੜ ਵਿਚੋਂ ਨਿੱਕਲਿਆ ਹੈ ਕਿਉਂਕਿ ਕਾਂਗਰਸ ਸਮੇਤ ਕੋਈ ਵੀ ਸਿਆਸੀ ਪਾਰਟੀ ਭਾਜਪਾ ਨੂੰ ਟੱਕਰ ਦੇਣ ਦੀ ਹਾਲਤ ਵਿਚ ਨਹੀਂ। ਕਾਂਗਰਸ ਨੂੰ ਪਤਾ ਹੈ ਕਿ ਉਸ ਦੇ ਮੁੜ ਸੱਤਾ ਵਿਚ ਆਉਣ ਦਾ ਰਾਹ ਖੇਤਰੀ ਪਾਰਟੀਆਂ ਦੇ ਮੋਢਿਆਂ 'ਤੇ ਚੜ੍ਹ ਕੇ ਹੀ ਮਿਲ ਸਕਦਾ ਹੈ, ਇਸ ਲਈ ਗੱਠਜੋੜ ਖਾਤਰ ਕਨਵੀਨਰ ਦਾ ਅਹੁਦਾ ਵੀ ਛੱਡ ਰਹੀ ਹੈ; ਦੂਜੇ ਪਾਸੇ, ਖੇਤਰੀ ਪਾਰਟੀਆਂ ਲਈ ਗੱਠਜੋੜ ਕਰਨਾ ਆਪਣੀ ਹੋਂਦ ਬਣਾਈ ਰੱਖਣ ਲਈ ਜ਼ਰੂਰੀ ਹੈ। ਜੇ ਇਹ ਪਾਰਟੀਆਂ ਭਾਜਪਾ ਦੀਆਂ ਨੀਤੀਆਂ ਖਿਲਾਫ ਸੱਚਮੁੱਚ ਸੁਹਿਰਦ ਹੁੰਦੀਆਂ ਤਾਂ ਇਹਨਾਂ ਨੂੰ ਕਈ ਸਾਲ ਪਹਿਲਾਂ ਹੀ ਫਾਸ਼ੀਵਾਦ ਖਿਲਾਫ ਜਾਂ ਭਾਜਪਾ ਦੀਆਂ ਵਧੀਕੀਆਂ ਖਿਲਾਫ ਮੋਰਚਾ ਉਸਾਰ ਲੈਣਾ ਚਾਹੀਦਾ ਸੀ।

ਭਾਜਪਾ ਨੇ ਸੱਤਾ ਦੌਰਾਨ ਸੂਬਿਆਂ ਦੇ ਅਧਿਕਾਰਾਂ, ਸੰਘੀ ਢਾਂਚੇ, ਸੰਵਿਧਾਨ, ਜਮਹੂਰੀ ਕਦਰਾਂ-ਕੀਮਤਾਂ, ਬੋਲਣ ਦੀ ਆਜ਼ਾਦੀ, ਧਾਰਮਿਕ ਘੱਟ ਗਿਣਤੀਆਂ ਦੇ ਖਿਲਾਫ ਕੰਮ ਕੀਤਾ ਹੈ ਪਰ ਮੁੱਖ ਧਾਰਾਂ ਦੀਆਂ ਜ਼ਿਆਦਾਤਰ ਸਿਆਸੀ ਪਾਰਟੀਆਂ ਨੇ ਭਾਜਪਾ ਖਿਲਾਫ ਸਟੈਂਡ ਲੈਣ ਤੋਂ ਗੁਰੇਜ਼ ਕੀਤਾ ਹੈ। ਇਸੇ ਲਈ ਹੁਣ ਚੋਣਾਂ ਤੋਂ ਪਹਿਲਾਂ ਵਿੱਢੀ ਸਰਗਰਮੀ ਸ਼ੱਕੀ ਜਾਪਦੀ ਹੈ।

ਵੈਸੇ ਆਮ ਆਦਮੀ ਪਾਰਟੀ ਜਿਸ ਤਰ੍ਹਾਂ ਆਪਣੀਆਂ ਸ਼ਰਤਾਂ ਮਨਵਾ ਕੇ ਇਸ ਗੱਠਜੋੜ ਵਿਚ ਸ਼ਾਮਲ ਹੋਈ ਹੈ, ਉਸ ਤੋਂ ਇਸ ਪਾਰਟੀ ਦੀ ਗੱਠਜੋੜ ਪ੍ਰਤੀ ਭਾਵਨਾ ਤੇ ਸਮਝ ਕਾਫੀ ਕੁਝ ਬਿਆਨ ਕਰ ਰਹੀ ਹੈ। 'ਆਪ' ਦੇ ਦਬਾਅ ਹੇਠ ਬੰਗਲੂਰੂ ਮੀਟਿੰਗ ਤੋਂ ਐਨ ਪਹਿਲਾਂ ਕਾਂਗਰਸ ਵੱਲੋਂ ਆਰਡੀਨੈਂਸ ਦਾ ਵਿਰੋਧ ਕਰਨ ਦਾ ਐਲਾਨ ਕਰਨਾ ਸਾਬਤ ਕਰਦਾ ਹੈ ਕਿ ਕਾਂਗਰਸ ਪਾਰਟੀ ਨੇ ਸੰਘੀ ਢਾਂਚੇ 'ਤੇ ਹਮਲੇ ਅਤੇ ਸੂਬਿਆਂ ਦੇ ਅਧਿਕਾਰ ਸੀਮਤ ਕਰਨ ਦੇ ਮਾਮਲੇ ਵਿਚ ਸਿਧਾਂਤਕ ਸਟੈਂਡ ਲੈਣ ਦੀ ਬਜਾਇ ਹੁਣ ਬੱਸ ਮਜਬੂਰੀ ਵਿਚ ਸਟੈਂਡ ਲਿਆ ਹੈ।

ਭਾਜਪਾ ਵੱਲੋਂ ਕਾਹਲੀ-ਕਾਹਲੀ ਐੱਨ.ਡੀ.ਏ. ਦੀ ਮੀਟਿੰਗ ਬੁਲਾਉਣਾ ਅਤੇ ਪ੍ਰਧਾਨ ਮੰਤਰੀ ਦਾ ਹਰ ਥਾਂ ਇਸ ਗੱਠਜੋੜ 'ਤੇ ਨਿਸ਼ਾਨਾਂ ਸੇਧਣਾ ਦਰਸਾਉਂਦਾ ਹੈ ਕਿ ਭਾਜਪਾ ਇਸ ਗੱਠਜੋੜ ਤੋਂ ਡਰੀ ਹੋਈ ਹੈ। ਭਾਜਪਾ ਨੇ ਕਈ ਵਰ੍ਹੇ ਪਹਿਲਾਂ ਸੱਤਾ ਹਾਸਲ ਕਰਨ ਲਈ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਬਣਾਇਆ ਸੀ ਤੇ ਬਾਅਦ ਵਿਚ ਖੁਦ ਵੱਡੀ ਪਾਰਟੀ ਬਣਨ ਲਈ ਐੱਨ.ਡੀ.ਏ. ਦਾ ਹਿੱਸਾ ਪਾਰਟੀਆਂ ਨੂੰ ਖਤਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਐੱਨ.ਡੀ.ਏ. ਦਾ ਹਿੱਸਾ ਰਹੀਆਂ ਸ਼ਿਵ ਸੈਨਾ, ਲੋਕ ਦਲ (ਚੌਟਾਲੇ), ਸ਼੍ਰੋਮਣੀ ਅਕਾਲੀ ਦਲ (ਬਾਦਲ) ਵਰਗੀਆਂ ਕਿੰਨੀਆਂ ਪਾਰਟੀਆਂ ਨੂੰ ਖੂੰਜੇ ਲਾਉਣ ਵਿਚ ਭਾਜਪਾ ਦਾ ਹੱਥ ਹੈ। ਐੱਨ.ਡੀ.ਏ. ਨੂੰ ਮੁੜ ਸੁਰਜੀਤ ਕਰਨ ਲਈ ਦਿੱਲੀ ਵਿਚ ਸੱਦੀ ਗਈ 38 ਪਾਰਟੀਆਂ ਦੀ ਮੀਟਿੰਗ ਵਿਚ ਜ਼ਿਆਦਾਤਰ ਪਾਰਟੀਆਂ ਦਾ ਕੋਈ ਸਿਆਸੀ ਵਜੂਦ ਨਹੀਂ ਹੈ। ਇਹਨਾਂ 38 ਪਾਰਟੀਆਂ ਵਿਚੋਂ ਪੰਜਾਬ ਨਾਲ ਸਬੰਧਿਤ, ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਹੈ ਤੇ ਇਹ ਜੱਗ ਜ਼ਾਹਿਰ ਹੈ ਕਿ ਇਹ ਪਾਰਟੀ ਇਸ ਸਮੇਂ ਪੰਚਾਇਤੀ ਚੋਣਾਂ ਜਿੱਤਣ ਦੀ ਹੈਸੀਅਤ ਵੀ ਨਹੀਂ ਰੱਖਦੀ।

ਭਾਜਪਾ ਨੇ ਭਾਰਤ ਵਿਚ ਧਰਮ, ਜਾਤ ਦੇ ਆਧਾਰ 'ਤੇ ਫਿਰਕੂ ਵੰਡੀਆਂ ਪਾ ਕੇ ਸੱਤਾ ਹਾਸਲ




ਕਰਨ ਦਾ ਰਾਹ ਚੁਣਿਆ ਹੋਇਆ ਹੈ ਪਰ ਇਸ ਸਭ ਕੁਝ ਦੇ ਬਾਵਜੂਦ ਹਕੀਕਤ ਇਹ ਹੈ ਕਿ ਇਸ ਸਮੇਂ ਭਾਰਤ ਦੇ ਵੱਡੇ ਹਿੱਸੇ ਵਿਚ ਭਾਜਪਾ ਦੇ ਪੱਖ ਵਿਚ ਕੋਈ ਲਹਿਰ ਨਜ਼ਰ ਨਹੀਂ ਆ ਰਹੀ। ਇਸੇ ਕਰ ਕੇ ਭਾਜਪਾ ਵੋਟਾਂ ਰਾਹੀਂ ਸਰਕਾਰਾਂ ਬਣਾਉਣ ਦੀ ਥਾਂ ਮਹਾਰਾਸ਼ਟਰ ਵਾਂਗ ਵਿਰੋਧੀ ਧਿਰਾਂ ਵਿਚ ਭੰਨ-ਤੋੜ ਕਰ ਕੇ ਸਰਕਾਰਾਂ ਬਣਾ ਰਹੀ ਹੈ। ਕਰਨਾਟਕ, ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੀ ਹਾਰ ਇਹ ਦੱਸ ਰਹੀ ਹੈ ਕਿ ਫਿਰਕੂ ਪੱਤਾ ਵਾਰ-ਵਾਰ ਕਾਮਯਾਬ ਨਹੀਂ ਹੋਵੇਗਾ। ਭਾਰਤ ਵੱਖ-ਵੱਖ ਕੌਮੀਅਤਾਂ, ਧਰਮਾਂ, ਜਾਤਾਂ ਦਾ ਸਮੂਹ ਹੈ ਇਸ ਲਈ ਇੱਥੋਂ ਦੇ ਹਰ ਖੇਤਰ ਵਿਚ ਭਾਜਪਾ ਦਾ ਪੱਤਾ ਨਹੀਂ ਚੱਲ ਸਕਦਾ ਹੈ।

ਉਂਝ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਵਿਚ ਸ਼ਾਮਲ 26 ਪਾਰਟੀਆਂ ਸੱਤਾ ਪੱਖੋਂ ਖਾਸੀ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਇਹਨਾਂ ਪਾਰਟੀਆਂ ਦੇ ਸੰਸਦ ਵਿਚ 142 ਮੈਂਬਰ ਮੌਜੂਦ ਹਨ। ਬੰਗਲੂਰੂ ਮੀਟਿੰਗ ਵਿਚ 7 ਸੂਬਿਆਂ ਦੇ ਮੁੱਖ ਮੰਤਰੀ ਸ਼ਾਮਲ ਸਨ ਜਿਨ੍ਹਾਂ ਵਿਚ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ, ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ, ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਹਾਜ਼ਰ ਸਨ। ਇਹਨਾਂ ਸਾਰੇ ਮੁੱਖ ਮੰਤਰੀਆਂ ਨੇ ਆਪਣੇ ਸੂਬਿਆਂ ਵਿਚ ਇੱਕ ਵੀ ਲੋਕ ਪੱਖੀ ਨੀਤੀ ਲਾਗੂ ਨਹੀਂ ਕੀਤੀ ਹੈ ਬਲਕਿ ਭਾਜਪਾ ਦੀਆਂ ਨੀਤੀਆਂ ਨੂੰ ਹੀ ਘੱਟ ਜਾਂ ਵੱਧ ਰੂਪ ਵਿਚ ਲਾਗੂ ਕਰ ਰਹੇ ਹਨ।

ਇਸ ਗੱਠਜੋੜ ਦੀ ਅਗਵਾਈ ਵਿਚ ਸ਼ਰਦ ਪਵਾਰ, ਲਾਲੂ ਪ੍ਰਸਾਦ ਯਾਦਵ, ਊਧਵ ਠਾਕਰੇ, ਮਹਿਬੂਬਾ ਮੁਫਤੀ, ਉਮਰ ਅਬਦੁੱਲਾ, ਅਖਿਲੇਸ਼ ਯਾਦਵ ਵਰਗੇ ਜਿੰਨੇ ਵੀ ਸਾਬਕਾ ਮੁੱਖ ਮੰਤਰੀ ਸ਼ਾਮਲ ਹਨ, ਉਹ ਸਾਰੇ ਆਪਣੇ ਕਾਰਜਕਾਲ ਦੌਰਾਨ ਸਿਰੇ ਦੇ ਭ੍ਰਿਸ਼ਟ ਮੁੱਖ ਮੰਤਰੀ ਸਿੱਧ ਹੋਏ ਹਨ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਇਸ ਗੱਠਜੋੜ ਵਿਚ ਸੀ.ਪੀ.ਆਈ.(ਐੱਮ.ਐੱਲ.)-ਲਿਬਰੇਸ਼ਨ) ਵਰਗੀ ਇੱਕੋ-ਦੁੱਕਾ ਪਾਰਟੀ ਤੋਂ ਸਿਵਾਇ ਸਾਰੀਆਂ ਪਾਰਟੀਆਂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਖੁੱਭੀਆਂ ਹੋਈਆਂ ਹਨ।

ਭਾਜਪਾ ਚਾਹੁੰਦੀ ਹੈ ਕਿ ਉਸ ਖਿਲਾਫ ਖੇਤਰੀ ਪਾਰਟੀਆਂ ਇੱਕਜੁਟ ਨਾ ਹੋਣ। ਪਿਛਲੀਆਂ ਲੋਕ ਸਭਾ ਚੋਣਾਂ ਅਤੇ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਮੁਕਾਬਲਾ ਦੋ ਤੋਂ ਵੱਧ ਧਿਰਾਂ ਵਿਚ ਹੋਣ ਦਾ ਭਾਜਪਾ ਫਾਇਦਾ ਲੈ ਚੁੱਕੀ ਹੈ। ਇਹ ਨਹੀਂ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਦੋ ਧਿਰਾਂ ਵਿਚ ਵੰਡੀਆਂ ਗਈਆਂ ਹਨ, ਅਜੇ ਵੀ ਭਾਰਤ ਦੀਆਂ 12 ਖੇਤਰੀ ਪਾਰਟੀਆਂ ਨਾਲ ਸਬੰਧਿਤ 91 ਸੰਸਦ ਮੈਂਬਰ ਉਹ ਹਨ ਜਿਹੜੇ ਦੋਵਾਂ ਧਿਰਾਂ ਵਿਚੋਂ ਕਿਸੇ ਨਾਲ ਵੀ ਨਹੀਂ ਗਏ। ਸੋ, ਕਿਹਾ ਜਾ ਸਕਦਾ ਹੈ ਕਿ ਬਹੁਜਨ ਸਮਾਜ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬਾਦਲ), ਜਨਤਾ ਦਲ (ਸੈਕੂਲਰ), ਬੀਜੂ ਜਨਤਾ ਦਲ, ਵਾਈ.ਆਰ.ਐੱਸ. ਕਾਂਗਰਸ ਵਰਗੀਆਂ ਪਾਰਟੀਆਂ ਦਾ ਅਲੱਗ ਖੜ੍ਹਨਾ ਭਾਜਪਾ ਦੇ ਪੱਖ ਵਿਚ ਭੁਗਤਦਾ ਹੈ। ਵੋਟ ਸਿਆਸਤ ਦਾ ਤਕਾਜ਼ਾ ਹੈ ਕਿ ਕਈ ਵਾਰ ਕੱਟੜ ਵਿਰੋਧੀ ਦਿਸਣ ਵਾਲੇ ਵੀ ਸੱਤਾ ਦੇ ਪੱਖ ਵਿਚ ਭੁਗਤ ਰਹੇ ਹੁੰਦੇ ਹਨ; ਭਾਵ ਦੋ-ਤਿੰਨ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਅਸਦੁਦੀਨ ਓਵੈਸੀ ਦਾ ਭਾਜਪਾ ਨੂੰ ਫਾਇਦਾ ਹੀ ਹੋਇਆ ਹੈ।

ਵਿਰੋਧੀ ਪਾਰਟੀਆਂ ਦਾ ਗੱਠਜੋੜ ਕਿਸੇ ਸਿਧਾਂਤਕ ਸੇਧ ਦੀ ਬਜਾਇ ਸਿਰੇ ਦੀ ਮੌਕਾਪ੍ਰਸਤੀ ਤਹਿਤ ਬਣਾਇਆ ਗਿਆ ਹੈ। ਪਟਨਾ ਮੀਟਿੰਗ ਦੀਆਂ ਖਬਰਾਂ ਦੀ ਤਾਂ ਅਜੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਗੱਠਜੋੜ ਵਿਚ ਸ਼ਾਮਲ ਮੁੱਖ ਧਿਰਾਂ ਕਾਂਗਰਸ, ਤ੍ਰਿਣਮੂਲ ਕਾਂਗਰਸ ਤੇ ਖੱਬੇ ਪੱਖੀ ਪੱਛਮੀ ਬੰਗਾਲ ਦੀਆਂ ਪੰਚਾਇਤੀ ਚੋਣਾਂ ਵਿਚ ਭਾਜਪਾ ਖਿਲਾਫ ਇੱਕਜੁਟਤਾ ਨਾਲ ਲੜਨ ਦੀ ਬਜਾਇ ਆਪਸ ਵਿਚ ਲੜ ਰਹੇ ਸਨ। ਹੁਣ ਇਹਨਾਂ ਪਾਰਟੀਆਂ ਸਾਹਮਣੇ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਗਾਨਾ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਮੁੱਖ ਚੁਣੌਤੀ ਹਨ। ਇਸ ਗੱਠਜੋੜ ਦੀ ਅਗਲੀ ਮੀਟਿੰਗ ਮੁੰਬਈ ਵਿਚ ਹੋਵੇਗੀ ਜਿਸ ਵਿਚ ਕਨਵੀਨਰ ਦਾ ਨਾਂ ਤੈਅ ਕੀਤਾ ਜਾਵੇਗਾ। ਇਹ ਵੀ ਸੱਚ ਹੈ ਕਿ ਇਸ ਗੱਠਜੋੜ ਦਾ ਕਨਵੀਨਰ ਬਣਨ ਲਈ ਵੀ ਅੰਦਰੂਨੀ ਰੂਪ ਵਿਚ ਖਾਸੀ ਕਸ਼ਮਕਸ਼ ਦੇਖਣ ਨੂੰ ਮਿਲ ਰਹੀ ਹੈ। ਇਸ ਤੋਂ ਇਲਾਵਾ 11 ਮੈਂਬਰੀ ਤਾਲਮੇਲ ਕਮੇਟੀ ਬਣਾਉਣ ਦੀ ਕਵਾਇਦ ਚੱਲ ਰਹੀ ਹੈ ਤੇ ਹਰ ਕੋਈ ਉਸ ਵਿਚ ਸ਼ਾਮਲ ਹੋਣ ਲਈ ਤਤਪਰ ਹੈ।

ਸਥਿਤੀ ਸਾਫ ਹੈ ਕਿ ਭਾਜਪਾ/ਐੱਨ.ਡੀ.ਏ. ਸਿਰੇ ਦੀ ਲੋਕ ਵਿਰੋਧੀ ਧਿਰ ਹੈ ਜੋ ਫਾਸ਼ੀਵੀਦੀ ਨੀਤੀਆਂ ਤਹਿਤ ਸਮਾਜ ਨੂੰ ਪਿਛਾਂਹ ਧੱਕ ਰਹੀ ਹੈ; ਅਜਿਹੀ ਪਾਰਟੀ ਨੂੰ ਸੱਤਾ ਵਿਚੋਂ ਬਾਹਰ ਕਰਨਾ ਬਹੁਤ ਜ਼ਰੂਰੀ ਹੈ ਪਰ ਵਿਰੋਧੀ ਧਿਰਾਂ ਦੇ ਮੌਕਾਪ੍ਰਸਤ ਗੱਠਜੋੜ 'ਇੰਡੀਆ' ਤੋਂ ਵੀ ਕਿਸੇ ਲੋਕ ਪੱਖੀ ਬਦਲਾਅ ਦੀ ਉਮੀਦ ਨਹੀਂ ਰੱਖੀ ਜਾ ਸਕਦੀ ਹੈ। ਇਸ ਗੱਠਜੋੜ ਵਿਚ ਸ਼ਾਮਲ ਨਿਤੀਸ਼ ਕੁਮਾਰ, ਕੇਜਰੀਵਾਲ ਵਰਗੇ ਸੱਤਾ ਦੇ ਲਾਲਚੀ ਲੀਡਰਾਂ ਦਾ ਤਾਂ ਇਹ ਨਹੀਂ ਪਤਾ ਕਿ ਉਹ ਕਦ ਯੂ-ਟਰਨ ਮਾਰ ਜਾਣ। ਪੰਜਾਬ ਦੇ ਲੋਕ ਇਹਨਾਂ ਦੇ ਅਖੌਤੀ ਬਦਲਾਅ ਦੇ ਝਾਂਸੇ ਵਿਚ ਆ ਕੇ ਇਹਨਾਂ ਹੱਥ ਸੱਤਾ ਸੌਂਪ ਚੁੱਕੇ ਹਨ ਪਰ ਇਹਨਾਂ ਦੀਆਂ ਨੀਤੀਆਂ ਰਵਾਇਤੀ ਪਾਰਟੀਆਂ ਵਾਲੀਆਂ ਹੀ ਹਨ।

ਕੁਝ ਖੱਬੇ ਪੱਖੀ ਮਿੱਤਰ ਅਕਸਰ ਕਹਿੰਦੇ ਹਨ ਕਿ ਫਾਸ਼ੀਵਾਦ ਨੂੰ ਹਰਾਉਣ ਲਈ 'ਇੰਡੀਆ' ਦੀ ਹਮਾਇਤ ਜ਼ਰੂਰੀ ਹੈ; ਉਹ ਦਲੀਲ ਦਿੰਦੇ ਹਨ ਕਿ ਚੋਣਾਂ ਵਿਚ 'ਇੰਡੀਆ' ਦੀ ਹਮਾਇਤ ਨਾ ਕਰਨਾ ਅਸਿੱਧੇ ਰੂਪ ਵਿਚ ਭਾਜਪਾ ਦੇ ਪੱਖ ਵਿਚ ਭੁਗਤਣਾ ਹੈ ਪਰ ਉਹ ਦੋਸਤ ਇਸ ਸਵਾਲ ਦਾ ਜਵਾਬ ਦੇਣਗੇ ਕਿ ਫਾਸ਼ੀਵਾਦ ਨੂੰ ਵੋਟਾਂ ਰਾਹੀਂ ਹਰਾਇਆ ਜਾ ਸਕਦਾ ਹੈ? ਦੂਜਾ, ਮੰਨ ਲਓ ਕਿ ਲੋਕ ਮੋਦੀ-ਸ਼ਾਹ ਨੂੰ ਹਰਾਉਣ ਲਈ 'ਇੰਡੀਆ' ਨੂੰ ਵੋਟ ਪਾ ਵੀ ਦੇਣ ਤਾਂ ਨਿਤੀਸ਼ ਵਰਗੇ ਮੁੜ ਭਾਜਪਾ ਨਾਲ ਨਹੀਂ ਰਲਣਗੇ, ਇਸ ਗੱਲ ਦਾ ਕੀ ਸਬੂਤ ਹੈ? ਨਾਲੇ ਕਾਂਗਰਸ ਪਾਰਟੀ ਨੇ ਵੀ ਸੱਤਾ ਦੌਰਾਨ ਜੋ ਲੋਕਾਂ ਖਾਸਕਰ ਧਾਰਮਿਕ ਘੱਟ ਗਿਣਤੀਆਂ, ਦਲਿਤਾਂ,ਆਦਿਵਾਸੀਆਂ ਦਾ ਘਾਣ ਕੀਤਾ ਹੈ, ਉਹ ਕਿਸੇ ਤੋਂ ਭੁੱਲਿਆ ਨਹੀਂ। ਗਹੁ ਨਾਲ ਤੱਕੀਏ ਤਾਂ ਸਮਝ ਪੈਂਦਾ ਹੈ ਕਿ ਭਾਜਪਾ, ਆਰ.ਐੱਸ.ਐੱਸ. ਦੇ ਉਭਾਰ ਲਈ ਕਾਂਗਰਸ ਹੀ ਅਸਿੱਧੇ ਰੂਪ ਵਿਚ ਜ਼ਿੰਮੇਵਾਰ ਹੈ।

ਸਮੇਂ ਦੀ ਲੋੜ ਹੈ ਕਿ ਭਾਜਪਾ ਵਰਗੀ ਫਾਸ਼ੀਵਾਦੀ ਪਾਰਟੀ ਦਾ ਚਿਹਰਾ ਲੋਕਾਂ ਸਾਹਮਣੇ ਨੰਗਾ ਕਰਦਿਆਂ, 'ਇੰਡੀਆ' ਵਰਗੇ ਗੱਠਜੋੜ ਵਿਚ ਸ਼ਾਮਲ ਭ੍ਰਿਸ਼ਟ ਧਿਰਾਂ ਦਾ ਪਰਦਾਚਾਕ ਕਰਦਿਆਂ, ਲੋਕ ਮਸਲਿਆਂ 'ਤੇ ਲਾਮਬੰਦੀ ਕੀਤੀ ਜਾਵੇ। ਬੇਰੁਜ਼ਗਾਰੀ, ਗਰੀਬੀ, ਖੁਦਕੁਸ਼ੀਆਂ, ਫਸਲਾਂ ਦੇ ਵਾਜਬ ਭਾਅ, ਮਗਨਰੇਗਾ ਤਹਿਤ ਪੂਰਾ ਸਾਲ ਰੁਜ਼ਗਾਰ, ਸਭਨਾਂ ਲਈ ਮੁਫਤ ਸਿਹਤ ਤੇ ਸਿੱਖਿਆ ਸਹੂਲਤਾਂ ਜਿਹੇ ਮਸਲੇ ਉਭਾਰਨ ਦੀ ਲੋੜ ਹੈ।

# ਜਿਨਸੀ ਹਿੰਸਾ ਅਤੇ ਹਾਕਮਾਂ ਦੀ ਜਵਾਬਦੇਹੀ

***ਮਨੀਪੁਰ ਵਿਚ ਕੁਕੀ ਔਰਤਾਂ ਉੱਪਰ ਹੌਲਨਾਕ ਜਿਨਸੀ ਜ਼ੁਲਮਾਂ ਵਾਲੀ ਵੀਡੀਓ ਨਾਲ ਹਰ ਸੰਜੀਦਾ ਦਾ ਦਿਲ ਵਲੂੰਧਰਿਆ ਗਿਆ ਹੈ ਪਰ ਹੁਣ ਵਿਚਾਰਨ ਵਾਲ ਮਸਲਾ ਇਹ ਹੈ ਕਿ ਅਜਿਹੀਆਂ ਘਟਨਾਵਾਂ ਰੋਕਣ ਲਈ ਕੀ ਕੁਝ ਹੋਣਾ ਚਾਹੀਦਾ ਹੈ। ਇਸ ਘਟਨਾ ਪਿੱਛੇ ਕੰਮ ਕਰਦੀ ਹਕੂਮਤੀ ਨੀਤੀ ਅਤੇ ਮਨਸ਼ੇ ਬਾਰੇ ਸਪਸ਼ਟ ਸਮਝ ਬਣਾ ਕੇ ਹੀ ਭਵਿੱਖ 'ਚ ਅਜਿਹੀ ਹਿੰਸਾ ਨੂੰ ਰੋਕਣ ਲਈ ਪੇਸ਼ਬੰਦੀ ਕੀਤੀ ਜਾ ਸਕਦੀ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

3 ਮਈ ਤੋਂ ਮਨੀਪੁਰ ਭਰਾ-ਮਾਰ ਜੰਗ 'ਚ ਸੜ ਰਿਹਾ ਹੈ। ਹਜੂਮ ਵੱਲੋਂ ਔਰਤਾਂ ਨੂੰ ਨਿਰਵਸਤਰ ਕਰ ਕੇ ਘੁੰਮਾਏ ਜਾਣ ਦੀ ਵੀਡੀਓ ਵਾਇਰਲ ਹੋਣ 'ਤੇ ਸੱਤਾਧਾਰੀ ਧਿਰ ਲਈ ਹੌਲਨਾਕ ਹਿੰਸਾ ਤੋਂ ਮੁੱਕਰਨਾ ਸੰਭਵ ਨਾ ਰਿਹਾ। ਸੁਪਰੀਮ ਕੋਰਟ ਨੂੰ ਵੀ ਸਖ਼ਤ ਰੁਖ਼ ਅਖ਼ਤਿਆਰ ਕਰਨਾ ਪਿਆ ਅਤੇ 79 ਦਿਨ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮੂੰਹ ਖੋਲ੍ਹਣਾ ਪਿਆ ਜੋ ਇੰਝ ਤਮਾਸ਼ਬੀਨ ਬਣਿਆ ਹੋਇਆ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। 'ਬੇਟੀ ਬਚਾਓ-ਬੇਟੀ ਪੜ੍ਹਾਓ' ਦੇ ਹੋਕਰੇ ਮਾਰਨ ਵਾਲੇ ਨੇ ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ, ਉਨਾਓ ਬਲਾਤਕਾਰ ਕੇਸ, ਹਾਥਰਸ ਬਲਾਤਕਾਰ ਕੇਸ, ਪਹਿਲਵਾਨ ਕੁੜੀਆਂ ਦੇ ਜਿਨਸੀ ਸ਼ੋਸ਼ਣ ਵਰਗੇ ਕਿਸੇ ਇਕ ਵੀ ਮਾਮਲੇ 'ਚ ਜ਼ਬਾਨ ਨਹੀਂ ਸੀ ਖੋਲ੍ਹੀ। ਹੁਣ ਵੀ ਉਸ ਦੇ ਬਿਆਨ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ ਹੈ ਜਿਸ ਵਿਚ ਹਿੰਸਾ 'ਤੇ ਕਾਬੂ ਪਾਉਣ 'ਚ ਸਰਕਾਰ ਦੀ ਨਾਕਾਮੀ ਲਈ ਕੋਈ ਪਛਤਾਵਾ ਜਾਂ ਮਜ਼ਲੂਮ ਔਰਤਾਂ ਪ੍ਰਤੀ ਕੋਈ ਹਮਦਰਦੀ ਹੋਵੇ ਜਾਂ ਦੋਸ਼ੀਆਂ ਵਿਰੁੱਧ ਠੋਸ ਕਾਰਵਾਈ ਕਰਨ ਦਾ ਕੋਈ ਸੰਕੇਤ ਹੋਵੇ। ਉਸ ਨੂੰ ਦੁੱਖ ਸਿਰਫ਼ ਇਸ ਗੱਲ ਦਾ ਹੈ ਕਿ ਵੀਡੀਓ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਵਾਇਰਲ ਹੋਣ ਨਾਲ ਮੁਲਕ ਨੂੰ ਸ਼ਰਮਿੰਦਾ ਹੋਣਾ ਪਿਆ ਹੈ ਕਿਉਂਕਿ ਦੁਨੀਆ ਨੇ ਇਕ ਵਾਰ ਫਿਰ 'ਸਭ ਤੋਂ ਵੱਡੇ ਲੋਕਤੰਤਰ' ਦਾ ਅਸਲ ਚਿਹਰਾ ਦੇਖ ਲਿਆ ਹੈ। ਮੀਡੀਆ ਦੇ ਸੰਜੀਦਾ ਹਿੱਸਿਆਂ ਨੇ ਬਿਲਕੁਲ ਸਹੀ ਵਿਅੰਗ ਕੀਤਾ ਹੈ ਕਿ ਮੋਦੀ ਦਾ ਬਿਆਨ ਮਗਰਮੱਛ ਦੇ ਹੰਝੂ ਹਨ। ਆਦਿਵਾਸੀ ਪਿਛੋਕੜ ਵਾਲੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਅਜੇ ਵੀ ਇਸ ਦਿਲ ਦਹਿਲਾ ਦੇਣ ਵਾਲੀ ਹਿੰਸਾ ਦਾ ਨੋਟਿਸ ਲੈਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ; ਸ਼ਾਇਦ ਉਸ ਦੀ ਮੁਰਦਾ ਜ਼ਮੀਰ ਜਾਗਣ ਲਈ ਕਿਸੇ ਹੋਰ ਜ਼ਿਆਦਾ ਦਿਲ-ਕੰਬਾਊ ਖ਼ੁਲਾਸੇ ਦੀ ਉਡੀਕ 'ਚ ਹੈ।

ਔਰਤਾਂ ਵਿਰੁੱਧ ਜਿਨਸੀ ਹਿੰਸਾ ਜਾਂ ਸਮਾਜ ਦੇ ਕਿਸੇ ਵੀ ਨਿਤਾਣੇ ਹਿੱਸੇ ਵਿਰੁੱਧ ਸਰਕਾਰੀ ਜਾਂ ਗ਼ੈਰ-ਸਰਕਾਰੀ ਹਿੰਸਾ ਦੀ ਕੋਈ ਵੀ ਘਟਨਾ ਤੁਰੰਤ ਗੰਭੀਰ ਨੋਟਿਸ ਲਏ ਜਾਣ ਦੀ ਮੰਗ ਕਰਦੀ ਹੈ ਪਰ ਵਾਇਰਲ ਵੀਡੀਓ ਉੱਪਰ ਮੁਲਕ ਦੇ ਲੋਕਾਂ ਦਾ ਪ੍ਰਤੀਕਰਮ ਬੇਹੱਦ ਚਿੰਤਾਜਨਕ ਸਥਿਤੀ ਨੂੰ ਦਰਸਾਉਂਦਾ ਹੈ। ਨਿਰਭੈ ਕਾਂਡ ਸਮੇਂ ਵੀ ਇਸੇ ਤਰ੍ਹਾਂ ਦਾ ਪ੍ਰਤੀਕਰਮ ਦੇਖਿਆ ਗਿਆ ਸੀ। ਦਰਅਸਲ, ਰੋਜ਼ਮੱਰਾ ਹਿੰਸਾ ਨੂੰ ਸਾਡੀ ਜ਼ਿਹਨੀਅਤ ਗੌਲ਼ਦੀ ਹੀ ਨਹੀਂ। ਦਾਬੇ ਹੇਠ ਪਿਸ ਰਹੇ ਲੋਕਾਂ ਉੱਪਰ ਵੱਖ-ਵੱਖ ਰੂਪਾਂ 'ਚ ਰੋਜ਼ਮੱਰਾ ਹਿੰਸਾ ਨੂੰ ਆਮ ਬਣਾ ਕੇ ਜਾਬਰ ਰਾਜ ਪ੍ਰਬੰਧ ਨੇ ਮਨੁੱਖੀ ਮਨ ਨੂੰ ਇਸ ਕਦਰ ਸੰਵੇਦਨਾਹੀਣ ਬਣਾ ਦਿੱਤਾ ਹੈ ਕਿ ਜਦੋਂ ਤੱਕ ਕਰੂਰ ਹਿੰਸਾ ਦਾ ਕੋਈ ਬੇਹੱਦ ਹੌਲਨਾਕ ਕਾਂਡ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਜ਼ਿਆਦਾਤਰ ਲੋਕ ਹਿੰਸਾ ਦੀਆਂ ਘਟਨਾਵਾਂ ਦਾ ਨੋਟਿਸ ਹੀ ਨਹੀਂ ਲੈਂਦੇ। ਘੱਟ ਤੀਬਰਤਾ ਵਾਲੀ ਹਿੰਸਾ ਨੂੰ ਸਮਾਜੀ ਤੌਰ 'ਤੇ ਸਵੀਕਾਰ ਕਰ ਲਿਆ ਗਿਆ ਹੈ। ਬਲਾਤਕਾਰਾਂ ਦੇ ਮਾਮਲੇ 'ਚ ਤਾਂ ਬਦਨਾਮੀ ਦੇ ਨਾਂ ਹੇਠ ਸਕੇ-ਸਬੰਧੀਆਂ ਅਤੇ ਭਾਈਚਾਰੇ ਵੱਲੋਂ ਹੀ ਮਾਮਲਾ ਦਬਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤ 'ਚ ਹੁਕਮਰਾਨਾਂ ਲਈ ਆਪਣੇ ਮਨੁੱਖਤਾ ਵਿਰੋਧੀ ਜੁਰਮਾਂ ਨੂੰ ਲੁਕੋਣਾ ਸੌਖਾ ਹੋ ਜਾਂਦਾ ਹੈ ਅਤੇ ਉੱਚ ਅਦਾਲਤਾਂ ਵੀ ਅੱਖਾਂ ਮੀਟ ਕੇ ਬੈਠੀਆਂ ਰਹਿੰਦੀਆਂ ਹਨ।

ਮਨੀਪੁਰ 'ਚ ਭਰਾ-ਮਾਰ ਜੰਗ ਅਤੇ ਇਸ ਦੌਰਾਨ ਔਰਤਾਂ ਵਿਰੁੱਧ ਜਿਨਸੀ ਹਿੰਸਾ ਬਹੁਤ ਵਿਆਪਕ ਪੈਮਾਨੇ 'ਤੇ ਹੋਈ ਹੈ। ਹਿੰਸਾ ਕਿਸੇ ਨਾ ਕਿਸੇ ਰੂਪ 'ਚ ਹੁਣ ਵੀ ਚੱਲ ਰਹੀ ਹੈ ਅਤੇ ਇਹ ਹੋਰ ਉੱਤਰ-ਪੂਰਬੀ ਰਾਜਾਂ ਵਿਚ ਵੀ ਫੈਲ ਸਕਦੀ ਹੈ, ਖ਼ਾਸ ਕਰ ਕੇ ਮਿਜ਼ੋਰਮ ਵਰਗੇ ਰਾਜ ਵਿਚ ਜਿੱਥੇ ਹੋਰ ਕਬਾਇਲੀ ਨਾਵਾਂ ਵਾਲੇ ਕੁਕੀ ਕਬੀਲੇ ਦੇ ਲੋਕ ਜ਼ਿਆਦਾ ਗਿਣਤੀ 'ਚ ਹਨ। ਕੁਕੀ ਭਾਈਚਾਰੇ ਉੱਪਰ ਜ਼ੁਲਮਾਂ ਦੇ ਪ੍ਰਤੀਕਰਮ ਦਾ ਗੁੱਸਾ ਹੋਰ ਥਾਈਂ ਵਸਦੇ ਮੈਤੇਈ ਲੋਕਾਂ ਉੱਪਰ ਨਿਕਲ ਸਕਦਾ ਹੈ ਜਿਨ੍ਹਾਂ ਦਾ ਮਨੀਪੁਰ ਵਾਲੀ ਹਿੰਸਾ ਨਾਲ ਕੋਈ ਸਬੰਧ ਹੀ ਨਹੀਂ ਹੈ। ਮਨੀਪੁਰ 'ਚ ਸਾਹਮਣੇ ਆਈਆਂ ਦੋ ਵੀਡੀਓ ਤਾਂ ਉਸ ਹਿੰਸਾ ਦੀ ਨਿੱਕੀ ਜਿਹੀ ਝਲਕ ਮਾਤਰ ਹਨ। ਇਸ ਦੀ ਪੁਸ਼ਟੀ ਮੁੱਖ ਮੰਤਰੀ ਨੇ ਵੀ ਕੀਤੀ ਹੈ। ਮਨੀਪੁਰ ਦੇ ਬੇਹੱਦ ਚਿੰਤਾਜਨਕ ਹਾਲਾਤ ਬਾਰੇ ਸ਼ੁਰੂ 'ਚ ਹੀ 6 ਮਈ ਨੂੰ ਲੋਕਹਿਤ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ ਸੀ ਪਰ ਲੱਖਾਂ ਲੋਕਾਂ ਦੇ ਮਨੁੱਖੀ ਹੱਕਾਂ ਦੀ ਸੁਰੱਖਿਆ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਮਨੀਪੁਰ 'ਚ ਭਰਾ-ਮਾਰ ਲੜਾਈ ਰੋਕਣ ਲਈ ਸਰਕਾਰ ਨੂੰ ਕੋਈ ਠੋਸ ਆਦੇਸ਼ ਨਹੀਂ ਦਿੱਤਾ ਸਗੋਂ ਪਟੀਸ਼ਨ ਕਰਤਾ ਵੱਲੋਂ ਪੇਸ਼ ਉੱਘੇ ਵਕੀਲ ਕੌਲਿਨ ਗੋਂਜ਼ਾਲਵਿਸ ਨੂੰ ਸਲਾਹ ਦਿੱਤੀ ਕਿ 'ਤੁਹਾਡਾ ਸ਼ੱਕ ਸਾਨੂੰ ਕਾਨੂੰਨ ਅਤੇ ਵਿਵਸਥਾ ਨੂੰ ਆਪਣੇ ਹੱਥ ਵਿਚ ਲੈਣ ਲਈ ਪ੍ਰੇਰਿਤ ਨਹੀਂ ਕਰ ਸਕਦਾ। ਅਸੀਂ ਨਹੀਂ ਚਾਹੁੰਦੇ ਕਿ ਇਸ ਕਾਰਵਾਈ ਦੀ ਵਰਤੋਂ ਰਾਜ ਵਿਚ ਮੌਜੂਦ ਹਿੰਸਾ ਅਤੇ ਹੋਰ ਸਮੱਸਿਆਵਾਂ ਨੂੰ ਹੋਰ ਵਧਾਉਣ ਲਈ ਇਕ ਮੰਚ ਦੇ ਰੂਪ 'ਚ ਕੀਤੀ ਜਾਵੇ... ਜੇ ਤੁਹਾਡੇ ਕੋਲ ਕੋਈ ਸੁਝਾਅ ਹੈ ਤਾਂ ਅਸੀਂ ਲੈ ਸਕਦੇ ਹਾਂ। ਆਓ, ਇਸ ਨੂੰ ਪੱਖਪਾਤ ਦੇ ਮਾਮਲੇ ਦੇ ਰੂਪ 'ਚ ਨਾ ਦੇਖੀਏ, ਇਹ ਮਾਨਵੀ ਮੁੱਦਾ ਹੈ... ਸਾਨੂੰ ਸਰਵਉੱਚ ਅਦਾਲਤ ਦੇ ਆਦੇਸ਼ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ"। ਸੁਪਰੀਮ ਕੋਰਟ ਨੇ ਸਾਲਿਸਟਰ ਜਨਰਲ ਦੀ ਪੇਸ਼ ਕੀਤੀ ਸਰਕਾਰ ਦੀ ਇਸ ਝੂਠੀ ਯਕੀਨਦਹਾਨੀ ਨੂੰ ਸੱਚ ਮੰਨ ਲਿਆ ਗਿਆ ਕਿ "ਅਸੀਂ ਇਸ ਪੱਖ 'ਚ, ਜਨਤਾ ਲਈ ਹਾਂ... ਪਟੀਸ਼ਨਕਰਤਾ ਨੇ ਇਸ ਮਾਮਲੇ ਨੂੰ ਅਤਿ ਜ਼ਿਆਦਾ ਸੰਵੇਦਨਸ਼ੀਲਤਾ ਨਾਲ ਲਿਆ ਹੋ ਸਕਦਾ ਹੈ, ਕਿਉਂਕਿ ਕਿਸੇ ਵੀ ਗ਼ਲਤ ਜਾਣਕਾਰੀ ਨਾਲ ਰਾਜ ਵਿਚ ਹਾਲਤ ਵਿਗੜ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰ ਦੇ ਕਾਫ਼ੀ ਯਤਨਾਂ ਤੋਂ ਬਾਅਦ ਹਾਲਾਤ ਆਮ ਹੋ ਰਹੇ ਹਨ।"




ਪਰ ਦਸ ਜੁਲਾਈ ਨੂੰ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤੀ ਰਿਪੋਰਟ ਵਿਚ ਰਾਜ ਸਰਕਾਰ ਨੇ ਦੱਸਿਆ ਕਿ 4 ਜੁਲਾਈ ਤੱਕ 142 ਲੋਕ ਮਾਰੇ ਜਾ ਚੁੱਕੇ ਹਨ, 17 ਲਾਪਤਾ ਹਨ। ਘਰਾਂ ਅਤੇ ਕਾਰੋਬਾਰਾਂ ਨੂੰ ਸਾੜਨ ਦੇ 5053 ਕੇਸ ਵਾਪਰੇ ਹਨ, ਕੁਝ ਕੇਸਾਂ 'ਚ ਤਾਂ ਪੂਰੇ ਦੇ ਪੂਰੇ ਪਿੰਡ ਹੀ ਸਾੜ ਦਿੱਤੇ ਗਏ ਹਨ। 54488 ਲੋਕ 354 ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਇਹ ਉਸੇ ਸਰਕਾਰ ਦਾ ਇਕਬਾਲ ਹੈ ਜੋ ਮਈ ਦੇ ਪਹਿਲੇ ਹਫ਼ਤੇ ਸੁਪਰੀਮ ਕੋਰਟ 'ਚ ਯਕੀਨ ਦਿਵਾ ਰਹੀ ਸੀ ਕਿ ਹਾਲਾਤ ਆਮ ਹੋ ਰਹੇ ਹਨ। ਜਦੋਂ ਐਨਾ ਹੌਲਨਾਕ ਜਾਨੀ-ਮਾਲੀ ਨੁਕਸਾਨ ਹੋ ਚੁੱਕਾ ਹੈ, ਫਿਰ ਸੁਪਰੀਮ ਕੋਰਟ 'ਆਪਣੇ ਆਪ' ਨੋਟਿਸ ਲੈ ਕੇ ਕੁਝ ਸਖ਼ਤ ਰਵੱਈਆ ਦਿਖਾ ਕੇ ਸਰਕਾਰ ਨੂੰ ਕਹਿੰਦੀ ਹੈ: 'ਅਸੀਂ ਡੂੰਘੀ ਚਿੰਤਾ ਜ਼ਾਹਿਰ ਕਰ ਰਹੇ ਹਾਂ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸੱਚੀਮੁੱਚੀ ਅੱਗੇ ਆਵੇ ਅਤੇ ਕਾਰਵਾਈ ਕਰੇ। ਅਸੀਂ ਸਰਕਾਰ ਨੂੰ ਕਾਰਵਾਈ ਕਰਨ ਲਈ ਥੋੜ੍ਹਾ ਸਮਾਂ ਦਿਆਂਗੇ, ਨਹੀਂ ਤਾਂ ਅਸੀਂ ਦਖ਼ਲਅੰਦਾਜ਼ੀ ਕਰਾਂਗੇ।"

ਸੁਪਰੀਮ ਕੋਰਟ ਦੀਆਂ ਇਹ ਕਥਿਤ 'ਸਖ਼ਤ' ਟਿੱਪਣੀਆਂ ਮਨੀਪੁਰ ਦੀਆਂ ਹੌਲਨਾਕ ਘਟਨਾਵਾਂ ਵਿਰੁੱਧ ਉੱਠ ਰਹੇ ਲੋਕ ਰੋਹ ਉੱਪਰ ਠੰਢਾ ਛਿੜਕਣ ਲਈ ਹਨ। ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਇਹ ਭਲੀਭਾਂਤ ਜਾਣਦੇ ਹਨ ਕਿ ਆਰ.ਐੱਸ.ਐੱਸ.-ਭਾਜਪਾ ਦਾ ਏਜੰਡਾ ਕੀ ਹੈ, ਹਿੰਦੂਤਵ ਦੀ ਵਿਚਾਰਧਾਰਾ ਔਰਤਾਂ ਵਿਰੁੱਧ ਜਿਨਸੀ ਹਿੰਸਾ ਨੂੰ ਕਿਵੇਂ ਜਾਇਜ਼ ਠਹਿਰਾਉਂਦੀ ਹੈ ਅਤੇ ਭਗਵੀਂ ਹਕੂਮਤ ਘੱਟਗਿਣਤੀਆਂ ਸਮੇਤ ਸਮੂਹ ਦੱਬੇ-ਕੁਚਲੇ ਹਿੱਸਿਆਂ ਦੀ ਹੱਕ-ਜਤਾਈ ਨੂੰ ਦਬਾਉਣ ਲਈ ਔਰਤਾਂ ਦੇ ਜਿਸਮਾਂ ਨੂੰ ਕਿਵੇਂ ਜੰਗ ਦਾ ਮੈਦਾਨ ਬਣਾ ਕੇ ਵਰਤਦੀ ਹੈ? ਇਹ ਵੀ ਕਿ ਸੱਤਾਧਾਰੀ ਪਾਰਟੀ ਦੇ ਇਸ਼ਾਰੇ 'ਤੇ ਮਜ਼ਲੂਮ ਹਿੱਸਿਆਂ ਵਿਰੁੱਧ ਹਰ ਤਰ੍ਹਾਂ ਦੀ ਹਿੰਸਾ ਵਿਚ ਰਾਜ-ਮਸ਼ੀਨਰੀ ਦੀ ਕਿਸ ਕਦਰ ਮਿਲੀਭਗਤ ਹੁੰਦੀ ਹੈ ਅਤੇ ਅਦਾਲਤਾਂ 'ਚ ਸਰਕਾਰ ਦੀ ਨੁਮਾਇੰਦਗੀ ਕਰਨ ਵਾਲਿਆਂ ਦੀਆਂ ਯਕੀਨ-ਦਹਾਨੀਆਂ ਕਿੰਨੀਆਂ ਕੁ ਸੱਚੀਆਂ ਹੁੰਦੀਆਂ ਹਨ। ਕਸ਼ਮੀਰ, ਉੱਤਰ-ਪੂਰਬ ਦੀਆਂ ਕੌਮੀਅਤ ਲਹਿਰਾਂ, ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਖੇਤਰਾਂ ਦੇ ਆਦਿਵਾਸੀਆਂ, ਸਿੱਖ ਅਤੇ ਮੁਸਲਮਾਨ ਘੱਟਗਿਣਤੀਆਂ ਦੇ ਕਤਲੇਆਮਾਂ 'ਚ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀਆਂ ਕਿੰਨੀਆਂ ਦਿਲ-ਦਹਿਲਾਉਣ ਵਾਲੀਆਂ ਰਿਪੋਰਟਾਂ ਵਾਰ-ਵਾਰ ਸਾਹਮਣੇ ਆ ਚੁੱਕੀਆਂ ਹਨ ਜਿਨ੍ਹਾਂ ਵਿਚ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਬੇਵਸ ਮਜ਼ਲੂਮਾਂ ਦੀ ਸੁਰੱਖਿਆ ਦੀ ਸੰਵਿਧਾਨਕ ਡਿਊਟੀ ਨਿਭਾਉਣ ਦੀ ਬਜਾਇ ਹਮਲਾਵਰ ਦਹਿਸ਼ਤਵਾਦੀ ਭੀੜਾਂ ਦਾ ਸਾਥ ਦਿੰਦਾ ਅਤੇ ਉਨ੍ਹਾਂ ਦੀ ਸੁਰੱਖਿਆ ਟੁਕੜੀ ਬਣ ਕੇ ਕੰਮ ਕਰਦਾ ਦੇਖਿਆ ਗਿਆ। ਇਸ ਦੇ ਬਾਵਜੂਦ ਜੇ ਸੁਪਰੀਮ ਕੋਰਟ ਸਰਕਾਰ ਦੀ ਝੂਠੀ ਯਕੀਨ-ਦਹਾਨੀ ਦੇ ਆਧਾਰ 'ਤੇ ਮਈ ਮਹੀਨੇ 'ਚ ਹਿੰਸਾ ਰੋਕਣ ਲਈ ਜਨਹਿਤ ਪਟੀਸ਼ਨ ਨੂੰ ਰੱਦ ਕਰਦੀ ਹੈ ਤਾਂ ਇਹ ਅਜਿਹੇ ਸੰਕਟ ਦੇ ਸਮਿਆਂ 'ਚ ਸਰਗਰਮ ਦਖ਼ਲਅੰਦਾਜ਼ੀ ਤੋਂ ਟਾਲਾ ਵੱਟਣ ਅਤੇ ਖ਼ਾਮੋਸ਼ ਦਰਸ਼ਕ ਬਣੇ ਰਹਿਣ ਤੋਂ ਸਿਵਾਇ ਹੋਰ ਕੁਝ ਨਹੀਂ ਹੈ। ਅਜੇ ਵੀ ਸੁਪਰੀਮ ਕੋਰਟ ਦਾ ਸਰਕਾਰ ਤੋਂ ਕਾਰਵਾਈ ਦੀ ਉਮੀਦ ਰੱਖਣਾ ਕੀ ਇਹ ਸਾਬਤ ਨਹੀਂ ਕਰਦਾ ਕਿ ਬੇਹੱਦ ਗੰਭੀਰ ਹਾਲਾਤ ਦੇ ਬਾਵਜੂਦ ਸਰਗਰਮ ਜੁਡੀਸ਼ੀਅਲ ਦਖ਼ਲਅੰਦਾਜ਼ੀ ਨੂੰ ਟਾਲਿਆ ਜਾ ਰਿਹਾ ਹੈ?

ਮਨੀਪੁਰ ਵਿਚ ਔਰਤਾਂ ਦੇ ਬਲਾਤਕਾਰਾਂ ਅਤੇ ਹੋਰ ਰੂਪਾਂ 'ਚ ਜਿਨਸੀ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਮੁਲਕ ਦੇ ਕੋਨੇ ਕੋਨੇ 'ਚੋਂ ਉੱਠ ਰਹੀ ਇਹ ਮੰਗ ਬਿਲਕੁਲ ਜਾਇਜ਼ ਹੈ ਪਰ ਇਹ ਮੰਗ ਕਾਫ਼ੀ ਨਹੀਂ ਹੈ। ਪਹਿਲੀ ਗੱਲ ਤਾਂ ਇਹ ਕਿ ਅਜਿਹੇ ਹੌਲਨਾਕ ਕਾਂਡਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਜਾਂ ਹਜੂਮਾਂ ਦੀ ਅਗਵਾਈ ਕਰਨ ਵਾਲੇ ਮੁਜਰਿਮ ਤਾਂ ਹਨ ਪਰ ਉਹ ਕਿਸੇ ਰਸੂਖ਼ਵਾਨ ਤਾਕਤ ਦੇ ਗਿਣੇ-ਮਿੱਥੇ ਗੁਪਤ ਏਜੰਡੇ ਨੂੰ ਲਾਗੂ ਕਰਨ ਵਾਲੇ ਕਾਰਿੰਦੇ ਜਾਂ ਇੰਵ ਕਹਿ ਲਓ ਉਹ ਕਿਸੇ ਡੂੰਘੀ ਸਾਜ਼ਿਸ਼ ਦੇ ਮੋਹਰੇ ਹੁੰਦੇ ਹਨ। ਉਹ ਐਸੀ ਤਾਕਤ ਵੱਲੋਂ ਬਾਰੀਕੀ 'ਚ ਬਣਾਈ ਯੋਜਨਾ, ਭੜਕਾਏ ਮਾਹੌਲ, ਫੈਲਾਈਆਂ ਅਫ਼ਵਾਹਾਂ, ਭੀੜਾਂ ਨੂੰ ਸ਼ਿਸ਼ਕੇਰਨ ਅਤੇ ਜਥੇਬੰਦ ਕਰਕੇ ਲਿਆਉਣ ਅਤੇ ਮੁਕੰਮਲ ਪੁਸ਼ਤਪਨਾਹੀ ਦੇ ਸਿਲਸਿਲੇ ਤਹਿਤ ਅਜਿਹਾ ਕਰਦੇ ਹਨ। ਮਿਸਾਲ ਵਜੋਂ, ਦਿੱਲੀ ਵਿਚ 1984 ਦੀ ਸਿੱਖ ਨਸਲਕੁਸ਼ੀ, 2002 'ਚ ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ, 2005 'ਚ ਛੱਤੀਸਗੜ੍ਹ ਵਿਚ ਸਲਵਾ ਜੁਡਮ ਤੇ ਅਪਰੇਸ਼ਨ ਗ੍ਰੀਨ ਹੰਟ ਸਮੇਂ ਘਰਾਂ ਤੇ ਕਾਰੋਬਾਰਾਂ ਦੀ ਸਾੜ-ਫੂਕ ਅਤੇ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਸਮੇਤ ਵਿਆਪਕ ਪੈਮਾਨੇ 'ਤੇ ਜਿਨਸੀ ਹਿੰਸਾ ਦੇ ਅਸਲ ਸੂਤਰਧਾਰ ਤੱਤਕਾਲੀ ਸਰਕਾਰਾਂ ਅਤੇ ਸੱਤਾਧਾਰੀ ਪਾਰਟੀਆਂ ਦੇ ਸਿਖ਼ਰਲੇ ਆਗੂ ਸਨ। ਦਿੱਲੀ ਕਤਲੇਆਮ ਵਾਲੇ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਐੱਚ.ਕੇ.ਐੱਲ. ਭਗਤ, ਗੁਜਰਾਤ ਕਤਲੇਆਮ ਵਾਲਾ ਬਾਬੂ ਬਜਰੰਗੀ ਤੇ ਮਾਇਆ ਕੋਡਨਾਨੀ, ਸ਼ਾਹੀਨ ਬਾਗ਼ ਮੋਰਚੇ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਉੱਪਰ ਹਮਲੇ ਕਰਨ ਵਾਲੇ ਹਿੰਸਕ ਗਰੋਹਾਂ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਆਗੂ ਕਾਂਗਰਸ ਅਤੇ ਆਰ.ਐੱਸ.ਐੱਸ-ਭਾਜਪਾ ਦੀਆਂ ਸਰਕਾਰਾਂ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅਮਲ 'ਚ ਲਿਆ ਰਹੇ ਸਨ।

ਦੂਜੀ ਗੱਲ, ਸੰਘਰਸ਼ਸ਼ੀਲ ਸਮਾਜੀ ਸਮੂਹਾਂ/ਭਾਈਚਾਰਿਆਂ ਦੀਆਂ ਔਰਤਾਂ ਵਿਰੁੱਧ ਪੁਲਿਸ ਅਤੇ ਫ਼ੌਜ ਵੱਲੋਂ ਯੋਜਨਾਬੱਧ ਜਿਨਸੀ ਹਿੰਸਾ ਤਾਂ ਹੋਰ ਵੀ ਕਰੂਰ ਰੂਪ 'ਚ ਸਾਹਮਣੇ ਆਉਂਦੀ ਹੈ। ਕਿਉਂਕਿ ਰਾਜਸੀ ਪੁਸ਼ਤਪਨਾਹੀ ਕਾਰਨ ਪੁਲਿਸ-ਫ਼ੌਜ ਨੂੰ ਤਾਂ ਕਥਿਤ 'ਟਕਰਾਅ ਦੇ ਖੇਤਰਾਂ' ਵਿਚ ਅਫਸਪਾ ਅਤੇ ਹੋਰ ਵਿਸ਼ੇਸ਼ ਕਾਨੂੰਨਾਂ ਰਾਹੀਂ ਕਾਨੂੰਨੀ ਕਾਰਵਾਈ ਤੋਂ ਹੀ ਮੁਕੰਮਲ ਛੋਟ ਹੈ। ਕਸ਼ਮੀਰ ਵਿਚ ਕੁਨਨ-ਪੋਸ਼ਪੁਰਾ ਵਰਗੇ ਸਮੂਹਿਕ ਬਲਾਤਕਾਰ ਕਾਂਡਾਂ ਅਤੇ ਮਨੀਪੁਰ ਦੀਆਂ ਔਰਤਾਂ ਵੱਲੋਂ ਇੰਫ਼ਾਲ ਵਿਚ ਭਾਰਤੀ ਫ਼ੌਜ ਦੇ ਸਦਰ-ਮੁਕਾਮ ਅੱਗੇ ਨਿਰਵਸਤਰ ਹੋ ਕੇ ਪ੍ਰਦਰਸ਼ਨ ਕਰਨ ਨੇ ਫ਼ੌਜ ਵੱਲੋਂ ਉੱਥੋਂ ਦੇ ਸੰਘਰਸ਼ਸ਼ੀਲ ਅਵਾਮ ਦਾ ਮਨੋਬਲ ਤੋੜਨ ਲਈ ਔਰਤਾਂ ਦੇ ਜਿਸਮਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਸਰਕਾਰੀ ਨੀਤੀ ਦਾ ਪਰਦਾਫਾਸ਼ ਕੀਤਾ ਸੀ। ਮਨੀਪੁਰੀ ਔਰਤਾਂ ਨੇ ਬੈਨਰ ਲੈ ਕੇ ਮੁਜ਼ਾਹਰਾ ਕੀਤਾ ਸੀ ਜਿਸ ਉੱਪਰ ਲਿਖਿਆ ਸੀ: ਭਾਰਤੀ ਫ਼ੌਜ ਸਾਡੇ ਨਾਲ ਬਲਾਤਕਾਰ ਕਰਦੀ ਹੈ। ਇਸ ਮੁਜ਼ਾਹਰੇ ਨੇ ਮਨੀਪੁਰ ਵਿਚ ਔਰਤਾਂ ਉੱਪਰ ਅਤੇ ਆਮ ਮਨੀਪੁਰੀ ਲੋਕਾਂ ਉੱਪਰ ਫ਼ੌਜ ਵੱਲੋਂ ਕੀਤੀ ਜਾ ਰਹੀ ਭਿਆਨਕ ਹਿੰਸਾ ਵੱਲ ਦੁਨੀਆ ਦਾ ਧਿਆਨ ਖਿੱਚਿਆ ਸੀ। ਆਖ਼ਿਰਕਾਰ ਸੁਪਰੀਮ ਕੋਰਟ ਨੂੰ 1500 ਦੇ ਕਰੀਬ ਝੂਠੇ ਮੁਕਾਬਲਿਆਂ ਦੀ ਜਾਂਚ ਕਰਾਉਣ ਦਾ ਆਦੇਸ਼ ਦੇਣਾ ਪਿਆ ਸੀ। ਇਹ ਵੱਖਰਾ ਸਵਾਲ ਹੈ ਕਿ ਉਹ ਜਾਂਚ ਅਜੇ ਵੀ ਕਿਸੇ ਤਣ-ਪੱਤਣ ਨਹੀਂ ਲੱਗੀ। ਸਲਵਾ ਜੁਡਮ ਸਮੇਂ ਛੱਤੀਸਗੜ੍ਹ ਵਿਚ ਭਾਜਪਾ ਦੀ ਅਤੇ ਕੇਂਦਰ 'ਚ ਕਾਂਗਰਸ ਦੀ ਸਰਕਾਰ ਸੀ। ਕੇਂਦਰ ਤੇ ਰਾਜ ਸਰਕਾਰਾਂ ਨੇ ਮਿਲ ਕੇ ਦਹਿਸ਼ਤੀ ਗਰੋਹ ਜਥੇਬੰਦ ਕਰ ਕੇ ਆਦਿਵਾਸੀਆਂ ਨੂੰ ਉਜਾੜਨ ਦੀ ਯੋਜਨਾ ਬਣਾਈ, ਕਾਂਗਰਸੀ ਆਗੂ ਮਹੇਂਦਰ ਕਰਮਾ ਦੀ ਅਗਵਾਈ 'ਚ ਜਰਾਇਮਪੇਸ਼ਾ ਅਨਸਰਾਂ ਦੇ ਗੈਂਗ ਬਣਾਏ ਗਏ। ਉਨ੍ਹਾਂ ਨੂੰ ਸਰਕਾਰ ਵੱਲੋਂ ਪੁਲਿਸ ਤੇ ਨੀਮ-ਫ਼ੌਜੀ ਦਸਤਿਆਂ ਦੀ ਸੁਰੱਖਿਆ ਅਤੇ ਹਥਿਆਰ ਦਿੱਤੇ; ਜਦਕਿ ਇਸ 'ਮੁਹਿੰਮ' ਲਈ ਫੰਡ ਟਾਟਾ ਅਤੇ ਐੱਸ.ਆਰ. ਕੰਪਨੀਆਂ ਨੇ ਦਿੱਤੇ। ਸਤੰਬਰ 2011 'ਚ ਸੁਪਰੀਮ ਕੋਰਟ ਨੇ ਇਨ੍ਹਾਂ ਗਰੋਹਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਤੋੜਨ ਦੇ ਆਦੇਸ਼ ਤਾਂ ਦੇ ਦਿੱਤੇ ਪਰ ਜਿਨ੍ਹਾਂ ਹੁਕਮਰਾਨਾਂ ਅਤੇ ਅਧਿਕਾਰੀਆਂ ਨੇ ਇਹ ਗਰੋਹ ਜਥੇਬੰਦ ਕਰ ਕੇ ਵਿਆਪਕ ਹਿੰਸਾ ਅਤੇ ਸਾੜ-ਫੂਕ ਕਰਵਾਈ ਉਨ੍ਹਾਂ ਨੂੰ ਕਿਸੇ ਜਵਾਬਦੇਹੀ ਦਾ ਸਾਹਮਣਾ ਨਹੀਂ ਕਰਨਾ ਪਿਆ।

ਅਪਰੇਸ਼ਨ ਗ੍ਰੀਨ ਹੰਟ ਦੌਰਾਨ ਪੁਲਿਸ ਅਤੇ ਨੀਮ-ਫ਼ੌਜੀ ਦਸਤਿਆਂ ਵੱਲੋਂ ਕੀਤੇ ਜਾ ਰਹੇ ਸਮੂਹਿਕ ਬਲਾਤਕਾਰਾਂ ਸਮੇਤ ਵਿਆਪਕ ਪੈਮਾਨੇ 'ਤੇ ਔਰਤ ਵਿਰੋਧੀ ਹਿੰਸਾ ਨੂੰ ਨਾ ਸਿਰਫ਼ ਸਰਕਾਰ ਵੱਲੋਂ ਦਬਾਇਆ ਗਿਆ ਸਗੋਂ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਧੱਕਣ ਵਾਲੇ ਆਈ.ਜੀ. ਕਲੂਰੀ ਵਰਗੇ ਅਧਿਕਾਰੀਆਂ ਨੂੰ ਰਾਜਕੀ ਥਾਪੀ ਤੇ ਤਰੱਕੀਆਂ ਦੇ ਕੇ ਅਤੇ ਐੱਸ.ਪੀ. ਅੰਕਿਤ ਗਰਗ ਨੂੰ ਗਣਤੰਤਰ ਦਿਵਸ ਉੱਪਰ ਪੁਲਿਸ ਬਹਾਦਰੀ ਮੈਡਲ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਰਕਾਰ ਵੱਲੋਂ ਸਨਮਾਨ ਤੇ ਤਰੱਕੀਆਂ ਅਤੇ ਘਿਨਾਉਣੇ ਜੁਰਮਾਂ ਲਈ ਜ਼ਿੰਮੇਵਾਰ ਮੁਜਰਮਾਂ ਨੂੰ ਇਕ ਵੀ ਕੇਸ ਵਿਚ ਮਿਸਾਲੀ ਸਜ਼ਾ ਨਾ ਹੋਣਾ ਇਹ ਸਾਫ਼ ਸੰਦੇਸ਼ ਹੈ ਕਿ ਔਰਤਾਂ ਵਿਰੁੱਧ ਜਿਨਸੀ ਹਿੰਸਾ ਬਕਾਇਦਾ ਸਰਕਾਰੀ ਨੀਤੀ ਹੈ ਜਿਸ ਨੂੰ ਸਰਕਾਰ ਕਿਸੇ ਵੀ ਸੂਰਤ 'ਚ ਬੰਦ ਨਹੀਂ ਕਰਨਾ ਚਾਹੁੰਦੀ, ਇਸ ਲਈ ਮਜ਼ਲੂਮਾਂ ਦੀ ਕਿਤੇ ਸੁਣਵਾਈ ਨਹੀਂ ਹੋਵੇਗੀ ਸਗੋਂ ਉਹ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਹੀ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਜੋ ਇਸ ਨੀਤੀ ਉੱਪਰ ਸਵਾਲ ਕਰਦੇ ਸਨ ਅਤੇ ਮਜ਼ਲੂਮਾਂ ਦੀ ਧਿਰ ਬਣਦੇ ਸਨ।

ਔਰਤਾਂ ਵਿਰੁੱਧ ਜਿਨਸੀ ਹਿੰਸਾ ਹਜੂਮ ਦੇ ਰੂਪ 'ਚ ਹੋਵੇ ਜਾਂ ਪੁਲਿਸ-ਫ਼ੌਜ ਦੁਆਰਾ, ਅਜਿਹੇ ਪੈਮਾਨੇ ਦੇ ਹੌਲਨਾਕ ਕਾਂਡ ਹਕੂਮਤ ਦੇ ਪੱਧਰ 'ਤੇ ਯੋਜਨਾਬੰਦੀ ਅਤੇ ਰਾਜਕੀ ਪੁਸ਼ਤਪਨਾਹੀ ਤੋਂ ਬਿਨਾਂ ਸੰਭਵ ਨਹੀਂ ਹੁੰਦੇ। ਪੁਲਿਸ ਅਤੇ ਸਿਵਲ ਪ੍ਰਸ਼ਾਸਨ ਸਰਕਾਰ ਦੇ ਆਦੇਸ਼ 'ਤੇ ਸੰਵਿਧਾਨਕ ਫ਼ਰਜ਼ ਨਿਭਾਉਣ ਤੋਂ ਕਿਨਾਰਾ ਕਰਦੇ ਹੋਏ ਹਿੰਸਾ ਕਰ ਰਹੇ ਹਜੂਮਾਂ ਨੂੰ ਸੁਰੱਖਿਆ ਛਤਰੀ ਮੁਹੱਈਆ ਕਰਦੇ ਹਨ ਅਤੇ ਕਈ ਥਾਵਾਂ ਉੱਪਰ ਤਾਂ ਹਮਲਾਵਰ ਹਜੂਮ ਦਾ ਸਾਥ ਦਿੰਦੇ ਵੀ ਦੇਖੇ ਜਾ ਸਕਦੇ ਹਨ। ਬਾਅਦ ਵਿਚ ਹਾਹਾਕਾਰ ਮਚਣ 'ਤੇ ਕੇਸ ਦਰਜ ਦੀ ਖ਼ਾਨਾਪੂਰਤੀ ਕਰਨਾ, ਵਿਸ਼ੇਸ਼ ਜਾਂਚ ਕਮਿਸ਼ਨ ਬਣਾਉਣਾ, ਕਮਿਸ਼ਨਾਂ ਵੱਲੋਂ ਘਿਨਾਉਣੇ ਜੁਰਮਾਂ ਦੇ ਸਬੂਤਾਂ ਨੂੰ ਮਿਟਾਉਣਾ, ਪੁਲਿਸ ਵੱਲੋਂ ਚਸ਼ਮਦੀਦ ਗਵਾਹਾਂ ਨੂੰ ਡਰਾ-ਧਮਕਾ ਕੇ ਚੁੱਪ ਕਰਾਉਣਾ, ਅਦਾਲਤਾਂ 'ਚ ਦਹਾਕਿਆਂ ਤੱਕ ਮੁਕੱਦਮੇ ਚਲਾ ਕੇ ਨਿਆਂ ਲੈਣ ਲਈ ਯਤਨਸ਼ੀਲ ਮਜ਼ਲੂਮ ਧਿਰ ਨੂੰ ਹੰਭਾਉਣਾ-ਥਕਾਉਣਾ, ਅਖ਼ੀਰ 'ਚ ਇੱਕਾ-ਦੁੱਕਾ ਦੋਇਮ ਦਰਜੇ ਦੇ ਮੁਜਰਿਮਾਂ ਨੂੰ ਕੁਝ ਸਜ਼ਾਵਾਂ ਦੇ ਕੇ ਮੁੱਖ ਮੁਜਰਿਮਾਂ ਨੂੰ ਬਚਾਉਣਾ ਅਤੇ ਉੱਚ ਅਦਾਲਤਾਂ 'ਚ ਸਜ਼ਾਯਾਫ਼ਤਾ ਵਿਅਕਤੀਆਂ ਨੂੰ ਬਰੀ ਕਰਾਉਣਾ ਜਾਂ ਸਰਕਾਰ ਵੱਲੋਂ ਉਨ੍ਹਾਂ ਦੀਆਂ ਸਜ਼ਾਵਾਂ ਵੀ ਮੁਆਫ਼ ਕਰ ਦੇਣਾ, ਇਹ ਆਮ ਪੈਟਰਨ ਹੈ ਜੋ ਘੱਟਗਿਣਤੀ ਜਾਂ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੇ ਕੇਸਾਂ ਵਿਚ ਅਕਸਰ ਦੇਖਿਆ ਜਾ ਸਕਦਾ ਹੈ। ਭਾਜਪਾ ਦੀਆਂ ਕੇਂਦਰ ਅਤੇ ਸਰਕਾਰਾਂ ਤਾਂ ਭਗਵੇਂ ਦਹਿਸ਼ਤੀਆਂ ਅਤੇ ਪੁਲਿਸ ਅਧਿਕਾਰੀਆਂ ਵਿਰੁੱਧ ਦਰਜ ਬਹੁਤ ਸਾਰੇ ਕੇਸ ਹੀ ਵਾਪਸ ਲੈ ਰਹੀਆਂ ਹਨ। ਹਿਟਲਰ, ਮੁਸੋਲਿਨੀ ਨੂੰ ਆਦਰਸ਼ ਮੰਨਣ ਵਾਲੀ ਆਰ.ਐੱਸ.ਐੱਸ.-ਭਾਜਪਾ ਨੇ ਤਾਂ ਇਸ ਨੂੰ ਨਿਆਂਪਸੰਦਾਂ ਦੀ ਜ਼ਬਾਨਬੰਦੀ ਦੀ ਤਕਨੀਕ ਦੇ ਰੂਪ 'ਚ ਵਿਕਸਤ ਕਰ ਲਿਆ ਹੈ ਅਤੇ ਨਿਆਂ ਦਿਵਾਉਣ ਲਈ ਮਜ਼ਲੂਮਾਂ ਦੀ ਕਾਨੂੰਨੀ ਸਹਾਇਤਾ ਦੇਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਇਸ ਹਕੂਮਤ ਵੱਲੋਂ ਫ਼ੌਜ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਜਾਂ ਸਰਕਾਰ ਦੀਆਂ ਨੀਤੀਆਂ ਤੇ ਨੀਅਤ ਉੱਪਰ ਸਵਾਲ ਉਠਾਉਣਾ ਹੀ ਦੇਸ਼ ਵਿਰੋਧੀ ਕਾਰਵਾਈ ਬਣਾ ਦਿੱਤਾ ਗਿਆ ਹੈ।

ਮਨੀਪੁਰ 'ਚ ਕੁਕੀ ਔਰਤਾਂ ਉੱਪਰ ਹੌਲਨਾਕ ਜਿਨਸੀ ਜ਼ੁਲਮਾਂ ਪਿੱਛੇ ਕੰਮ ਕਰਦੀ ਹਕੂਮਤੀ ਨੀਤੀ ਅਤੇ ਮਨਸ਼ੇ ਬਾਰੇ ਸਪਸ਼ਟ ਸਮਝ ਬਣਾ ਕੇ ਹੀ ਭਵਿੱਖ 'ਚ ਐਸੀ ਹਿੰਸਾ ਨੂੰ ਰੋਕਣ ਲਈ ਪੇਸ਼ਬੰਦੀ ਕੀਤੀ ਜਾ ਸਕਦੀ ਹੈ। ਸਿਰਫ਼ ਇਕ-ਦੋ ਵੀਡੀਓ ਸਾਹਮਣੇ ਆਉਣ 'ਤੇ ਜਜ਼ਬਾਤੀ ਵਿਰੋਧ ਪ੍ਰਦਰਸ਼ਨਾਂ ਦਾ ਵਕਤੀ ਉਬਾਲ ਕੋਈ ਬਹੁਤੀ ਸਾਰਥਕ ਭੂਮਿਕਾ ਨਹੀਂ ਨਿਭਾ ਸਕਦਾ, ਜੇ ਇਸ ਵਿਰੋਧ ਨੂੰ ਜਿਨਸੀ ਹਿੰਸਾ ਨੂੰ ਜਬਰ ਦਾ ਸੰਦ ਬਣਾ ਕੇ ਵਰਤਣ ਵਿਰੁੱਧ ਲਗਾਤਾਰਤਾ ਨਾਲ ਅਤੇ ਸਪਸ਼ਟ ਸਮਝ ਨਾਲ ਅਵਾਮ ਦੀ ਜਾਗਰੂਕਤਾ ਬਣਾਉਣ ਲਈ ਬਰਕਰਾਰ ਨਹੀਂ ਰੱਖਿਆ ਜਾਂਦਾ। ਹਿੰਸਾ ਦਾ ਸੰਦ ਬਣੇ ਸ਼ਖ਼ਸਾਂ ਨੂੰ ਸਜ਼ਾਵਾਂ ਦਿਵਾਉਣਾ ਮਹੱਤਵਪੂਰਨ ਹੈ, ਨਾਲ ਹੀ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ, ਮੁੱਖ ਜ਼ਿੰਮੇਵਾਰ ਹੁਕਮਰਾਨਾਂ ਅਤੇ ਰਾਜ-ਮਸ਼ੀਨਰੀ ਨੂੰ ਲੋਕ ਕਟਹਿਰੇ ਵਿਚ ਜਵਾਬਦੇਹ ਬਣਾਉਣਾ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਗਰੋਹਾਂ ਵੱਲੋਂ ਸਰਕਾਰੀ ਪੁਸ਼ਤਪਨਾਹੀ ਨਾਲ ਜਿਨਸੀ ਹਿੰਸਾ ਨੂੰ ਹਥਿਆਰ ਬਣਾ ਕੇ ਭਾਈਚਾਰਿਆਂ ਨੂੰ ਜ਼ਲੀਲ ਕਰਨ ਤੇ ਉਨ੍ਹਾਂ ਦਾ ਮਨੋਬਲ ਤੋੜਨ ਦੀ ਨੀਤੀ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਨਾ।



# ਸਮਾਜ ਸੇਵਾ ਤੇ ਪਰਉਪਕਾਰ ਲਈ ਵਚਨਬੱਧ ਰੱਖੜਾ ਪਰਿਵਾਰ

ਸਮਾਜ ਵਿਚ ਜਦ ਬਿਪਤਾ ਅਤੇ ਕੁਦਰਤੀ ਆਫ਼ਤਾਂ ਦਾ ਪਰਛਾਵਾਂ ਪੈਂਦਾ ਹੈ, ਤਦ ਮਨੁੱਖਤਾ ਦੀ ਚਮਕਦਾਰ ਰੌਸ਼ਨੀ, ਲੋੜਵੰਦਾਂ ਨੂੰ ਉੱਚਾ ਚੁੱਕਣ ਲਈ ਸਮਰਪਿਤ ਵਿਅਕਤੀਆਂ ਅਤੇ ਪਰਿਵਾਰਾਂ ਵਿਚ ਲੱਭੀ ਜਾ ਸਕਦੀ ਹੈ। ਰੱਖੜਾ ਪਰਿਵਾਰ ਅਜਿਹੀ ਹੀ ਕਮਾਲ ਦੀ ਮਿਸਾਲ ਹੈ ਜਿਸ ਦੀ ਪਰਉਪਕਾਰ ਅਤੇ ਸਮਾਜ ਸੇਵਾ ਪ੍ਰਤੀ ਅਟੁੱਟ ਵਚਨਬੱਧਤਾ ਨੇ ਸਮਾਜ 'ਤੇ ਅਮਿੱਟ ਛਾਪ ਛੱਡੀ ਹੈ। ਸ. ਦਰਸ਼ਨ ਸਿੰਘ ਧਾਲੀਵਾਲ,

**ਡਾ. ਧਰਮਿੰਦਰ ਸਿੰਘ ਉੱਭਾ**
**ਫੋਨ: +91-98557-11380**

ਸ. ਸੁਰਜੀਤ ਸਿੰਘ ਰੱਖੜਾ ਅਤੇ ਸ. ਚਰਨਜੀਤ ਸਿੰਘ ਧਾਲੀਵਾਲ ਦੀ ਦੂਰਅੰਦੇਸ਼ ਤਿਕੜੀ ਦੀ ਅਗਵਾਈ ਵਿਚ ਰੱਖੜਾ ਪਰਿਵਾਰ ਨੇ ਕੁਦਰਤੀ ਆਫਤਾਂ ਦੌਰਾਨ ਲਗਾਤਾਰ ਸੇਵਾ ਕੀਤੀ ਹੈ ਅਤੇ ਬਹੁਤ ਸਾਰੇ ਲੋਕਾਂ ਦੇ ਜੀਵਨ ਨੂੰ ਛੂਹਿਆ ਹੈ। ਪੰਜਾਬ ਵਿਚ ਹੜ੍ਹਾਂ ਦੌਰਾਨ ਜ਼ਰੂਰੀ ਸਹਾਇਤਾ ਮੁਹੱਈਆ ਕਰਨ ਤੋਂ ਲੈ ਕੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੀ ਸਹਾਇਤਾ ਕਰਨ ਤੱਕ ਉਨ੍ਹਾਂ ਦੇ ਮਿਸਾਲੀ ਯੋਗਦਾਨ ਨਾਲ ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ ਵਿਚ ਸਤਿਕਾਰ ਅਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ।

ਹੁਣ ਅਸੀਂ ਵੱਖ-ਵੱਖ ਕੁਦਰਤੀ ਆਫ਼ਤਾਂ ਅਤੇ ਚੈਰੀਟੇਬਲ ਗਤੀਵਿਧੀਆਂ ਦੌਰਾਨ ਰੱਖੜਾ ਪਰਿਵਾਰ ਦੀ ਪ੍ਰਸ਼ੰਸਾਯੋਗ ਭੂਮਿਕਾ ਅਤੇ ਮਹੱਤਵਪੂਰਨ ਯੋਗਦਾਨ ਬਾਰੇ ਵਿਚਾਰ ਕਰਾਂਗੇ।

**ਹੜ੍ਹਾਂ ਦੌਰਾਨ ਉਮੀਦ ਵੰਡਣਾ:** ਪੰਜਾਬ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਦੌਰਾਨ ਰੱਖੜਾ ਪਰਿਵਾਰ ਪ੍ਰਭਾਵਿਤ ਭਾਈਚਾਰਿਆਂ ਨੂੰ ਰਾਹਤ ਮੁਹੱਈਆ ਕਰਨ ਲਈ ਅੱਗੇ ਆਇਆ। ਬਿਪਤਾ ਦੀ ਇਸ ਔਖੀ ਘੜੀ ਵਿਚ ਰੱਖੜਾ ਪਰਿਵਾਰ ਨੇ ਤੇਜ਼ੀ ਨਾਲ ਲੰਗਰ ਤੇ ਪਾਣੀ ਵੰਡਿਆ ਅਤੇ ਨਾਲ ਹੀ ਇਹ ਯਕੀਨੀ ਬਣਾਇਆ ਕਿ ਪਟਿਆਲਾ ਦੇ ਲੋੜਵੰਦ ਖੇਤਰਾਂ ਵਿਚ ਕੋਈ ਵੀ ਪ੍ਰਾਣੀ ਰੋਟੀ ਕਾਰਨ ਭੁੱਖਾ ਨਾ ਰਹੇ। ਇਸ ਤੋਂ ਇਲਾਵਾ ਉਨ੍ਹਾਂ ਅਜਿਹੇ ਭਿਆਨਕ ਸਮਿਆਂ ਵਿਚ ਜਾਨਵਰਾਂ ਦੀ ਦੇਖਭਾਲ ਦੇ ਮਹੱਤਵ ਨੂੰ ਵੀ ਪਛਾਣਿਆ ਅਤੇ ਸਾਰੇ ਜੀਵਾਂ ਪ੍ਰਤੀ ਹਮਦਰਦੀ 'ਤੇ ਜ਼ੋਰ ਦਿੰਦੇ ਹੋਏ ਖੁੱਲ੍ਹੇ ਦਿਲ ਨਾਲ ਚਾਰੇ ਦੀ ਸਪਲਾਈ ਕੀਤੀ।

**ਪਰਉਪਕਾਰੀ ਭਰਾਵਾਂ ਦੀ ਤਿਕੜੀ:** ਰੱਖੜਾ ਪਰਿਵਾਰ ਪਰਉਪਕਾਰ ਅਤੇ ਸਮਾਜ ਸੇਵਾ ਦੀ ਸ਼ਾਨਦਾਰ ਵਿਰਾਸਤ ਦਾ ਮਾਣ ਕਰਦਾ ਹੈ। ਦਰਸ਼ਨ ਸਿੰਘ ਧਾਲੀਵਾਲ ਪ੍ਰਭਾਵਸ਼ਾਲੀ ਅਤੇ ਦਿਆਲੂ ਸਖ਼ਸ਼ੀਅਤ ਹਨ। ਉਨ੍ਹਾਂ ਨਾ ਸਿਰਫ਼ ਸਫ਼ਲ ਵਪਾਰੀ ਅਤੇ ਉਦਯੋਗਪਤੀ ਵਜੋਂ ਸਗੋਂ ਸਮਰਪਿਤ ਪਰਉਪਕਾਰੀ ਵਜੋਂ ਵੀ ਵਿਲੱਖਣ ਨਾਮਣਾ ਖੱਟਿਆ ਹੈ। ਰੱਖੜਾ ਪਰਿਵਾਰ ਦੇ ਮੈਂਬਰ ਦਰਸ਼ਨ ਸਿੰਘ ਧਾਲੀਵਾਲ ਦੀ ਜੀਵਨ ਯਾਤਰਾ ਸਮਾਜ ਸੇਵਾ ਅਤੇ ਦਾਨ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਉਹ ਅਮਰੀਕਾ ਵਿਚ ਰਹਿੰਦੇ ਹਨ ਪਰ ਉਨ੍ਹਾਂ ਦੇ ਪਰਉਪਕਾਰੀ ਯਤਨਾਂ ਨੇ ਸਰਹੱਦਾਂ ਪਾਰ ਕਰ ਦਿੱਤੀਆਂ ਹਨ ਜਿਸ ਨਾਲ ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਦੇ ਜੀਵਨ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ। ਸੂਝ-ਬੂਝ ਵਾਲੇ ਉੱਦਮੀ ਵਜੋਂ ਦਰਸ਼ਨ ਸਿੰਘ ਧਾਲੀਵਾਲ ਨੇ ਵੱਖ-ਵੱਖ ਉਦਮਾਂ ਵਿਚ ਸ਼ਾਨਦਾਰ ਸਫ਼ਲਤਾ ਪ੍ਰਾਪਤ ਕੀਤੀ। ਉੱਤਮਤਾ, ਨਵੀਨ ਸੋਚ ਅਤੇ ਨੈਤਿਕ ਅਭਿਆਸਾਂ ਪ੍ਰਤੀ ਉਨ੍ਹਾਂ ਦੇ ਸਮਰਪਣ ਨੇ ਉਸ ਦੇ ਸਫ਼ਲ ਉਦਮਾਂ ਨੂੰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਦੀ ਸਿਆਸਤ ਵਿਚ ਉੱਘੀ ਹਸਤੀ ਸੁਰਜੀਤ ਸਿੰਘ ਰੱਖੜਾ ਨੇ ਸੂਬੇ ਦੇ ਸਿਆਸੀ ਦ੍ਰਿਸ਼ 'ਤੇ ਅਮਿੱਟ ਛਾਪ ਛੱਡੀ ਹੈ। ਸੁਰਜੀਤ ਸਿੰਘ ਰੱਖੜਾ ਨੇ ਨਾ ਸਿਰਫ਼ ਪਰਉਪਕਾਰ ਦੀ ਵਿਰਾਸਤ ਨੂੰ ਸੰਭਾਲਿਆ ਹੈ ਸਗੋਂ ਤਜਰਬੇਕਾਰ ਸਿਆਸਤਦਾਨ ਅਤੇ ਸੁਹਿਰਦ ਆਗੂ ਵਜੋਂ ਵੀ ਨਾਮਣਾ ਖੱਟਿਆ ਹੈ। ਰਾਜਨੀਤੀ ਪ੍ਰਤੀ ਉਨ੍ਹਾਂ ਦੀ ਪਹੁੰਚ ਸੱਚੀ ਹਮਦਰਦੀ ਅਤੇ ਸਮਾਜ ਸੇਵਾ ਕਰਨ ਦੀ ਇੱਛਾ 'ਤੇ ਆਧਾਰਿਤ ਹੈ। ਉਹ ਰਾਜ ਅਤੇ ਇਸ ਦੇ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਦੇ ਵਿਹਾਰਕ ਹੱਲ ਲੱਭਣ ਲਈ ਵੱਖ-ਵੱਖ ਹਿੱਸੇਦਾਰਾਂ ਵਿਚਕਾਰ ਰਚਨਾਤਮਕ ਸੰਵਾਦ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਆਪਣੀ ਸੂਝਵਾਨ ਅਗਵਾਈ ਅਤੇ ਲੋਕਾਂ



ਲਈ ਸੱਚੀ ਚਿੰਤਾ ਦੇ ਨਾਲ-ਨਾਲ ਆਪਣੇ ਸਾਥੀਆਂ ਅਤੇ ਹਲਕੇ, ਦੋਵਾਂ ਤੋਂ ਬਹੁਤ ਸਤਿਕਾਰ ਅਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ। ਉਨ੍ਹਾਂ ਕੁਦਰਤੀ ਆਫ਼ਤਾਂ ਦੌਰਾਨ ਰੱਖੜਾ ਪਰਿਵਾਰ ਦੇ ਚੈਰੀਟੇਬਲ ਯਤਨਾਂ, ਲੰਗਰ ਦੀ ਸੇਵਾ, ਜ਼ਰੂਰੀ ਸਾਮਾਨ ਮੁਹੱਈਆ ਕਰਨ ਅਤੇ ਸੰਕਟ ਵਿਚ ਘਿਰੇ ਲੋਕਾਂ ਲਈ ਮਦਦ ਦਾ ਹੱਥ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸ. ਚਰਨਜੀਤ ਸਿਘ ਧਾਲੀਵਾਲ ਬਾਕੀ ਪਰਿਵਾਰ ਸਮੇਤ ਸੰਕਟ ਦੀ ਘੜੀ ਵਿਚ ਮਨੁੱਖਤਾ ਦੀ ਸੇਵਾ ਲਈ ਅਟੁੱਟ ਵਚਨਬੱਧਤਾ ਨਾਲ ਅੱਗੇ ਆਏ ਹਨ। ਸੇਵਾ ਅਤੇ ਸਮਾਜ ਦੀ ਭਲਾਈ ਲਈ ਉਸ ਦੀ ਵਚਨਬੱਧਤਾ ਆਪਣੇ ਪਿਤਾ ਸ. ਕਰਤਾਰ ਸਿਘ ਧਾਲੀਵਾਲ ਦੁਆਰਾ ਸਥਾਪਿਤ ਕਦਰਾਂ-ਕੀਮਤਾਂ ਵਿਚ ਵਸੀ ਹੋਈ ਹੈ। ਚਰਨਜੀਤ ਸਿਘ ਰੱਖੜਾ ਨੇ ਪਰਿਵਾਰ ਦੀ ਵਿਰਾਸਤ ਨੂੰ ਅਪਣਾਇਆ ਅਤੇ ਜਾਰੀ ਰੱਖਿਆ ਹੈ। ਤਿੰਨਾਂ ਭਾਰਾਵਾਂ ਦੀ ਅਨੂਠੀ ਸਾਂਝ ਉਨ੍ਹਾਂ ਸਾਂਝੀਆਂ ਕਦਰਾਂ-ਕੀਮਤਾਂ 'ਤੇ ਜ਼ੋਰ ਦਿੰਦੀ ਹੈ। ਇਹ ਸਾਂਝ ਉਨ੍ਹਾਂ ਦੀ ਦਿਆਲਤਾ ਅਤੇ ਕੰਮਾਂ ਤੋਂ ਜ਼ਾਹਿਰ ਹੁੰਦੀ ਹੈ।

**ਬਿਪਤਾ ਦੌਰਾਨ ਕਦਮ ਚੁੱਕਣਾ:** ਰੱਖੜਾ ਪਰਿਵਾਰ ਦੀ ਦਿਆਲਤਾ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਤੱਕ ਫੈਲੀ ਹੋਈ ਹੈ। ਤਾਮਿਲਨਾਡੂ ਵਿਚ ਭਿਆਨਕ ਸੁਨਾਮੀ ਦੌਰਾਨ ਉਨ੍ਹਾਂ ਨੇ ਉਦਾਰਤਾ ਦੀ ਬੇਮਿਸਾਲ ਭਾਵਨਾ ਦਾ ਪ੍ਰਦਰਸ਼ਨ ਕੀਤਾ ਅਤੇ ਰਾਹਤ ਕਾਰਜਾਂ ਲਈ 5 ਕਰੋੜ 70 ਲੱਖ ਰੁਪਏ ਦਾ ਯੋਗਦਾਨ ਪਾਇਆ। ਇਸ ਨਿਰਸਵਾਰਥ ਸੰਕੇਤ ਨੇ ਤਬਾਹੀ ਦੁਆਰਾ ਤਬਾਹ ਹੋਏ ਲੋਕਾਂ ਲਈ ਉਮੀਦ ਦੀ ਨਵੀਂ ਕਿਰਨ ਜਗਾਈ। ਹੜ੍ਹਾਂ ਕਾਰਨ ਪੈਦਾ ਹੋਏ ਦੁੱਖ ਦੂਰ ਕਰਨ ਲਈ ਉਨ੍ਹਾਂ ਦੇ ਸਮਰਪਣ ਦਾ ਇਕ ਹੋਰ ਕਾਰਜ 2010 ਵਿਚ ਸਾਹਮਣੇ ਆਇਆ ਜਦੋਂ ਉਨ੍ਹਾਂ ਨੇ ਪ੍ਰਭਾਵਿਤ ਖੇਤਰਾਂ ਨੂੰ ਲੰਗਰ ਅਤੇ ਪਾਣੀ ਸਮੇਤ ਜ਼ਰੂਰੀ ਸਹਾਇਤਾ ਮੁਹੱਈਆ ਕੀਤੀ। ਇਸ ਤੋਂ ਪਹਿਲਾਂ 1993 ਦੇ ਹੜ੍ਹਾਂ ਦੌਰਾਨ ਵੀ ਉਨ੍ਹਾਂ 5 ਲੱਖ ਰੁਪਏ ਦਾ ਯੋਗਦਾਨ ਪਾਇਆ ਸੀ।

**ਧਰਨੇ ਦੌਰਾਨ ਕਿਸਾਨਾਂ ਦਾ ਸਮਰਥਨ:** ਅਜੋਕੇ ਸਮੇਂ ਵਿਚ ਜਦੋਂ ਕਿਸਾਨਾਂ ਦੇ ਧਰਨੇ ਨੇ ਧਿਆਨ ਅਤੇ ਕਾਰਵਾਈ ਦੀ ਮੰਗ ਕੀਤੀ ਤਾਂ ਰੱਖੜਾ ਪਰਿਵਾਰ ਨੇ ਇਕ ਵਾਰ ਫਿਰ ਸੇਵਾ ਦੇ ਚੈਂਪੀਅਨ ਵਜੋਂ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ। ਪਰਿਵਾਰ ਨੇ ਲੰਗਰ ਦੀ ਸੇਵਾ, ਮੈਡੀਕਲ ਸਹੂਲਤਾਂ, ਆਵਾਜਾਈ ਅਤੇ ਹੋਰ ਸੇਵਾਵਾਂ 'ਤੇ 7 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਹਾਲਾਂਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਚੁਣੌਤੀ ਭਰਪੂਰ ਸਨ ਕਿਉਂਕਿ ਸਰਕਾਰ ਨੇ ਵਿਰੋਧ ਪ੍ਰਦਰਸ਼ਨ ਦੌਰਾਨ ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਅਮਰੀਕਾ ਤੋਂ ਭਾਰਤ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕਿਸਾਨਾਂ ਦੀ ਸਹਾਇਤਾ ਲਈ ਪੈਸੇ ਭੇਜਣ ਤੋਂ ਰੋਕਿਆ ਗਿਆ ਸੀ। ਪਰਿਵਾਰ ਨੇ ਇਸ ਮੰਤਵ ਲਈ 2 ਕਰੋੜ ਰੁਪਏ ਬਿਨਾਂ ਪ੍ਰਵਾਹ ਕੀਤੇ ਕਰਜ਼ਾ ਚੁੱਕ ਲਿਆ ਅਤੇ ਆਪਣੀ ਸੇਵਾ ਜਾਰੀ ਰੱਖੀ।

**ਮਾਨਤਾ ਦੀ ਇਕ ਵਾਰੀ:** ਰੁਕਾਵਟਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਰੱਖੜਾ ਪਰਿਵਾਰ ਦੀ ਅਦੁੱਤੀ ਭਾਵਨਾ ਅਜਾਈਂ ਨਹੀਂ ਗਈ। ਭਾਰਤ ਸਰਕਾਰ ਨੇ ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਸਮਾਜ ਦੀ ਭਲਾਈ ਲਈ ਉਨ੍ਹਾਂ ਦੇ ਯੋਗਦਾਨ ਅਤੇ ਵਚਨਬੱਧਤਾ ਨੂੰ ਮਾਨਤਾ ਦਿੰਦੇ ਹੋਏ ਐਨ.ਆਰ.ਆਈ. ਸਨਮਾਨ ਦਿੱਤਾ।

**(ਬਾਕੀ ਸਫਾ 19 'ਤੇ)**




*ਸਾਡੇ ਸਾਰੇ ਗੁਰੂਆਂ ਅਤੇ ਸ਼ਹੀਦਾਂ ਨੇ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਮਜ਼ਬੂਤ ਅਤੇ ਸਥਾਈ ਨੀਂਹ ਬਣਾਈ ਹੈ। ਸਾਡੇ ਪੂਰਵਜਾਂ ਨੇ ਇਸ ਸਿਧਾਂਤ ਦਾ ਸਨਮਾਨ ਕੀਤਾ। ਅਜੋਕਾ ਪੰਜਾਬ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਸਾਡੇ ਵਿਚੋਂ ਹਰੇਕ ਨੂੰ, ਖਾਸ ਕਰਕੇ ਪ੍ਰਵਾਸੀ ਭਾਰਤੀਆਂ ਨੂੰ, ਆਪੋ-ਆਪਣੇ ਪਿੰਡ ਵਿਚ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਨੀਂਹ ਨੂੰ ਮੁੜ ਤੋਂ ਮਜ਼ਬੂਤ ਕਰਨ ਅਤੇ ਉਸ ਦਿਸ਼ਾ ਨੂੰ ਬਦਲਣ ਦੀ ਲੋੜ ਹੈ। ਹੇਠਾਂ ਇੱਕ ਉਦਾਹਰਨ ਹੈ ਕਿ ਕਈ ਸਾਰੀਆਂ ਜ਼ਿੰਦਗੀਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹੋ। ਪ੍ਰਵਾਸੀ ਭਾਰਤੀ ਖਾਲਸਾ ਏਡ ਦੇ ਸਹਿਯੋਗ ਨਾਲ ਮੇਰਾ ਪਿੰਡ 360 ਸੈਂਟਰ ਹੋਰ ਖੋਲ੍ਹ ਰਹੇ ਹਨ।*

Number of Persons Receiving Various Services.
6 Month's work report of Mera Pind 360 Center @ Vill: Kotli Araian, Block Adampur Doaba, Jalandhar

| Sr No | Activities | First Half of 2023 | Remarks |
|---|---|---|---|
| 1 | Monthly Financial Help to Needy | 134 | From more than 10 villages |
| 2 | Financial help to the needy Students | 15 | For Higher Education |
| 3 | Books issued from library | 310 | All age groups |
| 4 | Historic Day Competition attendees | 570 | From various Schools & Villages |
| 5 | E-Health Checck-Up Patients | 645 | From Surroundings villages |
| 6 | Blood tests | 260 | As recommended by NRI Doctors/Free |
| 7 | Supplements & Drugs issued | 370 | As recommended by NRI Doctors/Free |
| 8 | IT Skills Trainees | 25 | No Charge |
| 9 | Farmers attending Seminar | 15 | From Various Villags |
| 10 | CSC Services + From filling | 840 | No Service Charge |
| 11 | Pan/Adhar Card linkage | 2260 | No Service Charge |
| 12 | Color Print Outs | 4600 | No Service Charge |
| 13 | Passport Size Photos | 1460 | No Service Charge |
| 14 | Non-Woven bags | 1000 | Free of cost |
| 15 | Jute Bag Trainees | 35 | Free of cost |
| 16 | Various Application Writing | 34 | Free of cost |
| 17 | Railway Tickets | 2 | Govt. Charges Only |
| 18 | Voter Card Apply | 6 | Free of Cost |
| 19 | Passport Apply | 8 | Govt. Charges Only |
| 20 | First MERA PIND 360 Center open at LOPON | 1 | Associated with Khalsa Aid International |

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਭੁਪਿੰਦਰ ਐਸ ਹੁੰਦਲ, ਫੋਨ 630-802-2179**

# ਵਿਸ਼ਵ ਧਰਮ ਸੰਮੇਲਨ 2023, ਸ਼ਿਕਾਗੋ

## AUGUST 14-18, 2023 I McCORMICK PLACE

Lakeside Center, 2301 S King Dr, Chicago, IL 60616

**ਅਮਰੀਕਾ ਦੀ ਸਮੂਹ ਸੰਗਤ ਅਤੇ ਮਿਡਵੈਸਟ ਦੇ ਸਭ ਗੁਰਦੁਆਰਿਆਂ ਦੇ ਸਹਿਯੋਗ ਨਾਲ**

**ਅਗਸਤ 13, ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪਰੇਡ**
**ਅਗਸਤ 14, ਤੋਂ ਅਗਸਤ 18, ਤੱਕ ਮਕਾਰਮਿਕ ਪਲੇਸ ਸ਼ਿਕਾਗੋ ਵਿਖੇ**
**ਸੰਗਤਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤੁੱਟ ਲੰਗਰ ਲਗਾਇਆ ਜਾਵੇਗਾ**


## ਸਰਬ ਧਰਮ ਪਰੇਡ

## The Parade of Faiths

**Sunday, August 13th 1:30 PM – 3:30 PM**

Assembly/Start: 1521 S Linn White Dr, Chicago, IL 60605 USA (Adler Planeterium)
Disassembly/End: 448 E 18th Dr, Chicago, IL 60616, USA





ਇਹ ਸੰਮੇਲਨ ਦਾ ਅਰੰਭ 130 ਸਾਲ ਪਹਿਲਾ ਸੰਨ 1893 ਨੂੰ ਸ਼ਿਕਾਗੋ ਵਿਖੇ ਹੋਇਆ ਸੀ ਜਿਸ ਵਿੱਚ ਸਵਾਮੀ ਵਿਵੇਕਾ ਨੰਦ ਜੀ ਨੇ ਹਿੰਦੂ ਧਰਮ ਵਜੋਂ ਹਿੱਸਾ ਲਿਆ। ਇਸ ਤੋਂ 100 ਸਾਲ ਬਾਅਦ ਇਹ ਸੰਮੇਲਨ ਸੰਨ 1993 ਨੂੰ ਫਿਰ ਸ਼ਿਕਾਗੋ ਵਿਖੇ ਹੋਇਆ ਅਤੇ ਸਿੱਖ ਧਰਮ ਵੱਲੋਂ ਪਹਿਲੀ ਵਾਰ ਇਸ ਵਿੱਚ ਹਿੱਸਾ ਲਿਆ ਗਿਆ। ਜਿਸ ਵਿੱਚ ਸਿੱਖ ਵਿਦਵਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰਬਸਾਂਝੀਵਾਲਤਾ ਦਾ ਉਪਦੇਸ਼ ਸਾਰੇ ਧਰਮਾਂ ਨਾਲ ਸਾਂਝਾ ਕੀਤਾ। ਇਸ ਵਾਰ ਵੀ ਸਿੱਖ ਧਰਮ ਦੀ ਇਸ ਸੰਮੇਲਨ ਵਿੱਚ ਸ਼ਮੂਲੀਅਤ ਅਤਿ ਜ਼ਰੂਰੀ ਹੈ।ਅਜਾਦੀ ਅਤੇ ਮਨੁੱਖੀ ਅਧਿਕਾਰ ਦੀ ਸੁਰੱਖਿਆ ਇਸ ਸਾਲ ਦੇ ਸੰਮੇਲਨ ਦਾ ਮੁੱਖ ਵਿਸ਼ਾ ਹੈ ਜੋ ਕਿ ਸਿੱਖ ਵਿਚਾਰਧਾਰਾ ਨਾਲ ਬਹੁਤ ਜਿਆਦਾ ਮੇਲ ਖਾਂਦਾ ਹੈ।ਲਗਭਗ 14000 ਵਿਅਕਤੀ ਇਸ ਸਾਲ ਦੇ ਸੰਮੇਲਨ ਵਿੱਚ ਭਾਗ ਲੈਣਗੇ।

Parade of Faiths 2023 - Google My Maps

**ਇਹਨਾਂ ਸਾਰੇ ਕਾਰਜਾਂ ਨੂੰ ਸਿਰੇ ਚਾੜ੍ਹਨ ਵਾਸਤੇ ਮਾਇਆ ਅਤੇ ਹੱਥੀ ਕੰਮ ਕਰਨ ਵਾਲੇ ਸੇਵਾਦਾਰਾਂ ਦੀ ਬਹੁਤ ਜਿਆਦਾ ਲੋੜ ਹੈ। ਇਹ ਸਾਰੇ ਕਾਰਜ ਆਪ ਜੀ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹ ਸਕਦੇ ਹਨ।ਇਸ ਲਈ ਬੇਨਤੀ ਹੈ ਕਿ ਵੱਧ ਚੜ੍ਹ ਕੇ ਭਾਗ ਲਵੋ ਅਤੇ ਬਾਕੀਆਂ ਨੂੰ ਵੀ ਯੋਗਦਾਨ ਪਾਉਣ ਲਈ ਪ੍ਰੇਰਿਤ ਕਰੋ।**

## ਲੰਗਰ The Langar

**August 14 – 18, 11:30 AM to 3:00 PM**

A cherished part of Parliament lore is the legacy of langar. So it is a dream come true for organizers of the 2023 Parliament when the langar tradition is being brought back by Sikhs



Zelle **Donate:**
**Zelle to Email:** PoWRDonation@srschicago.org

PARLIAMENT OF THE WORLD'S RELIGIONS

More info https://parliamentofreligions.org/parliament/2023-chicago/

SIKH Religious Society
Gurdwara Palatine

1280 Winnetka Street, Palatine, IL 60067, 1050 Deer Avenue Palatine, IL 60067
Phone: (847) 358-1117 Website: www.srschicago.org Email: contactus@srschicago.org
501 (c) (3) Non-Profit organization IRS Tax ID# 36-4048422R05

# ਗੁਰੂ ਨਾਨਕ ਦੇ ਉਪਦੇਸ਼ਾਂ ਦੀ ਸਹੀ ਪਛਾਣ ਦਾ ਹੋਕਾ ਦਿੰਦੀ ਉਂਕਾਰਪ੍ਰੀਤ ਦੀ ਪੁਸਤਕ 'ਅਣ-ਫਿਰਿਆ ਮੱਕਾ'

ਉਂਕਾਰਪ੍ਰੀਤ ਪੰਜਾਬੀ ਕਵਿਤਾ ਦੇ ਖੇਤਰ ਵਿਚ ਜਾਣਿਆ-ਪਛਾਣਿਆ ਨਾਂ ਹੈ। ਉਹ ਖ਼ੂਬਸੂਰਤ ਕਵਿਤਾ ਤੇ ਗ਼ਜ਼ਲ ਲਿਖਦਾ ਹੈ ਜੋ ਪਾਠਕਾਂ ਦੇ ਮਨਾਂ ਨੂੰ ਧੂਹ ਪਾਉਂਦੀ ਹੈ। ਬੇਸ਼ਕ ਉਸ ਦੇ ਨਾਟਕਾਂ ਦੀਆਂ ਵੀ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ ਪਰ ਉਹ ਜਾਣਿਆ ਬਹੁਤਾ ਕਵੀ ਵਜੋਂ ਹੀ ਜਾਂਦਾ ਹੈ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਕਵਿਤਾ ਲਿਖਦਾ ਆ ਰਿਹਾ ਹੈ ਅਤੇ ਪੰਜਾਬੀ ਕਾਵਿ-ਜਗਤ ਵਿਚ ਆਪਣੀ ਪਛਾਣ ਉਸ ਨੇ 2005 ਵਿਚ ਛਪੀ ਗ਼ਜ਼ਲਾਂ ਦੀ ਪਲੇਠੀ ਪੁਸਤਕ 'ਮਿੱਪਲ ਦੀ ਕੈਨਵਸ' ਨਾਲ ਬਣਾਈ।



ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128


ਮੇਰੀ ਉਸ ਦੇ ਨਾਲ ਮੁਲਾਕਾਤ ਵੀ ਇਸ ਪੁਸਤਕ ਰਾਹੀਂ ਹੀ ਹੋਈ ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਸੇਵਾ ਕਰਦਿਆਂ ਮੈਨੂੰ ਲਾਇਬ੍ਰੇਰੀ ਵਿਚ ਇਹ ਪੁਸਤਕ ਪੜ੍ਹਨ ਦਾ ਮੌਕਾ ਮਿਲਿਆ। ਇਸ ਪੁਸਤਕ ਵਿਚਲੀਆਂ ਗ਼ਜ਼ਲਾਂ ਨੇ ਮੈਨੂੰ ਏਨਾ ਪ੍ਰਭਾਵਿਤ ਕੀਤਾ ਕਿ ਇਸ ਦੇ 'ਸਹਿਜ-ਪਾਠ' ਤੋਂ ਬਾਅਦ ਤੁਰੰਤ ਬਾਅਦ ਮੈਂ ਇਸ ਦਾ ਰੀਵਿਊ ਲਿਖਣਾ ਸ਼ੁਰੂ ਕਰ ਦਿੱਤਾ ਜੋ ਡਾ. ਜੋਗਿੰਦਰ ਸਿੰਘ ਕੈਰੋਂ ਦੀ ਸੰਪਾਦਨਾ ਹੇਠ ਅੰਮ੍ਰਿਤਸਰ ਤੋਂ ਛਪਦੇ ਸਾਹਿਤਕ ਰਿਸਾਲੇ 'ਅਜੋਕੇ ਸ਼ਿਲਾਲੇਖ' ਵਿਚ ਛਪਿਆ।

ਦਰਅਸਲ, ਇਸ ਪੁਸਤਕ ਵਿਚਲੀਆਂ ਗ਼ਜ਼ਲਾਂ ਵਿਚ ਕੈਨੇਡਾ ਦੇ ਰਾਸ਼ਟਰੀ ਰੁੱਖ 'ਮੇਪਲ' ਤੇ ਪੰਜਾਬ ਦੇ ਹਰਮਨ-ਪਿਆਰੇ ਰੁੱਖ 'ਪਿੱਪਲ' ਦਾ ਜ਼ਿਕਰ ਬਹੁਤ ਥਾਵਾਂ 'ਤੇ ਆਉਂਦਾ ਹੈ ਅਤੇ ਪੁਸਤਕ ਦਾ ਸਿਰਲੇਖ 'ਮਿੱਪਲ ਦੀ ਕੈਨਵਸ' ਵੀ ਉਂਕਾਰਪ੍ਰੀਤ ਵੱਲੋਂ ਇਨ੍ਹਾਂ ਰੁੱਖਾਂ ਦੋਹਾਂ ਦੇ ਸੁਮੇਲ ਤੋਂ ਬਣੇ 'ਮਿੱਪਲ' ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਵਿਚ ਸ਼ਾਮਲ ਗ਼ਜ਼ਲ ਦਾ ਇਕ ਸ਼ਿਅਰ ਹੈ:

"ਇਕ ਰਾਹੀ ਰੁਕਿਆ ਰੋਇਆ, ਚੁਪਚਾਪ ਤੁਰ ਪਿਆ ਫਿਰ
ਮੇਪਲ ਨੂੰ ਜੱਫੀ ਪਾ ਕੇ, ਪਿੱਪਲ ਦਾ ਨਾਮ ਲੈ ਕੇ।"

ਇਸ ਸ਼ਿਅਰ ਦੀ ਖ਼ੂਬਸੂਰਤੀ ਉਸ ਰਾਹੀ ਦਾ ਆਪਣੀ ਜਨਮ-ਭੂਮੀ ਪ੍ਰਤੀ 'ਹੇਰਵਾ' ਹੈ ਜੋ ਕੈਨੇਡਾ ਰਹਿੰਦਿਆਂ ਆਪਣੇ ਪਿੰਡ ਵਿਚਲੇ ਪਿੱਪਲ ਨੂੰ ਯਾਦ ਕਰ ਰਿਹਾ ਹੈ, ਜਿਸ ਨੂੰ ਉਂਕਾਰਪ੍ਰੀਤ ਦੀ ਕਲਮ ਨੇ ਬਾਖ਼ੂਬੀ ਚਿੱਤਰਿਆ ਹੈ। ਪੁਸਤਕ ਵਿਚ ਹੋਰ ਵੀ ਬਹੁਤ ਸਾਰੇ ਅਜਿਹੇ ਸ਼ਿਅਰ ਹਨ ਜਿਨ੍ਹਾਂ ਵਿਚ ਮੇਪਲ ਦਾ ਜ਼ਿਕਰ ਹੈ ਅਤੇ ਇੱਥੇ ਉਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ।

ਇਸ ਨੂੰ ਮਹਿਜ਼ ਇਤਫਾਕ ਹੀ ਕਿਹਾ ਜਾ ਸਕਦਾ ਹੈ ਕਿ ਮੈਂ ਵੀ ਉਨ੍ਹੀਂ ਦਿਨੀਂ ਪੰਜਾਬ ਅਤੇ ਭਾਰਤ ਦੇ ਰੁੱਖਾਂ ਉੱਪਰ ਕੰਮ ਕਰ ਰਿਹਾ ਸੀ ਅਤੇ ਪੰਜਾਬ ਦੇ ਰੁੱਖਾਂ ਬਾਰੇ ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਲੋਕ-ਰੁੱਖ' ਸਾਲ 2000 ਦੌਰਾਨ ਛਪ ਚੁੱਕੀ ਸੀ। ਉਸ ਤੋਂ ਬਾਅਦ ਮੈਂ ਭਾਰਤ ਦੇ ਹੋਰ ਸੂਬਿਆਂ ਵਿਚ ਪਾਏ ਜਾਣ ਵਾਲੇ ਰੁੱਖਾਂ ਬਾਰੇ ਜਾਣਕਾਰੀ ਇਕੱਤਰ ਕਰ ਰਿਹਾ ਸੀ ਜਿਸ 'ਤੇ ਆਧਾਰਿਤ ਬਾਅਦ ਵਿਚ ਮੇਰੀ ਦੂਸਰੀ ਪੁਸਤਕ 'ਸਾਡੇ ਰੁੱਖ' 2010 ਵਿਚ ਛਪੀ। ਇਸ ਤਰ੍ਹਾਂ ਰੁੱਖਾਂ ਨਾਲ ਮੁਹੱਬਤ ਅਤੇ ਇਨ੍ਹਾਂ ਵਿਚਲੀ ਸਾਂਝ ਸਾਡੇ ਦੋਹਾਂ ਵਿਚ ਜਾਣ-ਪਛਾਣ ਦਾ ਸਬੱਬ ਬਣੀ, ਹਾਲਾਂਕਿ ਇਸ ਤੋਂ ਪਹਿਲਾਂ ਸਾਡਾ ਆਪਸ ਵਿਚ ਫੋਨ ਜਾਂ ਖ਼ਤ-ਪੱਤਰ ਰਾਹੀਂ ਕੋਈ ਸੰਪਰਕ ਨਹੀਂ ਸੀ। ਯੂਨੀਵਰਸਿਟੀ ਵਿਚ ਸੇਵਾ-ਮੁਕਤੀ ਤੋਂ ਬਾਅਦ ਕੈਨੇਡਾ ਦੇ ਸ਼ਹਿਰ ਬਰੈਂਪਟਨ ਆਉਣ ਤੋਂ ਬਾਅਦ ਇਕ ਸਾਹਿਤਕ ਸਮਾਗ਼ਮ ਵਿਚ ਸਾਡੀ ਮੁਲਾਕਾਤ ਹੋਈ ਅਤੇ ਜਦੋਂ ਮੈਂ ਉਂਕਾਰਪ੍ਰੀਤ ਦੀ ਪਲੇਠੀ ਪੁਸਤਕ ਦੇ ਪੜ੍ਹਨ ਅਤੇ ਇਸ ਦੇ ਰੀਵਿਊ ਦੇ 'ਅਜੋਕੇ ਸ਼ਿਲਾਲੇਖ' ਵਿਚ ਛਪਣ ਦਾ ਜ਼ਿਕਰ ਕੀਤਾ ਤਾਂ ਉਹ ਬੜਾ ਖੁਸ਼ ਹੋਇਆ ਅਤੇ ਉਸ ਨਾਲ ਕਾਫੀ ਨੇੜਤਾ ਪੈਦਾ ਹੋ ਗਈ ਜੋ ਹੌਲੀ-ਹੌਲੀ ਦੋਸਤੀ ਵਿਚ ਬਦਲਦੀ ਗਈ। ਇਸ ਤੋਂ ਬਾਅਦ ਉਂਕਾਰਪ੍ਰੀਤ ਦੀਆਂ ਨਾਟਕਾਂ ਦੀਆਂ ਤਿੰਨ ਪੁਸਤਕਾਂ 'ਪ੍ਰਗਟਿਓ ਖਾਲਸਾ' (2007), 'ਆਜ਼ਾਦੀ ਦੇ ਜਹਾਜ਼' (2008) ਅਤੇ 'ਰੋਟੀ ਵਾਇਆ ਲੰਡਨ' (2017) ਪੰਜਾਬੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੋਈਆਂ ਜਿਨ੍ਹਾਂ ਦੀ ਖ਼ੂਬ ਸਰਾਹਨਾ ਹੋਈ। ਇਨ੍ਹਾਂ ਵਿਚੋਂ ਅਖੀਰਲੀ ਪੁਸਤਕ 'ਤੇ ਆਧਾਰਿਤ ਉੱਘੇ ਰੰਗਮੰਚ ਨਿਰਦੇਸ਼ਕ ਤੇ ਕਲਾਕਾਰ ਜਸਪਾਲ ਢਿੱਲੋਂ ਦੀ ਟੀਮ ਵੱਲੋਂ ਬਰੈਂਪਟਨ ਦੇ 'ਰੋਜ਼ ਥੀਏਟਰ' ਵਿਚ ਨਾਟਕ 'ਰੋਟੀ ਵਾਇਆ ਲੰਡਨ' ਵੇਖਣ ਦਾ ਮੌਕਾ ਮਿਲਿਆ। ਸੈਂਕੜਿਆਂ ਦੀ ਗਿਣਤੀ ਵਿਚ ਨਾਟਕ-ਪ੍ਰੇਮੀਆਂ ਨੇ ਇਸ ਦਾ ਭਰਪੂਰ ਆਨੰਦ ਮਾਣਿਆ। ਉਂਕਾਰਪ੍ਰੀਤ ਦੀ ਗ਼ਜ਼ਲਾਂ ਦੀ ਇੱਕ ਹੋਰ ਪੁਸਤਕ 'ਆਪਣੀ ਛਾਂ ਦੇ ਸ਼ਬਦ' 2019 ਵਿਚ ਛਪੀ।




ਹਥਲੀ ਪੁਸਤਕ 'ਅਣ-ਫਿਰਿਆ ਮੱਕਾ' ਵਿਚ ਉਂਕਾਰਪ੍ਰੀਤ ਗੁਰੂ ਨਾਨਕ ਦੇਵ ਜੀ ਵੱਲੋਂ ਆਪਣੀ ਚੌਥੀ ਉਦਾਸੀ ਦੌਰਾਨ ਮੱਕੇ ਜਾ ਕੇ 'ਮੱਕਾ ਫੇਰਨ' ਵਾਲੀ ਸਾਖੀ 'ਤੇ ਆਧਾਰਿਤ ਗੱਲ ਕਰਦਾ ਹੈ ਜਿਸ ਬਾਰੇ ਭਾਈ ਗੁਰਦਾਸ ਜੀ ਆਪਣੀ ਵਾਰ 1, ਪਉੜੀ 32 ਵਿਚ 'ਫਿਰਿਆ ਮੱਕਾ ਕਲਾ ਦਿਖਾਰੀ' ਕਹਿ ਕੇ ਜ਼ਿਕਰ ਕਰਦੇ ਹਨ। ਬਹੁਤੇਰੇ ਸਿੱਖਾਂ ਵਾਂਗ ਬਚਪਨ ਵਿਚ ਉਂਕਾਰਪ੍ਰੀਤ ਦੇ ਬਾਲ-ਮਨ ਵਿਚ ਵੀ ਏਹੀ ਆਇਆ ਕਿ ਜਦੋਂ ਜੀਵਨ ਕਾਜ਼ੀ ਵੱਲੋਂ ਗੁਰੂ ਨਾਨਕ ਨੂੰ ਲੱਤਾਂ ਤੋਂ ਫੜ ਕੇ ਘਸੀਟਦਿਆਂ ਹੋਇਆਂ ਉਨ੍ਹਾਂ ਦਾ ਮੂੰਹ ਉਲਟ ਦਿਸ਼ਾ ਵਿਚ ਕਰ ਦਿੱਤਾ ਗਿਆ ਹੋਵੇਗਾ ਤਾਂ ਗੁਰੂ ਨਾਨਕ ਨੇ ਉਸ ਸਮੇਂ ਕਲਾ ਵਿਖਾਈ ਹੋਵੇਗੀ ਜਿਸ ਨਾਲ ਮੱਕਾ ਘੁੰਮ ਕੇ ਫਿਰ ਗੁਰੂ ਜੀ ਦੇ ਪੈਰਾਂ ਵੱਲ ਆ ਗਿਆ ਹੋਵੇਗਾ। ਪਰ ਬਾਅਦ ਵਿਚ ਇਸ ਸਾਖੀ ਨੂੰ ਡੂੰਘਾਈ ਨਾਲ ਖੋਜਣ ਤੋਂ ਪਿੱਛੋਂ ਉਹ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ ਗੁਰੂ ਨਾਨਕ ਦੀ 'ਕਲਾ' ਮੱਕੇ ਨੂੰ ਆਪਣੀ ਜਗ੍ਹਾ ਤੋਂ ਘੁੰਮਾਉਣ ਦੀ ਨਹੀਂ ਸੀ, ਸਗੋਂ ਅਸਲੀ 'ਕਲਾ' ਤਾਂ ਉਸ ਕਾਜ਼ੀ ਨੂੰ ਦਲੀਲ ਨਾਲ ਸਮਝਾਉਣ ਦੀ ਸੀ ਕਿ 'ਕਾਅਬਾ' ਜਾਂ 'ਮੱਕਾ' (ਪ੍ਰਮਾਤਮਾ) ਤਾਂ ਕਣ-ਕਣ ਵਿਚ ਮੌਜੂਦ ਹੈ। ਬੱਸ, ਉਸ ਨੂੰ ਵੇਖਣ ਵਾਲੀ ਨਜ਼ਰ ਦੀ ਲੋੜ ਹੈ। ਉਹ ਕਾਜ਼ੀ ਤਾਂ ਗੁਰੂ ਨਾਨਕ ਦੀ ਇਸ ਦਲੀਲ ਨਾਲ ਸਹਿਮਤ ਹੋ ਗਿਆ ਪਰ ਗੁਰੂ ਜੀ ਦੇ ਸਿੱਖ ਇਸ ਨੂੰ ਸਹੀ ਪਿਰਪੇਖ ਵਿਚ ਅਜੇ ਵੀ ਮੰਨਣ ਲਈ ਤਿਆਰ ਨਹੀਂ ਹਨ।

ਇਸ ਪੁਸਤਕ ਵਿਚ ਉਂਕਾਰਪ੍ਰੀਤ ਨੇ ਆਪਣੀਆਂ 43 ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਇਸ ਦੀਆਂ ਪਹਿਲੀਆਂ 9 ਕਵਿਤਾਵਾਂ ਗੁਰੂ ਨਾਨਕ ਦੇਵ ਜੀ ਦੇ ਰਚੇ 'ਮੂਲ ਮੰਤਰ' ਨੂੰ ਸਮਰਪਿਤ ਹਨ ਅਤੇ ਇਸ ਦੀ ਹੀ ਵਿਆਖਿਆ ਕਰਦੀਆਂ ਹਨ। ਪਹਿਲੀ ਕਵਿਤਾ 'ਇਕ ਓਅੰਕਾਰ' ਵਿਚ ਉਹ 'ਇਕ' ਦੇ ਬਾਰੇ ਕਹਿੰਦਾ ਹੈ:

ਇਕ ਨੇ ਛੋਹਿਆ
ਦੂਜ ਪਲੋਇਆ
ਇੱਕੋ ਸ਼ੀਸ਼ਾ
ਕਣ ਕਣ ਹੋਇਆ
ਜਿਸ ਕਣ ਝਾਤਾਂ
ਇੱਕ ਸਮੋਇਆ (ਪੰਨਾ-13)

... ਤੇ ਇਸ ਤੋਂ ਅੱਗੇ 'ਸਤਿਨਾਮ', 'ਕਰਤਾ ਪੁਰਖ' ਦਾ ਸਿਲਸਿਲਾ 'ਗੁਰ ਪ੍ਰਸਾਦ' ਪੰਨਾ-37 ਤੱਕ ਨਰਿੰਤਰ ਚੱਲਦਾ ਹੈ। ਗੁਰੂ ਨਾਨਕ ਨੂੰ ਉਹ "ਤ੍ਰੇਲ-ਤੁਪਕੇ ਅੰਦਰਲੀ ਪਾਰਦਰਸ਼ ਸਮਾਧੀ", "ਲਬਾ-ਲਬ ਦੁੱਧ ਛੰਨੇ ਤਰਦੀ ਚਮੇਲੀ" ਅਤੇ "ਕਿਰਤ 'ਚ ਗੁੱਧੀ ਅੰਮ੍ਰਿਤ ਬੂੰਦ" ਵਰਗੇ ਅਲੰਕਾਰਾਂ ਨਾਲ ਵਡਿਆਉਂਦਾ ਹੈ।

- (ਪੰਨਾ-40)

ਉਹ ਇਹ ਵੀ ਕਹਿੰਦਾ ਹੈ:

ਨਾਨਕ ਦੇ ਦਰ-ਘਰ ਵਰਤਦਾ ਹੈ
ਜਾਗਦੀ ਅੱਖ ਦੇ ਸੁਪਨਿਆਂ ਦਾ ਗੁਰ-ਪ੍ਰਸਾਦ (ਪੰਨਾ-45)

ਉਂਕਾਰਪ੍ਰੀਤ ਮੰਨਦਾ ਹੈ ਕਿ ਗੁਰੂ ਨਾਨਕ ਦੀ ਸਿਖ਼ਰ ਜੱਗ 'ਚੋਂ ਹਉਂ ਦੀ ਧੁੰਦ ਮਿਟਾਉਣ ਤੇ 'ਤੇਰਾਂ 'ਚੋਂ ਤੇਰਾ' ਦਰਸਾਉਣ ਵਿਚ ਨਹੀਂ ਹੈ ਅਤੇ ਨਾ ਹੀ ਇਹ ਪੋਥੀ ਪੜ੍ਹਨ, ਗੁੜ੍ਹਨ, ਸ਼ਬਦਾਂ ਸੰਗ ਸੁਰਤਾਂ ਰੁਸ਼ਨਾਉਣ ਵਿਚ ਹੈ, ਸਗੋਂ ਇਹ ਸਿਖ਼ਰ ਤਾਂ 'ਚਾਰੇ ਉਦਾਸੀਆਂ ਤੋਂ ਬਾਦ ਪੂਰਾ-ਸੂਰਾ ਘਰ ਮੁੜ ਮੁੜਨਾ ਖੇਤਾਂ ਵਿਚ ਹਲ਼ ਵਾਹੁਣਾ ਤੇ ਕਿਰਸਾਨ ਹੋਣਾ" ਹੈ। (ਪੰਨਾ-49)

ਉਦਾਸੀਆਂ 'ਤੇ ਜਾਣ ਤੋਂ ਇਸ ਦੀ 'ਤਿਆਰੀ' ਉਂਕਾਰਪ੍ਰੀਤ ਵੱਲੋਂ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿਚ ਬਿਆਨ ਕੀਤੀ ਗਈ ਹੈ:

ਤੁਰਨ ਤੋਂ ਪਹਿਲੀ ਸ਼ਾਮ
ਬਾਬਾ ਤੇ ਮਰਦਾਨਾ
ਪਿੰਡੋਂ ਬਾਹਰ ਮਿਲੇ
ਇਕ ਦੂਏ ਦੇ ਸਨਮੁੱਖ ਬੈਠੇ
ਐਨ ਚੁੱਪ ਕਰੇ
ਆਪੋ ਆਪਣੇ ਘਰੀਂ ਪਰਤ ਗਏ,
(ਪੰਨਾ-51)

'ਬਾਬੇ ਨੂੰ ਖ਼ਤ' ਦੇ ਸਿਰਲੇਖ ਵਾਲੀ ਕਵਿਤਾ ਵਿਚ ਉਹ ਕਹਿੰਦਾ ਹੈ:

ਉਂਜ, ਵੈਸੇ ਬਾਬਾ ਜੀ!
ਮਲਕ-ਭਾਗੋ ਹੁਣ ਖ਼ੁਦ ਸਪੌਂਸਰ ਕਰਦਾ ਹੈ
ਉਦਾਸੀਆਂ ਵੀ।
ਉਹਨਾਂ ਸ਼ਾਇਰਾਂ। ਚਿੰਤਕਾਂ ਦੇ ਵਾਸਤੇ
ਜੋ 'ਮਲਕ' ਦੀ ਕੰਪਨੀ ਦੀਆਂ ਬਣੀਆਂ
ਕਲਗੀਆਂ ਨੇ ਪਹਿਨਦੇ।
(ਪੰਨਾ-55)

ਉਦਾਸੀਆਂ ਬਾਰੇ ਅਜੋਕੇ ਸਮੇਂ ਵਿਚ ਹੋ ਰਹੀ ਚਰਚਾ ਅਤੇ ਇਨ੍ਹਾਂ ਦੇ ਹਾਲਾਤ ਬਾਰੇ ਆਪਣੇ ਵਿਚਾਰ ਉਹ ਕਵਿਤਾ 'ਹੁਣ' ਵਿਚ ਇੰਜ ਪ੍ਰਗਟਾਉਂਦਾ ਹੈ:

ਚਾਰ-ਉਦਾਸੀਆਂ
ਉਧੇੜੀਆਂ ਜਾ ਰਹੀਆਂ ਹਨ।
'ਚਹੁੰ ਵਰਨਾ ਕੋ' ਸਾਂਝੇ
ਚਾਰ ਦਰਾਂ ਵਾਲੇ ਵਿਹੜੇ ਦੁਆਲੇ
ਹੋ ਚੁੱਕਾ ਹੈ 'ਦਰਸ਼ਨੀ ਵਾਗਲਾ'
ਅਤੇ ਉਸ ਨੂੰ ਜਾਣ ਲਈ ਰਹਿ ਗਿਆ ਹੈ
ਇੱਕੋ ਸੰਗਮਰਮਰੀ ਰਾਹ॥
'ਕੋਧਰੇ ਦੀ ਰੋਟੀ' ਅਤੇ 'ਪੂੜੀਆਂ'
ਦੋਹਾਂ 'ਚ ਨੇ
ਹੁਣ ਰਕਤ-ਬੂੰਦਾ ਗੁੱਧੀਆਂ। (ਪੰਨਾ-77)

'ਖਾਲਿਸਤਾਨ' ਨਾਮੀ ਕਵਿਤਾ ਵਿਚ ਉਹ 'ਅਖੌਤੀ ਖਾਲਿਸਤਾਨ' ਦੀ ਬਜਾਇ ਭਗਤ ਰਵੀਦਾਸ ਜੀ ਦੇ 'ਬੇਗ਼ਮਪੁਰਾ' ਵਾਂਗ ਅਜਿਹੀ ਸੋਚ ਦਾ ਜ਼ਿਕਰ ਕਰਦਾ ਹੈ,

ਜਿੱਥੇ
ਨਾਨਕ ਵਰਗੇ ਬ੍ਰਹਿਮੰਡੀ ਫ਼ਲਸਫੇ
ਦਾੜ੍ਹਿਆਂ ਤੇ ਬਾਣਿਆਂ ਹੇਠ
ਲੁਕੌਣ ਦੀ ਸਾਜ਼ਿਸ਼ ਨਾ ਹੋਵੇ।
ਸਰਬੱਤ ਦੇ ਭਲੇ ਦੀ ਭਾਵਨਾ
ਅਰਦਾਸਾਂ ਤੋਂ ਘਰਾਂ ਤੀਕ ਜਾ ਸਕੇ,
ਮਨਾਂ ਤੀਕ ਆ ਸਕੇ ...। (ਪੰਨਾ-67)

ਪੁਸਤਕ ਦੀ ਅਖੀਰਲੀ ਕਵਿਤਾ 'ਅਣ-ਫਿਰਿਆ ਮੱਕਾ' ਜਿਸ ਦਾ ਸਿਰਲੇਖ ਇਸ ਪੁਸਤਕ ਦਾ ਸਰਵਰਕ ਵੀ ਹੈ, ਵਿਚ ਉਂਕਾਰਪ੍ਰੀਤ 'ਮੱਕਾ ਫੇਰਨ' ਵਾਲੀ ਸਾਖੀ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ ਮੁੱਲਾਂ ਤੇ ਕਾਜ਼ੀਆਂ ਦੇ ਮਨਾਂ ਵਿਚ ਤਾਂ ਇਹ ਗੱਲ ਘਰ ਕਰ ਗਈ ਕਿ 'ਅੱਲ੍ਹਾ' (ਪ੍ਰਮਾਤਮਾ) ਤਾਂ ਕਣ-ਕਣ ਵਿਚ ਵੱਸਿਆ ਹੋਇਆ ਹੈ ਪਰ 'ਨਾਨਕ-ਲੇਵਾ ਸਿੱਖਾਂ' ਨੂੰ ਇਸ ਦੀ ਅਜੇ ਵੀ ਸਮਝ ਨਹੀਂ ਪੈ ਸਕੀ।

ਉਹ ਕਹਿੰਦਾ ਹੈ:

ਮੱਕਾ ਫਿਰਿਆ
ਮੁੱਲਾਂ ਕਾਜ਼ੀਆਂ ਦੇ ਮਨ ਵੱਸਿਆ
ਕਣ-ਕਣ ਅੱਲਾ ਰਚਿਆ।

ਬਾਬਾ ਤੇ ਮਰਦਾਨਾ
ਮੁੜ, ਓਝੜ ਸਫ਼ਰ ਝਾਗ ਪਿੰਡ ਪਰਤੇ
ਤਾਂ ਭਾਣਾ ਵਰਤਿਆ ਪਿਆ ਸੀ:
ਕਿ ਪਿੰਡੋਂ ਥੋੜ੍ਹੀ ਦੂਰ
ਬਾਬੇ ਦੇ ਸਿੱਖਾਂ ਦਾ ਮੱਕਾ ਸੀ
'ਅਣ ਫਿਰਿਆ' ਹੀ। (ਪੰਨਾ-111)

ਇਸ ਤਰ੍ਹਾਂ ਇਸ ਪੁਸਤਕ ਦੀਆਂ ਲਗਭਗ ਸਾਰੀਆਂ ਕਵਿਤਾਵਾਂ ਵਿਚ ਉਂਕਾਰਪ੍ਰੀਤ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਅਜੋਕੇ ਸੰਦਰਭ ਵਿਚ ਬਾਖ਼ੂਬੀ ਜ਼ਿਕਰ ਕੀਤਾ ਗਿਆ ਹੈ ਜੋ ਅਜੋਕੀ ਪੀੜ੍ਹੀ ਲਈ ਬੜੀਆਂ ਸਿੱਖਿਆਦਾਇਕ ਹਨ। ਇਸ ਲੇਖ ਵਿਚ ਟੂਕ-ਮਾਤਰ ਹੀ ਕੁਝ ਕਵਿਤਾਵਾਂ ਬਾਰੇ ਗੱਲ ਕੀਤੀ ਗਈ ਹੈ। ਸਾਰੀਆਂ ਹੀ ਕਵਿਤਾਵਾਂ ਪੜ੍ਹਨਯੋਗ ਅਤੇ ਮਾਨਣਯੋਗ ਹਨ। ਚੇਤਨਾ ਪ੍ਰਕਾਸ਼ਨ, ਲੁਧਿਆਣਾ ਵੱਲੋਂ 111 ਪੰਨਿਆਂ ਦੀ ਇਹ ਪੁਸਤਕ ਬੜੀ ਰੀਝ ਨਾਲ ਛਾਪੀ ਗਈ ਹੈ। ਪ੍ਰਕਾਸ਼ਕ ਇਸ ਲਈ ਵਧਾਈ ਦੇ ਹੱਕਦਾਰ ਹਨ। ਮੈਨੂੰ ਪੂਰਨ ਆਸ ਹੈ ਕਿ ਉਂਕਾਰਪ੍ਰੀਤ ਦੀਆਂ ਪਹਿਲੀਆਂ ਪੁਸਤਕਾਂ ਵਾਂਗ ਉਸ ਦੀ ਇਸ ਪੁਸਤਕ ਨੂੰ ਵੀ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲੇਗਾ। ਉਂਕਾਰਪ੍ਰੀਤ ਨੂੰ ਮੈਂ ਇਹ ਪੁਸਤਕ ਲਿਆਉਣ 'ਤੇ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਸ ਦੀ ਜ਼ਰਖੇਜ਼ ਕਲਮ ਅਜਿਹੀਆਂ ਹੋਰ ਵੀ ਕਵਿਤਾਵਾਂ ਰਚੇਗੀ ਅਤੇ ਪੰਜਾਬੀ ਪਾਠਕਾਂ ਨੂੰ ਵਧੀਆ ਸੇਧ ਦਿੰਦੀ ਰਹੇਗੀ।

One stop shop for all your taxi needs

The Friendly Group Ltd.
Chelsea Taxi Brokers

*All types of insurance*
* *Medallion transfers*
* *Accident claims*
* *Taxi Stand Facility available*

Ph: 212-947-9833, 212-695-0601




*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# SHER -E- PUNJAB
## SPORTS & CULTURAL SOCIETY
## CINCINNATI, OH

ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰਾ ਵਿਛੋੜੇ ਪਾਵੇ

# Mela Teeyan Da

## Sunday, August 13, 2023

*Time: 3 PM to 8 PM*

Royal Blue Event Center, 6459 Manchester rd. Middletown, OH 45005

**Giddha, Bolian, Dholki, Punjabi Song & Live DJ and Open Gidha, Dance.**

**Prizes for Miss Punjaban & Mrs Punjaban and Best Dress.**

**Gifts for the participant young girls in dance and other items.**




**Jewelry & Suits stalls**

**Mela is only for ladies**

**No entry fee. Free food, free parking**

## Open invitation to ladies to enjoy this evening full of entertainment.

**For more information contact: 513-746-9176, visit Facebook@ Sherepunjabofficial**
**www.sherepunjabcincy.com, Email: sherepunjabsociety@gmail.com**

# ਹਕੂਮਤਾਂ ਦੇ ਪਾਜ ਉਧੇੜਦਾ ਮਿਲਾਨ ਕੁੰਦੇਰਾ

**ਕਲਾ ਪਰਿਕਰਮਾ**

ਮਿਲਾਨ ਕੁੰਦੇਰਾ ਦੁਨੀਆ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਲੇਖਕਾਂ ਵਿਚੋਂ ਇੱਕ ਸੀ ਜੋ ਆਪਣੀਆਂ ਦਾਰਸ਼ਨਿਕ ਲਿਖਤਾਂ ਵਿਚ ਆਪਣੀ ਸਪੱਸ਼ਟ ਸੋਚ ਅਤੇ ਸੱਚਾਈ ਖ਼ਾਤਰ ਸੰਘਰਸ਼ ਲਈ ਜਾਣਿਆ ਜਾਂਦਾ ਸੀ। ਹਕੂਮਤਾਂ ਦੇ ਪਾਜ ਉਧੇੜਦੀਆਂ ਲਿਖਤਾਂ ਨੂੰ ਸਮਰਪਿਤ ਮਿਲਾਨ ਕੁੰਦੇਰਾ ਦਾ ਕੁਝ ਦਿਨ ਪਹਿਲਾਂ 94 ਸਾਲ ਦੀ ਉਮਰ ਵਿਚ ਫਰਾਂਸ ਵਿਚ ਦੇਹਾਂਤ ਹੋ ਗਿਆ।


ਮਿਲਾਨ ਕੁੰਦੇਰਾ ਦੇ ਸਦੀਵੀ ਵਿਛੋੜੇ ਨਾਲ ਉਸ ਸਾਹਿਤਕ ਯੁੱਗ ਦਾ ਅੰਤ ਹੋ ਗਿਆ ਹੈ ਜੋ ਜ਼ਿੰਦਗੀ ਨੂੰ ਅਲਵਿਦਾ ਨਹੀਂ ਕਹਿੰਦੇ। ਮਿਲਾਨ ਨੇ ਪਿਆਰ, ਰਾਜਨੀਤੀ ਅਤੇ ਆਪਣੇ ਸੰਘਰਸ਼ ਦੀ ਕਹਾਣੀ ਨਾਲ ਸਾਰੇ ਸੰਸਾਰ ਨੂੰ ਜੋੜਿਆ ਅਤੇ ਜ਼ਿੰਦਾ ਰੱਖਿਆ ਸੀ। ਉਸ ਨੇ ਕੀ ਨਹੀਂ ਲਿਖਿਆ? ਕਹਾਣੀ, ਨਾਵਲ, ਕਵਿਤਾ, ਡਾਇਰੀ ਲਿਖਣਾ ਅਤੇ ਹੋਰ ਬਹੁਤ ਕੁਝ ਜੋ ਅਜੇ ਤੱਕ ਦੁਨੀਆ ਦੇ ਸਾਹਮਣੇ ਨਹੀਂ ਆਇਆ। ਮਿਲਾਨ ਕੁੰਦੇਰਾ ਦੁਨੀਆ ਦੇ ਮਹਾਨ ਲੇਖਕਾਂ ਵਿਚੋਂ ਸੀ ਜਿਨ੍ਹਾਂ ਨੇ ਆਪਣੇ ਸ਼ਬਦਾਂ ਰਾਹੀਂ ਆਪਣੀ ਸੱਚਾਈ ਨੂੰ ਸਫ਼ਲਤਾਪੂਰਵਕ ਪ੍ਰਗਟ ਕੀਤਾ ਹੈ।

ਮਿਲਾਨ ਕੁੰਦੇਰਾ ਨੇ ਸਭ ਤੋਂ ਪਹਿਲਾਂ ਆਪਣੀ ਮਾਤ ਭਾਸ਼ਾ ਚੈੱਕ ਵਿਚ ਲਿਖਣਾ ਸ਼ੁਰੂ

**ਡਾ. ਕ੍ਰਿਸ਼ਨ ਕੁਮਾਰ ਰੱਤੂ**
**ਫੋਨ: +91-94787-30156**

ਕੀਤਾ ਸੀ। ਬਾਅਦ ਵਿਚ ਉਸ ਨੇ ਚੈਕੋਸਲੋਵਾਕੀਅਨ ਕਮਿਊਨਿਸਟ ਪਾਰਟੀ ਤੋਂ ਬਗ਼ਾਵਤ ਕਰ ਕੇ 1975 ਵਿਚ ਫਰਾਂਸ ਨੂੰ ਆਪਣਾ ਘਰ ਬਣਾਇਆ ਅਤੇ ਫਰਾਂਸੀਸੀ ਵਿਚ ਲਿਖਣਾ ਸ਼ੁਰੂ ਕੀਤਾ। ਉਸ ਦੀਆਂ ਸਾਰੀਆਂ ਕਿਤਾਬਾਂ ਬਾਰੇ ਕਿਹਾ ਜਾਂਦਾ ਹੈ ਕਿ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ, ਉਨ੍ਹਾਂ ਦਾ ਦੁਨੀਆ ਦੀਆਂ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ; ਖ਼ਾਸਕਰ ਅੰਗਰੇਜ਼ੀ ਤੇ ਚੈੱਕ ਵਿਚ ਸਭ ਵੱਧ ਪੜ੍ਹਿਆ ਗਿਆ। ਦੁਨੀਆ ਦੀ ਕੋਈ ਭਾਸ਼ਾ ਅਜਿਹੀ ਨਹੀਂ ਜਿਸ ਵਿਚ ਮਿਲਾਨ ਕੁੰਦੇਰਾ ਦਾ ਜ਼ਿਕਰ ਨਾ ਹੋਇਆ ਹੋਵੇ। ਇਹ ਉਸ ਦੇ ਸ਼ਬਦਾਂ, ਉਸ ਦੀ ਸ਼ੈਲੀ ਅਤੇ ਭਾਸ਼ਾਈ ਮੁਹਾਰਤ ਕਾਰਨ ਹੈ। ਉਹਨੇ ਕਿਹਾ ਸੀ ਕਿ ਸਾਡੀ ਅਜੋਕੀ ਦੁਨੀਆ ਦੇ ਲੇਖਕ ਹੁਣ ਲਿਖ ਨਹੀਂ ਰਹੇ, ਉਹ ਦੁਨੀਆ ਨਾਲੋਂ ਕੱਟ ਕੇ ਬਹੁਤ ਦੂਰ ਚਲੇ ਗਏ ਹਨ। ਝੂਠ ਵਿਚ ਪੈਣਾ, ਕਿਸੇ ਨਾਲ ਗੱਲਬਾਤ ਕੀਤੇ ਬਿਨਾਂ ਸੜਕ 'ਤੇ ਜਾਣਾ। ਹੁਣ ਮਨੁੱਖ ਦੀ ਇਕੱਲਤਾ ਦਾ ਇਹ ਅਹਿਸਾਸ ਉਹੀ ਹੈ ਜੋ ਕੁੰਦੇਰਾ ਸਾਰੀ ਉਮਰ ਦੁਨੀਆ ਭਰ ਦੇ ਲੱਖਾਂ-ਕਰੋੜਾਂ ਲੋਕਾਂ ਨੂੰ ਕਹਿੰਦਾ ਰਿਹਾ ਹੈ।

ਮਿਲਾਨ ਕੁੰਦੇਰਾ ਦਾ ਜਨਮ ਪਹਿਲੀ ਅਪਰੈਲ 1929 ਨੂੰ ਚੈਕੋਸਲੋਵਾਕੀਆ ਵਿਚ ਹੋਇਆ ਸੀ। ਬਾਅਦ ਵਿਚ ਉਸ ਨੂੰ ਆਪਣੀ ਪੂਰੀ ਜ਼ਿੰਦਗੀ ਫਰਾਂਸ ਵਿਚ ਜਲਾਵਤਨੀ ਵਿਚ ਬਿਤਾਉਣੀ ਪਈ। 1979 ਵਿਚ ਉਸ ਦੀ ਚੈਕੋਸਲੋਵਾਕੀਆ ਦੀ ਨਾਗਰਿਕਤਾ ਖੋਹ ਲਈ ਗਈ ਸੀ। ਉਂਜ,



*ਮਿਲਾਨ ਕੁੰਦੇਰਾ*

2019 ਵਿਚ ਉਸ ਨੂੰ ਦੁਬਾਰਾ ਉਥੋਂ ਦੀ ਨਾਗਰਿਕਤਾ ਦਿੱਤੀ ਗਈ ਸੀ। ਉਸ ਨੇ ਚਾਰਲਸ ਯੂਨੀਵਰਸਿਟੀ ਪਰਾਗ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਮਿਲਾਨ ਦੇ ਪਿਤਾ ਅਤੇ ਮਾਤਾ ਦੋਵੇਂ ਸੰਗੀਤ ਦੀਆਂ ਮੰਚ 'ਤੇ ਪੇਸ਼ਕਾਰੀਆਂ ਕਰਦੇ ਸਨ ਜੋ ਮਿਲਾਨ ਨੇ ਵੀ ਸਿੱਖਿਆ ਅਤੇ ਬਾਅਦ ਵਿਚ ਕਈ ਵਾਰ ਉਸ ਦੇ ਕੰਮ ਆਇਆ। ਉਹ 1947 ਵਿਚ ਚੈੱਕ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਪਰ ਪਾਰਟੀ ਦੀ ਅੰਦਰੂਨੀ ਰਾਜਨੀਤੀ ਤੋਂ ਮੋਹ ਭੰਗ ਹੋਣ ਦੇ ਨਾਲ ਹੀ ਉਹ ਦੇਸ਼ ਅਤੇ ਪਾਰਟੀ ਦੋਵਾਂ ਨੂੰ ਛੱਡ ਗਿਆ। 1947 ਵਿਚ ਉਸ ਦਾ ਪਹਿਲਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਜਿਸ ਦਾ ਸਿਰਲੇਖ ਸੀ- 'ਫਿਰ ਲਾਸ਼ ਨੂੰ ਯਾਦ ਹੈ'। ਇਸ ਵਿਚ ਉਸ ਸਮੇਂ ਦੇ ਨਾਜ਼ੀ ਕੈਂਪਾਂ ਵਿਚ ਹੋ ਰਹੇ ਅੱਤਿਆਚਾਰਾਂ ਦੀ ਵਿਆਖਿਆ ਕੀਤੀ ਗਈ ਸੀ।

1950 ਤੋਂ 1952 ਤੱਕ ਉਹ ਵਿਸ਼ਵ ਸਾਹਿਤ ਦੇ ਅਧਿਆਪਕ ਵਜੋਂ ਚੁਣਿਆ ਗਿਆ। ਮਿਲਾਨ ਨੇ 1962 ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'ਆਲ ਵਰਲਡ ਹੈਪੀਨੈੱਸ ਰੇਨ ਆਲ' ਵਿਚ ਇਸ ਦਾ ਜ਼ਿਕਰ ਕੀਤਾ ਹੈ। ਮਿਲਾਨ ਕੁੰਦੇਰਾ ਦੀ ਸਿਰਜਣਾ ਦੀ ਦੁਨੀਆ ਭਰ ਵਿਚ ਚਰਚਾ ਹੋਈ ਹੈ ਪਰ ਕਈ ਵਾਰ ਸਿਫ਼ਾਰਿਸ਼ ਹੋਣ ਦੇ ਬਾਵਜੂਦ ਉਸ ਨੂੰ ਨੋਬਲ ਪੁਰਸਕਾਰ ਨਹੀਂ ਦਿੱਤਾ ਗਿਆ। ਦਰਅਸਲ, ਮਿਲਾਨ ਕੁੰਦੇਰਾ ਦਾ ਸਾਹਿਤ ਕਿਸੇ ਵੀ ਪੁਰਸਕਾਰ ਨਾਲੋਂ ਬਹੁਤ ਉੱਚਾ ਹੈ। ਆਪਣੇ ਪਹਿਲੇ ਨਾਵਲ 'ਜੋਕ' ਵਿਚ ਉਸ ਨੂੰ ਵਿਦਰੋਹੀ ਟਿੱਪਣੀ ਕਰਨ ਕਰਕੇ ਸਰਕਾਰ ਨੇ ਨਿਸ਼ਾਨਾ ਬਣਾਇਆ ਸੀ। ਇਸ ਨਾਵਲ ਨੇ ਕੁੰਦੇਰਾ ਨੂੰ ਪ੍ਰਸਿੱਧ ਲੇਖਕਾਂ ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਅਤੇ ਉਸ ਨੂੰ ਸਮੁੱਚੇ ਯੂਰਪੀ ਸਾਹਿਤ ਵਿਚ ਮਾਨਤਾ ਮਿਲੀ ਸੀ।

ਵਿਸ਼ਵ ਸਾਹਿਤ ਦੀ ਗੱਲ ਕਰੀਏ ਤਾਂ ਮਿਲਾਨ ਕੁੰਦੇਰਾ ਉਸ ਸਮੇਂ ਦੇ ਪ੍ਰਸਿੱਧ ਦਾਰਸ਼ਨਿਕ ਨੀਤਸ਼ੇ ਅਤੇ ਕਾਫ਼ਕਾ ਤੋਂ ਬਹੁਤ ਪ੍ਰਭਾਵਿਤ ਸੀ। ਇਹ 1952 ਦੇ ਦਿਨ ਸਨ ਜਦੋਂ ਯੂਰਪੀ ਸਮਾਜ ਸਮਾਜਿਕ ਅਤੇ ਰਾਜਨੀਤਕ ਤਬਦੀਲੀ ਵਿਚੋਂ ਲੰਘ ਰਿਹਾ ਸੀ। ਇਸ ਘਟਨਾ ਤੋਂ ਬਾਅਦ ਉਹ 1975 ਵਿਚ ਜਲਾਵਤਨ ਹੋ ਕੇ ਫਰਾਂਸ ਚਲਾ ਗਿਆ। ਉੱਥੇ ਰਹਿੰਦਿਆਂ ਮਿਲਾਨ ਕੁੰਦੇਰਾ ਨੇ ਦੁਨੀਆ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲ ਲਿਖਿਆ 'ਦਿ ਅਨਬੀਅਰਏਬਲ ਲਾਈਟਨੈੱਸ ਆਫ ਬੀਇੰਗ'। ਉਸ ਸਮੇਂ ਦੇ ਆਲੋਚਕ ਜੌਹਨ ਬੇਲੀ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਮਿਲਾਨ ਕੁੰਦੇਰਾ ਦਾ ਇਹ ਨਾਵਲ ਵਿਸ਼ਵ ਦੇ ਨਾਵਲ ਸਾਹਿਤ ਵਿਚ ਲੇਖਕ ਦੀ ਆਵਾਜ਼ ਸੀ। ਇਹ ਕੋਈ ਸਮਝੌਤਾ ਨਹੀਂ। ਇਹ ਇੱਕ ਸ਼ਾਨਦਾਰ ਸ਼ੈਲੀ ਵਿਚ ਲਿਖਿਆ ਨਾਵਲ ਹੈ ਜਿਸ ਦੀ ਦੁਨੀਆ ਦੇ ਸਾਹਿਤ ਵਿਚ ਕੋਈ ਹੋਰ ਮਿਸਾਲ ਨਹੀਂ ਮਿਲਦੀ।

ਅਸਲ ਵਿਚ, ਇਹ ਵਿਧਾ ਦੇ ਦਰਸ਼ਨ ਅਤੇ ਰਚਨਾ ਦੀ ਪੁਰਾਣੀ ਪਰੰਪਰਾ ਨੂੰ ਬੇਰਹਿਮੀ ਨਾਲ ਤੋੜਦਾ ਹੈ। ਮਿਲਾਨ ਦੇ ਸਾਰੇ ਨਾਵਲਾਂ 'ਤੇ ਫਿਲਮਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਕਈ ਆਸਕਰ ਵਰਗੇ ਵੱਕਾਰੀ ਐਵਾਰਡਾਂ ਲਈ ਨਾਮਜ਼ਦ ਵੀ ਹੋਈਆਂ। ਨਿਰਮਲ ਵਰਮਾ ਵਰਗੇ ਹਿੰਦੀ ਲੇਖਕਾਂ ਨੇ ਮਿਲਾਨ ਕੁੰਦੇਰਾ ਦੀਆਂ ਕਹਾਣੀਆਂ ਦਾ ਸਿੱਧਾ ਚੈੱਕ ਭਾਸ਼ਾ ਤੋਂ ਅਨੁਵਾਦ ਕੀਤਾ ਪਰ ਕਿਸੇ ਹੋਰ ਭਾਸ਼ਾ ਵਿਚ ਅਜਿਹਾ ਕੁਝ ਨਹੀਂ ਮਿਲਦਾ। ਉਸ ਦੇ ਨਾਵਲਾਂ ਵਿਚ ਉਸ ਦੀ ਸ਼ੈਲੀ ਅਤੇ ਧਾਰਮਿਕਤਾ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਕੁੰਦੇਰਾ ਦਾ ਮੰਨਣਾ ਸੀ ਕਿ ਸੱਤਾ ਕਦੇ ਵੀ ਆਪਣੀ ਆਲੋਚਨਾ ਬਰਦਾਸ਼ਤ ਨਹੀਂ ਕਰਦੀ। ਇਹ ਵੀ ਸੱਚ ਹੈ ਕਿ ਦੁਨੀਆ ਭਰ ਦੇ ਲੋਕ ਇਸ ਦਾ ਸ਼ਿਕਾਰ ਹੋਏ ਹਨ। ਮਿਲਾਨ ਕੁੰਦੇਰਾ ਨੇ ਆਪਣੀ ਨਿੱਜੀ ਜ਼ਿੰਦਗੀ ਨੂੰ ਸਦਾ ਗੁਪਤ ਰੱਖਿਆ। ਉਹ ਸ਼ਾਇਦ ਦੁਨੀਆ ਦਾ ਪਹਿਲਾ ਲੇਖਕ ਹੈ ਜਿਸ ਨੇ ਬਹੁਤ ਘੱਟ ਮੀਡੀਆ ਇੰਟਰਵਿਊਜ਼ ਦਿੱਤੀਆਂ ਹਨ।

ਮਿਲਾਨ ਕੁੰਦੇਰਾ ਨੇ ਸਭ ਤੋਂ ਵੱਡੀ ਟਿੱਪਣੀ ਕਿਤਾਬਾਂ ਦੇ ਭਵਿੱਖ ਬਾਰੇ ਕੀਤੀ। ਉਸ ਨੇ ਕਦੇ ਵੀ ਆਪਣੀਆਂ ਕਿਤਾਬਾਂ ਦੇ ਡਿਜੀਟਲ ਸੰਸਕਰਨਾਂ ਦੀ ਆਗਿਆ ਨਹੀਂ ਦਿੱਤੀ। ਉਹ ਕਹਿੰਦੇ ਰਹੇ ਕਿ ਉਨ੍ਹਾਂ ਦੀ ਕੋਈ ਉਮਰ ਨਹੀਂ, ਕਿਤਾਬ ਕਾਗਜ਼ਾਂ 'ਤੇ ਹੀ ਸਦੀਆਂ ਜ਼ਿੰਦਾ ਰਹੇਗੀ। ਉਹ ਹਮੇਸ਼ਾ ਕਿਤਾਬਾਂ ਦੇ ਇਸ ਡਿਜੀਟਲ ਰੂਪ ਵਿਰੁੱਧ ਲੜਦਾ ਰਿਹਾ। ਮਿਲਾਨ ਕੁੰਦੇਰਾ ਮੁਤਾਬਿਕ, ਆਦਮੀ ਦੀ ਨਿੱਜਤਾ ਬਹੁਤ ਮਹੱਤਵਪੂਰਨ ਹੈ ਅਤੇ ਉਸ ਨੇ ਇਹ ਪ੍ਰਤੀਬੱਧਤਾ ਆਪਣੇ ਤੇ ਆਪਣੇ ਕਿਰਦਾਰਾਂ ਨਾਲ ਨਿਭਾਈ।




*ਸੰਸਾਰ ਪ੍ਰਸਿੱਧ ਲਿਖਾਰੀ ਮਿਲਾਨ ਕੁੰਦੇਰਾ ਦੀਆਂ ਕੁਝ ਕਿਤਾਬਾਂ ਦੇ ਮੁਖੜੇ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਗਸਤ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-597



**ਕੁੱਖ ਵਿਚ ਜਿਸ ਪਾ.ਲ ਪੋਸ ਕੇ, ਗੋਦੀ ਸੀ ਚੁੱਕ ਖਿਡਾਇਆ,
ਆਪਣੇ ਹਿੱਸੇ ਦਾ ਚੰਗਾ ਚੋਖਾ, ਹੱਥੀਂ ਸੀ ਮੂੰਹ 'ਚ ਪਾਇਆ।
ਚੜ੍ਹ ਆਏ ਹੜ੍ਹ ਕਹਿਰ ਬਣ ਕੇ, ਹੈ ਇਮਤਿਹਾਨੀਂ ਪਾਇਆ,
ਬੁੱਢੀ ਮਾਂ ਹੈ ਚੁੱਕ ਲਈ ਘਨੇੜੇ, ਸਰਵਣ ਪੁੱਤ ਅਖਵਾਇਆ।**

### ਕੈਪਸ਼ਨ ਮੁਕਾਬਲਾ-595



ਬੂਹੇ ਖੜੀ ਕੁਆਰੀ ਦੇ ਸੁਪਨੇ
ਮਾਪਿਆਂ ਦੀ ਚਿੰਤਾ ਵਧਾਉਂਦੇ ਨੇ
ਕੰਮਾਂ ਕਾਰਾਂ ਵਿਚ ਰੁੱਝੇ ਨੂੰਹ ਪੁੱਤ,
ਵਿਹੜੇ ਨੂੰ ਚਾਰ ਚੰਨ ਲਾਉਂਦੇ ਨੇ।
ਆਗਾਜ਼ ਹੋ ਗਿਆ ਨਵੀਂ ਪੀੜ੍ਹੀ ਦਾ
ਬਾਂਦਰ ਵਾਲ ਦਰਸਾਉਂਦੇ ਨੇ।
ਚੁੱਲ੍ਹੇ ਚੌਂਕੇ ਸਜਾਏ ਭਾਡੇ
ਮੰਦਹਾਲੀ ਦੀ ਦਾਸਤਾਨ ਸੁਣਾਉਂਦੇ ਨੇ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਬੇਸ਼ਕ ਘਰ ਦੀ ਹਾਲਤ ਮਾੜੀ ਹੈ,
ਹੱਕ ਸੱਚ 'ਤੇ ਖੜ੍ਹਨਾ ਪੈਂਦਾ ਹੈ।
ਜ਼ਿੰਦਗੀ ਦੀ ਇਸ ਮੰਜ਼ਿਲ ਨੂੰ,
ਹਿੰਮਤ ਨਾ ਸਰ ਕਰਨਾ ਪੈਂਦਾ ਹੈ।
ਦਿਨ ਜੇ ਅੱਜ ਮੰਦਹਾਲੀ ਦੇ,
ਕੱਲ੍ਹ ਸਮੇਂ ਨੇ ਕਰਵਟ ਲੈਣੀ ਹੈ।
ਅਸੀਂ ਬਦਲਾਂਗੇ ਤਕਦੀਰਾਂ ਨੂੰ,
ਬਾਜ਼ੀ ਹਿੰਮਤਾਂ ਨਾਲ ਜਿੱਤ ਲੈਣੀ ਹੈ।
ਕੀ ਹੋਇਆ? ਜੇ ਘਰ ਧੀ ਜਵਾਨ ਖੜ੍ਹੀ,
ਪਰ ਅਕਲਾਂ ਦੀ ਸਚਿਆਰੀ ਹੈ
ਰਸੋਈ ਦੇਵੇ ਗਵਾਹੀ ਘਰ ਦੀ,
ਜੋ ਉਸ ਰੀਝਾਂ ਨਾਲ ਸ਼ਿਗਾਰੀ ਹੈ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਕੰਮੀ ਕਿਰਤੀਆਂ ਦਾ ਘਰ ਜਾਪਦੈ,
ਮੰਦਹਾਲੀ ਦਾ ਤਾਂਡਵ ਹੈ ਨੱਚਿਆ,
ਸਦੀਆਂ ਤੋਂ ਚੱਲਦੀ ਵੰਡ ਕਾਣੀ ਦੇ,
ਬੇਵਸੀਆਂ ਦਾ ਭਾਂਬੜ ਹੈ ਮਚਿਆ।
ਘਰ ਦੇ ਕੰਮੀਂ ਜੁਟੀ ਨਾਰ ਅਤੇ ਮਾਂ,
ਮੁਟਿਆਰ ਬੂਹੇ ਖੜ੍ਹੀ ਹੈ ਦਿਸਦੀ,
ਬੇਰੁਜ਼ਗਾਰੀ, ਭ੍ਰਿਸ਼ਟਚਾਰ ਦੀ ਚੱਕੀ,
ਮਹਿੰਗਾਈ 'ਚ ਜੰਤਾ ਹੈ ਪਿਸਦੀ।
***-ਸੇਵਾ ਸਿੰਘ 'ਨੂਰਪੁਰੀ'***

---

ਸਜਾ ਕੇ ਰੱਖੇ ਨਾਲ ਸਲੀਕੇ,
ਆ.ਲੇ, ਓਟੇ, ਕੌਲੀ, ਥਾ.ਲ।
ਸਾਦ ਮੁਰਾਦਾ ਜੀਵਨ ਹੈ ਸੀ
ਰ.ਲ ਮਿ.ਲ ਲੈਂਦੇ ਰਿਸ਼ਤੇ ਪਾ.ਲ।
ਨਾ ਝੰਜਟ, ਨਾ ਝੇਰਾ ਕੋਈ
ਵਿਰਸਾ ਹੈ ਸੀ ਬੜਾ ਕਮਾਲ।
ਕਲਾਕਾਰ ਦੇ ਸਦਕੇ ਜਾਈਏ
ਨਿਸ਼ਾਨੀ ਜੀਹਨੇ ਲਈ ਸੰਭਾ.ਲ।
***- ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 9878337222***

## ਸੌਣ ਤੋਂ ਪਹਿਲਾਂ

ਰਾਤ ਹਨ੍ਹੇਰੀ ਟਿੰਮਟਿੰਮਾਂਦੇ ਨੇ ਤਾਰੇ।
ਕਰਦੇ ਨੇ ਗੱਲਾਂ ਬੇਖੌਫ਼ ਹੋ ਕੇ ਸਾਰੇ।
ਨ ਚੁਗਲੀ ਨ ਮਿਹਣਾ ਕੋਈ ਮਾਰੇ।
ਹਾਸੇ ਵੰਡ ਰਹੇ ਖਿੜ੍ਹ ਖਿੜ੍ਹਾ ਕੇ ਸਾਰੇ।

ਕਾਦਰ ਤੱਕਦੈ ਚੁੱਪ ਚੁੱਪੀਤੇ ਮੰਜ਼ਰ।
ਸ਼ਾਂਤੀ ਚੁਫੇਰੇ ਵਸੇ ਸਭ ਦੇ ਅੰਦਰ।
ਧਰਤੀ ਜੰਨਤ ਕੋਈ ਪੂਜਦੇ ਕਲੰਦਰ।
ਗੁਰਦੁਆਰੇ ਜਾਂ ਮਸਜਿਦ ਤੇ ਮੰਦਰ।

ਕਿਉਂ ਦੇਸ਼ ਬੰਦੇ ਨੇ ਜਹੱਨਮ ਬਣਾਏ।
ਮਜ਼੍ਹਬਾਂ ਦੇ ਨਾਂ ਉੱਤੇ ਲੋਕ ਨੇ ਸਤਾਏ।
ਖ਼ੁਦਗਰਜ਼ੀ ਦੇ ਵਸੀਲੇ ਸਭ ਬਣਾਏ।
ਸਿਆਸਤ ਨੇ ਜ਼ੁਲਮ ਤੇ ਕਹਿਰ ਢਾਏ।

ਕਹਿੰਦੇ ਭਾਵੇਂ ਜਗਤ ਹੈ ਇੱਕ ਕਟੁੰਬ।
ਪਰ ਲੋਕਾਂ ਦੀ ਠੱਪੀ ਜਾਂਦੀ ਹੈ ਖੁੰਬ।
ਖੁਭਦੇ ਖੰਜਰ ਚੱਲੇ ਲਹੂ ਦੇ ਨੇ ਸੁੰਬ।
ਬੰਦੇ ਦੇ ਗ.ਲੇ ਨਫ਼ਰਤਾਂ ਦੀ ਹੈ ਟੁੰਬ।

ਜਾਪਦੈ ਤੱਕ ਕੇ ਰੱਬ ਗੁੰਮਸੁੰਮ ਹੈ।
ਚਾਰੇ ਪਾਸੇ ਹੁਨਾਲ ਜਿਹਾ ਹੁੰਮ ਹੈ।
ਹਵਾਵਾਂ ਦਾ ਸੂਚਕ ਰਿਹਾ ਘੁੰਮ ਹੈ।
ਨਵੇਂ ਸੁਬ੍ਹਾ ਦਾ ਮੱਥਾ ਰਿਹਾ ਚੁੰਮ ਹੈ।
***-ਸੇਵਾ ਸਿੰਘ ਨੂਰਪੁਰੀ***

# ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਇਕ ਨਵੇਕਲਾ ਸਨਮਾਨ

***ਉਘੇ ਲੇਖਕ ਅਤੇ 'ਪੰਜਾਬ ਟਾਈਮਜ਼' ਦੇ ਸਨੇਹੀ ਗੁਰਬਚਨ ਸਿੰਘ ਭੁੱਲਰ ਨੇ ਘੱਟ ਚਰਚਿਤ ਲੇਖਕ ਸ਼ਿਵ ਨਾਥ ਦੇ ਬਹਾਨੇ ਰੂਹ ਨੂੰ ਸਕੂਨ ਦੇਣ ਵਾਲਾ ਇਹ ਕਿੱਸਾ ਛੋਹਿਆ ਹੈ। ਸਿਆਣੇ ਸੱਚ ਹੀ ਆਖਦੇ ਹਨ ਕਿ ਲਿਖਾਰੀਆਂ-ਕਲਾਕਾਰਾਂ ਦੀ ਕਦਰ ਕਰਨ ਵਾਲੇ ਸਮਾਜ ਹੀ ਅਗਲਾ ਕਦਮ ਭਰਨ ਦੇ ਸਮਰੱਥ ਹੋ ਸਕਦੇ ਹਨ। ਇਹ ਲਿਖਤ ਸਾਨੂੰ ਸਭ ਨੂੰ ਆਪਾ ਫਰੋਲਣ ਲਈ ਪ੍ਰੇਰਦੀ ਹੈ। ਪਰਵਾਸ-2 ਦੀ ਅਗਲੀ ਕਿਸ਼ਤ ਅਗਲੇ ਅੰਕ ਵਿਚ ਜਾਰੀ ਰਹੇਗੀ।***



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਸਾਹਿਤਕਾਰ ਸ਼ਿਵ ਨਾਥ ਬੀਮਾਰ ਹੋ ਕੇ 25 ਜੂਨ ਨੂੰ ਚੰਡੀਗੜ੍ਹ ਦੇ 32 ਸੈਕਟਰ ਵਾਲੇ ਹਸਪਤਾਲ ਵਿਚ ਦਾਖ਼ਲ ਹੋ ਗਿਆ। ਦੋ ਹਫ਼ਤਿਆਂ ਮਗਰੋਂ ਛੁੱਟੀ ਹੋਈ ਤੋਂ ਘਰ ਆਇਆ ਪਰ ਹਾਲਤ ਵਿਗੜਦੀ ਜਾਣ ਕਰਕੇ ਪੰਜਵੇਂ ਦਿਨ ਫੇਰ ਉਸੇ ਹਸਪਤਾਲੀ ਬਿਸਤਰੇ ਉੱਤੇ ਜਾ ਪਿਆ। ਉਹ ਸਾਰੀ ਕੰਮਕਾਜੀ ਉਮਰ ਚੰਡੀਗੜ੍ਹ-ਮੁਹਾਲੀ ਵਿਚ ਘੁੰਮ ਘੁੰਮ ਕੇ ਲੋਕਾਂ ਨੂੰ ਕਿਰਾਏ ਉੱਤੇ ਕਿਤਾਬਾਂ-ਰਸਾਲੇ ਪੜ੍ਹਾਉਣ ਦੀ ਸਾਹਿਤਕ ਕਿਰਤ ਨਾਲ ਘਰ ਚਲਾਉਂਦਾ ਰਿਹਾ ਸੀ, ਪਰ ਆਯੂ ਦੀ ਮਜਬੂਰੀ ਕਾਰਨ ਉਹਨੂੰ ਕਈ ਸਾਲ ਪਹਿਲਾਂ ਇਹ ਕੰਮ ਛੱਡਣਾ ਪਿਆ ਸੀ। ਬੇਰੁਜ਼ਗਾਰੀ ਦੇ ਇਸ ਜ਼ਮਾਨੇ ਵਿਚ ਉਹਦੇ ਇਕਲੌਤੇ ਪੁੱਤਰ ਨੂੰ ਵੀ ਕੋਈ ਪੱਕਾ ਰੁਜ਼ਗਾਰ ਨਹੀਂ ਮਿਲ ਸਕਿਆ। ਇਸ ਦੇ ਬਾਵਜੂਦ ਉਹਨੇ ਕਦੀ ਆਪਣੀ ਤੰਗੀ ਦੀ ਬਾਤ ਨਹੀਂ ਪਾਈ। ਉਹਦਾ ਫੋਨ ਆਵੇਗਾ, "ਪੜ੍ਹ ਲਿਆ ਅੱਜ ਦਾ ਅਖ਼ਬਾਰ? ਇਹ ਹੋ ਕੀ ਰਿਹਾ ਹੈ? ਲਓ ਐਹ ਸੁਣੋ...!" ਮੈਂ ਛੋੜਨ ਵਾਸਤੇ ਆਖਦਾ ਹਾਂ, "ਮੈਂ ਜ਼ਰੂਰੀ ਕੰਮ ਲਗਿਆ ਹੋਇਆ ਹਾਂ, ਮੇਰੇ ਕੋਲ ਵਿਹਲੜਾਂ ਦੀਆਂ ਵਾਧੂ ਗੱਲਾਂ ਸੁਣਨ ਦਾ ਸਮਾਂ ਨਹੀਂ।" ਪਰ ਉਹ ਸ਼ੁਰੂ ਹੋ ਚੁੱਕਿਆ ਹੁੰਦਾ ਹੈ, "ਇਹ ਆਲੀਸ਼ਾਨ ਦਫ਼ਤਰ ਬਿਲਡਿੰਗਾਂ ਵੀ ਠੀਕ ਨੇ ਭਾਵੇਂ/ ਤੇ ਇਹ ਵੀ ਠੀਕ ਹੈ ਆਈ ਏ ਕੁਝ ਲੋਕਾਂ 'ਤੇ ਖ਼ੁਸ਼ਹਾਲੀ/ ਮਗ਼ਰ ਕਿਉਂ ਗ਼ਾਇਬ ਨੇ ਅੱਜ ਬਹੁਤਿਆਂ ਮੂੰਹਾਂ ਤੋਂ ਮੁਸਕਾਨਾਂ/ ਤੇ ਕਿਉਂ ਮਿਲਦੀ ਨਹੀਂ ਢੋਈ ਕਿਤੇ ਵੀ ਨੌਜਵਾਨਾਂ ਨੂੰ?" ਮੈਂ ਸੋਚਣ ਲਗਦਾ ਹਾਂ, 19ਵੀਂ ਸਦੀ ਦੇ ਸ਼ਾਇਰ ਅਮੀਰ ਮੀਨਾਈ ਨੇ ਜਦੋਂ "ਖ਼ੰਜਰ ਚਲੇ ਕਿਸੀ ਪੇ ਤੜਪਤੇ ਹੈਂ ਹਮ ਅਮੀਰ, ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ" ਲਿਖਿਆ ਸੀ, ਆਪਣੇ ਅਨੁਭਵ ਤੋਂ ਇਲਾਵਾ ਉਹਦਾ ਵਾਹ ਜ਼ਰੂਰ ਕਿਸੇ ਸ਼ਿਵ ਨਾਥ ਨਾਲ ਪਿਆ ਹੋਵੇਗਾ।

ਪਹਿਲੇ ਗੁਰੂ ਸੁਜਾਨ ਸਿੰਘ ਤੋਂ ਸ਼ੁਰੂ ਕਰ ਕੇ ਨਾਂ ਗਿਣਾਉਂਦਿਆਂ ਉਹ ਮੈਨੂੰ ਤੇਰਵਾਂ ਗੁਰੂ ਆਖਦਾ ਹੈ। ਮੈਂ ਕਹਿੰਦਾ ਹਾਂ, "ਤੈਨੂੰ ਪਤਾ ਹੈ, ਤੇਰਾਂ ਦਾ ਅੰਕ ਮਨਹੂਸ ਹੁੰਦਾ ਹੈ। ਹੋਟਲਾਂ ਵਾਲੇ ਵੀ 12 ਨੰਬਰ ਕਮਰੇ ਤੋਂ ਅਗਲੇ ਦਾ ਨੰਬਰ 14 ਰਖਦੇ ਹਨ।" ਮੈਂ ਉਹਨੂੰ ਇਕ ਸ਼ਾਗਿਰਦ ਉਰਦੂ ਸ਼ਾਇਰ ਦੀ ਗੱਲ ਸੁਣਾਉਂਦਾ ਹਾਂ ਜੋ ਹਰ ਰੋਜ਼ ਉਸਤਾਦ ਅੱਗੇ ਦੋ-ਚਾਰ ਕੱਚੀਆਂ-ਭੁੰਨੀਆਂ ਗ਼ਜ਼ਲਾਂ ਸੋਧਣ ਲਈ ਜਾ ਰਖਦਾ ਸੀ। ਇਕ ਦਿਨ ਉਹ ਰੋਂਦਾ-ਚੀਕਦਾ ਹੋਇਆ ਆਇਆ, "ਉਸਤਾਦ ਜੀ, ਮੈਂ ਲੁੱਟਿਆ ਗਿਆ, ਮੈਂ ਪੱਟਿਆ ਗਿਆ, ਮੇਰਾ ਕੱਖ ਨਹੀਂ ਰਿਹਾ!... ਰਾਤੀਂ ਕੋਈ ਚੋਰ ਆਇਆ ਤੇ ਹੋਰ ਚੀਜ਼ਾਂ ਨਾਲ ਮੇਰਾ ਦੀਵਾਨ ਵੀ ਚੁੱਕ ਕੇ ਲੈ ਗਿਆ!" ਉਸਤਾਦ ਨੇ ਦੁਆ ਵਾਂਗ ਦੋਵੇਂ ਹੱਥ ਚੁੱਕੇ ਤੇ ਬੋਲਿਆ, "ਅੱਲਾ ਮਿਹਰਬਾਨ, ਜ਼ਰੂਰ ਕੋਈ ਉਰਦੂ ਅਦਬ ਕਾ ਖ਼ੈਰ-ਖ਼ੁਆਹ ਹੋਗਾ!" ਮੈਂ ਆਖਦਾ ਹਾਂ, "ਸ਼ਿਵ ਨਾਥ, ਤੇਰੇ ਘਰ ਕੋਈ ਪੰਜਾਬੀ ਸਾਹਿਤ ਦਾ ਖ਼ੈਰ-ਖ਼ੁਆਹ ਚੋਰ ਕਿਉਂ ਨਹੀਂ ਆਉਂਦਾ!" ਪਰ ਮੇਰੀ ਟਿੱਚਰ ਤਾਂ ਕੀ, ਜੀਵਨ ਦੀ ਕੋਈ ਤੰਗੀ-ਤੁਰਸ਼ੀ, ਕੋਈ ਥੁੜ, ਕੋਈ ਮੁਸੀਬਤ ਉਹਦੇ ਪੈਰਾਂ ਨੂੰ ਮਿਥੇ ਹੋਏ ਰਾਹ ਤੋਂ ਭਟਕਾ ਨਹੀਂ ਸਕਦੀ।

ਅਜਿਹੇ ਬੰਦੇ ਵਾਸਤੇ ਕੁਛ ਕੀਤਾ ਜਾਣਾ ਚਾਹੀਦਾ ਹੈ! ਪਰ ਸੰਸਥਾਈ ਜ਼ਮਾਨੇ ਵਿਚ ਮੈਂ ਇਕੱਲਾ-ਇਕਹਿਰਾ ਲੇਖਕ ਕੀ ਕਰ ਸਕਦਾ ਹਾਂ! ਪੰਜਾਬ ਸਰਕਾਰ ਨੂੰ ਲਿਖਾਂ? ਮੇਰੇ ਅੰਦਰ ਬੈਠਾ ਘਤਿੱਤੀ ਬੋਲਿਆ, "ਤੂੰ ਕੌਣ? ਕਿਸ ਹੈਸੀਅਤ ਵਿਚ ਲਿਖੇਂਗਾ?" ਮੈਂ ਕਿਹਾ, "ਯਾਰ ਮੇਰੀ ਪਹਿਲੀ ਕਵਿਤਾ 'ਪ੍ਰੀਤਲੜੀ' ਵਿਚ ਅਪਰੈਲ 1956 ਵਿਚ ਛਪੀ ਸੀ। ਪੂਰੇ 67 ਸਾਲ ਹੋ ਗਏ ਮਾਂ-ਪੰਜਾਬੀ ਦੇ ਪੈਰਾਂ ਵਿਚ ਬੈਠਿਆਂ, ਸਾਹਿਤ ਦਾ ਪੱਖਾ ਫੇਰਦਿਆਂ ਤੇ ਪਾਣੀ ਢੋਂਦਿਆਂ! 67 ਸਾਲ ਤਾਂ ਬੰਦੇ ਦੀ ਪੂਰੀ ਉਮਰ ਹੁੰਦੀ ਹੈ।" ਮੈਂ ਘਤਿੱਤੀ ਨੂੰ ਪਾਸੇ ਕਰ ਕੇ ਲੈਪਟਾਪ ਖੋਲ੍ਹ ਲਿਆ। ਹੁਣ ਜਦੋਂ ਮੈਂ ਅਖ਼ਬਾਰਾਂ ਵਿਚ ਪੜ੍ਹਦਾ ਹਾਂ ਕਿ ਅੱਠਵੀਂ ਦੇ ਵਿਦਿਆਰਥੀ ਮਾਤਭਾਸ਼ਾ ਦੀ ਤੀਜੀ ਦੀ ਪੁਸਤਕ ਉਠਾਲ ਨਹੀਂ ਸਕਦੇ, ਹੈਰਾਨੀ ਹੁੰਦੀ ਹੈ। ਸਾਨੂੰ ਤੀਜੀ ਜਮਾਤ ਵਿਚ ਚਿੱਠੀ ਲਿਖਣੀ ਸਿਖਾ ਦਿੱਤੀ ਜਾਂਦੀ ਸੀ ਤੇ ਅਸੀਂ ਚੌਥੀ-ਪੰਜਵੀਂ ਵਿਚ ਆਂਢੀਆਂ-ਗੁਆਂਢੀਆਂ ਦੀਆਂ ਚਿੱਠੀਆਂ ਲਿਖਣ ਲੱਗ ਜਾਂਦੇ ਸੀ। ਜਦੋਂ ਕੋਈ ਕਾਰਡ ਲੈ ਕੇ ਆਉਂਦਾ, ਪਹਿਲਾਂ ਅਸੀਂ ਉਹਦੇ ਵੱਲੋਂ ਆਪੇ ਲਿਖ ਲੈਂਦੇ, "ਲਿਖਤਮ ਸੁਰਜਨ ਸਿੰਘ। ਯਹਾਂ ਪਰ ਖ਼ੈਰੀਅਤ ਹੈ, ਆਪ ਦੀ ਪਰਿਵਾਰ ਸਮੇਤ ਖ਼ੈਰੀਅਤ ਵਾਹਿਗੁਰੂ ਜੀ ਸੇ ਨੇਕ ਚਾਹਤੇ ਹੈਂ। ਸੂਰਤ ਹਵਾਲ ਇਹ ਹੈ ਕਿ..." ਤੇ ਫੇਰ ਪੁਛਦੇ, "ਹਾਂ ਚਾਚਾ, ਕੀ ਲਿਖਣਾ ਹੈ?"

ਲੈਪਟਾਪ ਵਿਚ ਵੀ ਮੈਂ ਉਸੇ ਤਰੀਕੇ ਸੁਭਾਵਿਕ ਹੀ ਲਿਖ ਲਿਆ: ਦਿੱਲੀ/ 14 ਜੁਲਾਈ 2023, ਪਰ ਉਂਗਲ ਇਥੇ ਆ ਕੇ ਹੀ ਅਟਕ ਗਈ। ਅਜਿਹੀ ਸਮੱਸਿਆ ਜ਼ਿੰਦਗੀ ਵਿਚ ਲਿਖੀਆਂ ਸੈਂਕੜੇ ਚਿੱਠੀਆਂ ਵੇਲੇ ਕਦੀ ਨਹੀਂ ਸੀ ਆਈ। ਕੀ ਸੰਬੋਧਨ ਵਰਤਾਂ? ਸ਼੍ਰੀਮਾਨ ਮੁੱਖ ਮੰਤਰੀ ਜੀ? ਸਤਿਕਾਰਜੋਗ ਮੁੱਖ ਮੰਤਰੀ ਜੀ? ਪਰ ਭਗਵੰਤ ਮਾਨ ਤਾਂ ਮੇਰੇ ਬੇਟੇ ਤੋਂ ਸੱਤ ਸਾਲ ਛੋਟਾ ਹੈ। ਨਾਲੇ ਮੈਂ ਇਕ ਸਾਧਾਰਨ ਲੇਖਕ ਵਜੋਂ ਗ਼ੈਰ-ਸਰਕਾਰੀ, ਨਿੱਜੀ ਚਿੱਠੀ ਲਿਖਣੀ ਚਾਹੁੰਦਾ ਸੀ। ਮੇਰੀਆਂ, ਇਕ ਨਹੀਂ, ਦੋ ਪੀੜ੍ਹੀਆਂ ਦੁਨਿਆਵੀ ਪੱਖੋਂ ਮੈਥੋਂ ਅੱਗੇ ਲੰਘੀਆਂ ਹੋਈਆਂ ਹਨ, ਮੈਂ ਉਨ੍ਹਾਂ ਨੂੰ ਸਤਿਕਾਰ ਦੇ ਯੋਗ ਥੋੜ੍ਹੋ ਸਮਝਦਾ ਹਾਂ! ਇਥੇ ਪਹੁੰਚ ਕੇ ਲੋੜੀਂਦਾ ਸ਼ਬਦ ਸੁੱਝ ਪਿਆ ਹੋਣ ਸਦਕਾ ਝੱਟ ਮੇਰੀ ਉਂਗਲ ਹਰਕਤ ਵਿਚ ਆ ਗਈ, ਪਿਆਰੇ...ਕੁਲਤਾਰ ਸਿੰਘ ਸੰਧਵਾਂ ਜੀ... ਮੈਂ ਹੈਰਾਨ ਹੋ ਕੇ ਰੁਕ ਗਿਆ। ਮੈਂ ਤਾਂ ਚਿੱਠੀ ਭਗਵੰਤ ਮਾਨ ਨੂੰ ਲਿਖਣ ਬੈਠਾ ਸੀ, ਸੰਧਵਾਂ ਜੀ ਆਪੇ ਹੀ ਕਿਥੋਂ ਆ ਗਏ! ਮਿਲਣਾ ਤਾਂ ਕੀ, ਭਗਵੰਤ ਮਾਨ ਤੇ ਸੰਧਵਾਂ ਜੀ ਨਾਲ ਜ਼ਿੰਦਗੀ ਵਿਚ ਮੇਰਾ ਕਦੀ ਕਿਸੇ ਕਿਸਮ ਦਾ ਕੋਈ ਸੰਪਰਕ ਨਹੀਂ ਹੋਇਆ। ਕਲਾਕਾਰ ਹੋਣ ਸਦਕਾ ਭਗਵੰਤ ਮਾਨ ਨੂੰ ਮੈਂ ਚਿਰਾਂ ਤੋਂ ਜਾਣਦਾ ਹਾਂ। ਸੰਧਵਾਂ ਜੀ ਬਾਰੇ ਮੈਂ ਜੋ ਜਾਣਿਆ, ਉਨ੍ਹਾਂ ਦੇ ਸਪੀਕਰ ਬਣਨ ਮਗਰੋਂ ਅਖ਼ਬਾਰਾਂ ਤੋਂ ਜਾਣਿਆ। ਅਨੇਕ ਵਾਰ ਅਖ਼ਬਾਰੀ ਤਸਵੀਰਾਂ ਵਿਚ ਉਨ੍ਹਾਂ ਨੂੰ ਦੁਖਿਆਰਿਆਂ ਦੇ ਸਿਰ ਉੱਤੇ ਹੱਥ ਰਖਦੇ ਦੇਖਿਆ। ਮੈਂ ਮਨੋਵਿਗਿਆਨ ਦਾ ਵਿਦਿਆਰਥੀ ਹਾਂ, ਮੇਰੇ ਮਨ ਵਿਚ ਉਨ੍ਹਾਂ ਦੀ ਤਸਵੀਰ ਅਜਿਹੇ ਮਨੁੱਖ ਦੇ ਰੂਪ ਵਿਚ ਬਣ ਗਈ ਜਿਨ੍ਹਾਂ ਨੂੰ ਸਾਡੇ ਬਾਬਿਆਂ ਨੇ ਗੁਰਮੁਖ ਕਿਹਾ ਹੈ। ਸ਼ਾਇਦ ਇਸੇ ਕਰਕੇ ਉਹ ਮੇਰੇ ਮਨ ਵਿਚੋਂ ਪਰਗਟ ਹੋ ਕੇ ਪਹਿਲਾਂ ਅੱਗੇ ਆ ਖਲੋਤੇ। ਮੈਂ ਸੋਚਿਆ, ਚਲੋ ਪਹਿਲਾਂ ਇਹ ਚਿੱਠੀ ਹੀ ਪੂਰੀ ਕਰਦੇ ਹਾਂ। ਮੈਂ ਲਿਖਿਆ:

"ਪਿਆਰੇ ਕੁਲਤਾਰ ਸਿੰਘ ਸੰਧਵਾਂ ਜੀ,

"ਆਸ ਹੈ ਚੜ੍ਹਦੀ ਕਲਾ ਵਿਚ ਹੋਵੋਗੇ।

"ਮਾਫ਼ ਕਰਨਾ, ਮੈਂ ਤੁਹਾਨੂੰ ਪਹਿਲੀ ਚਿੱਠੀ ਹੀ ਕੁਛ ਮੰਗਣ ਵਾਸਤੇ ਲਿਖ ਰਿਹਾ ਹਾਂ।

"ਪੰਜਾਬੀ ਦੇ ਪ੍ਰਸਿੱਧ ਲੋਕ-ਕਵੀ, ਮੁਹਾਲੀ ਨਿਵਾਸੀ, ਸ਼ਿਵ ਨਾਥ ਜੀ (1257-ਸੀ, ਐਲ. ਆਈ. ਜੀ., ਫੇਜ਼ 10, ਮੁਹਾਲੀ-160062; ਫੋਨ: 96538-70627), ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਵੀ ਸਨਮਾਨਿਆ ਹੋਇਆ ਹੈ, ਚੰਡੀਗੜ੍ਹ ਦੇ 32 ਸੈਕਟਰ ਦੇ ਸਰਕਾਰੀ ਹਸਪਤਾਲ ਵਿਚ ਬੀਮਾਰ ਪਏ ਹਨ। ਉਨ੍ਹਾਂ ਨੇ ਸਾਰੀ ਉਮਰ ਮਿਹਨਤ-ਮਜ਼ਦੂਰੀ ਕਰ ਕੇ ਗੁਜ਼ਾਰਾ ਕੀਤਾ ਹੈ ਤੇ ਬਿਲਕੁਲ ਖਾਲੀ ਹੱਥ ਹਨ। ਉਨ੍ਹਾਂ ਨੇ 22 ਪੁਸਤਕਾਂ ਮਾਂ-ਬੋਲੀ ਪੰਜਾਬੀ ਦੀ ਝੋਲ਼ੀ ਪਾਈਆਂ ਹਨ ਜਿਨ੍ਹਾਂ ਵਿਚ ਸਿਰਫ਼ ਲੋਕ-ਹਿਤ ਦੀ ਗੱਲ ਹੀ ਕੀਤੀ ਗਈ ਹੈ ਅਤੇ ਜਿਨ੍ਹਾਂ ਦਾ ਪਾਠਕਾਂ, ਵਿਦਵਾਨਾਂ ਤੇ ਆਲੋਚਕਾਂ ਨੇ ਉੱਚਾ ਮੁੱਲ ਪਾਇਆ ਹੈ।

"ਮੇਰੀ ਬੇਨਤੀ ਹੈ ਕਿ ਉਹਦੇ ਇਲਾਜ ਦਾ ਸਾਰਾ ਖ਼ਰਚ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣ ਦਾ ਫੈਸਲਾ ਤੇ ਐਲਾਨ ਹੋਣਾ ਚਾਹੀਦਾ ਹੈ। ਜਿਸ ਆਦਮੀ ਨੇ ਸਾਰੀ ਜ਼ਿੰਦਗੀ ਆਪਣੇ ਦੁੱਖ ਭੁਲਾ ਕੇ ਲੋਕਾਂ ਦੇ ਦੁੱਖਾਂ ਦੀ ਬਾਤ ਹੀ ਪਾਈ ਹੈ, ਬੀਮਾਰੀ ਵੇਲੇ ਉਹਨੂੰ ਸੰਭਾਲਣਾ ਬਹੁਤ ਪੁੰਨ ਦਾ ਕੰਮ ਹੋਵੇਗਾ।

ਸ਼ੁਭ-ਇਛਾਵਾਂ ਨਾਲ, ਗੁਰਬਚਨ ਸਿੰਘ ਭੁੱਲਰ"

ਮੇਰੇ ਅੰਦਰਲਾ ਘਤਿੱਤੀ ਫੇਰ ਬੋਲਿਆ, "ਪੰਜਾਬ ਵਿਚ ਭੁੱਲਰ ਗੋਤ ਵਾਲੇ ਤੇਤੀ ਸੌ ਗੁਰਬਚਨ ਸਿੰਘ ਹੋਣਗੇ, ਨਾਲ ਕੋਈ ਪੂਛ ਤਾਂ ਲਾ!" ਬੱਸ ਐਥੇ ਫੇਰ ਮੁਸ਼ਕਿਲ ਖੜ੍ਹੀ ਹੋ ਗਈ। ਮੇਰਾ ਮਨੋਵਿਗਿਆਨ ਕਹਿੰਦਾ ਹੈ, ਜਿਹੜਾ ਲੇਖਕ ਆਪਣਾ ਭਾਰ ਵਧਾਉਣ ਲਈ ਆਪਣੇ ਨਾਂ ਨਾਲ ਇਨਾਮ-ਸ਼ਨਾਮ ਦੇ ਵੱਟੇ ਪਾਉਂਦਾ ਹੈ, ਉਹਨੂੰ ਸਾਹਿਤਕ ਹੀਣ-ਭਾਵਨਾ ਕਾਰਨ ਆਪਣੀ ਰਚਨਾ ਦਾ ਭਰੋਸਾ ਨਹੀਂ ਹੁੰਦਾ। ਇਨਾਮ-ਸਨਮਾਨ ਲੇਖਕ ਨੂੰ ਉਹਦੀ ਰਚਨਾ ਸਦਕਾ ਮਿਲਦੇ ਹਨ, ਉਹਦੀ ਰਚਨਾ ਇਨਾਮਾਂ-ਸਨਮਾਨਾਂ ਦੀਆਂ ਕਠੋੜੀਆਂ ਸਹਾਰੇ ਅੱਗੇ ਨਹੀਂ ਵਧਦੀ। ਇਸ ਕਰਕੇ ਮੈਂ ਜ਼ਿੰਦਗੀ ਵਿਚ ਇਕ ਵਾਰ ਵੀ ਆਪਣੇ ਨਾਂ ਨਾਲ ਕਿਸੇ ਇਨਾਮ-ਸਨਮਾਨ ਦੀ ਪੂਛ ਨਹੀਂ ਜੋੜੀ। ਭਾਵੇਂ ਮੈਂ ਚਾਰਲੀ ਚੈਪਲਨ ਦੇ ਪੈਰਾਂ ਬਰਾਬਰ ਵੀ ਨਹੀਂ ਪਰ ਇਸ ਮਾਮਲੇ ਵਿਚ ਉਹ ਮੇਰਾ ਆਦਰਸ਼ ਹੈ। ਮਲਕਾ ਨੇ 1975 ਵਿਚ ਉਹਨੂੰ ਨਾਈਟ ਬਣਾਇਆ ਪਰ ਉਹਨੇ ਕਦੀ ਵੀ ਆਪਣੇ ਨਾਂ ਨਾਲ ਸਰ ਨਹੀਂ ਸੀ ਲਿਖਿਆ ਜੋ ਲਿਖਣ ਲਈ ਤਾਜ ਦੀ ਪਰਜਾ ਦੇ ਵਿਸ਼ੇਸ਼ ਵਿਅਕਤੀ ਸਹਿਕਦੇ ਰਹਿੰਦੇ ਹਨ। ਮੈਂ ਚਿੱਠੀ ਹੇਠ ਆਪਣਾ ਸਿਰਨਾਵਾਂ ਲਿਖਿਆ ਤੇ ਸੰਧਵਾਂ ਜੀ ਨੂੰ ਭੇਜ ਦਿੱਤੀ। ਉਸੇ ਚਿੱਠੀ ਵਿਚ ਸੰਬੋਧਨ ਬਦਲ ਕੇ ਮੈਂ ਪਿਆਰੇ ਭਗਵੰਤ ਮਾਨ ਜੀ ਲਿਖਿਆ ਤੇ ਉਹ ਵੀ ਭੇਜ ਦਿੱਤੀ।

ਲਓ ਜੀ, ਸਰਕਾਰੀ ਖੂਹ ਵਿਚ ਇੱਟ ਸਿੱਟ ਦਿੱਤੀ ਹੈ, ਦੇਖਦੇ ਹਾਂ ਬੇਆਵਾਜ਼ ਹੀ ਡੁੱਬ ਜਾਂਦੀ ਹੈ ਕਿ ਕੋਈ ਖੜਾਕ ਹੁੰਦਾ ਹੈ ਤੇ ਪਾਣੀ ਉੱਛਲਦਾ ਹੈ! ਸਾਡੇ ਪਿੰਡ ਵਾਲਾ ਕਿਸ਼ਨਾ ਬੁੜ੍ਹਾ ਆਖਦਾ ਹੁੰਦਾ, "ਓ ਭਾਈ, ਗੌਰਮਿੰਟ ਤਾਂ ਉਹ ਹੁੰਦੀ ਐ ਜਿਹੜੀ ਮਿੰਟ ਮਿੰਟ 'ਤੇ ਗੌਰ ਕਰੇ!" ਦੇਖਦੇ ਹਾਂ, ਤਾਏ ਕਿਸ਼ਨੇ ਵਾਲਾ ਇਹ ਗੌਰਮਿੰਟੀ ਮਿੰਟ ਸਰਕਾਰੀ ਸੈਕਟਰੀਆਂ ਦੇ ਵੱਸ ਪੈ ਕੇ ਕਿੰਨੇ ਦਿਨਾਂ-ਹਫ਼ਤਿਆਂ ਦਾ ਹੁੰਦਾ ਹੈ ਜਾਂ ਫੇਰ ਮੇਰੇ ਚਿੱਠੀ ਭੇਜਣ ਦੇ ਨਾਲ ਹੀ ਸਮਾਪਤ ਵੀ ਹੋ ਗਿਆ!

ਅਗਲੇ ਦਿਨ, 15 ਜੁਲਾਈ ਨੂੰ ਸਵੇਰੇ ਦਸ ਕੁ ਵਜੇ ਫੋਨ ਵੱਜਿਆ। ਨੰਬਰ ਅਣਜਾਣਿਆ ਸੀ ਤੇ ਨਾਲ ਨਾਂ ਕੋਈ ਨਹੀਂ ਸੀ। ਅਨੇਕ ਪਾਠਕਾਂ ਦੇ ਫੋਨ ਇਉਂ ਵੀ ਆਉਂਦੇ ਹਨ। ਮੈਂ ਆਦਤ ਅਨੁਸਾਰ ਕਿਹਾ, "ਹਾਂ ਜੀ?" ਦੂਜੇ ਪਾਸਿਉਂ ਆਵਾਜ਼ ਆਈ, "ਭੁੱਲਰ ਜੀ, ਮੈਂ ਕੁਲਤਾਰ ਸੰਘ ਸੰਧਵਾਂ ਬੋਲ ਰਿਹਾ ਹਾਂ। ਤੁਹਾਡੀ ਚਿੱਠੀ ਮਿਲ ਗਈ ਹੈ। ਸਰਕਾਰੀ ਪੈਸੇ ਨੂੰ ਪੰਜ-ਚਾਰ ਦਿਨ ਲੱਗ ਜਾਣਗੇ, ਤਦ ਤੱਕ ਮੈਂ ਆਪਣੇ ਕੋਲੋਂ ਕਰਦਾ ਹਾਂ ਕੁਛ।" ਮੇਰੇ ਮੂੰਹੋਂ ਸੁਤੇ-ਸਿਧ ਨਿੱਕਲਿਆ, "ਤੁਸੀਂ ਆਪਣੀ ਜੇਬ ਵਿਚੋਂ ਕਿਉਂ ਕਰਦੇ ਹੋ, ਸੰਧਵਾਂ ਜੀ, ਸਰਕਾਰੀ ਪੈਸੇ ਜਦੋਂ ਵੀ ਮਿਲਣਗੇ, ਠੀਕ ਹੈ।" ਉਹ ਸਹਿਜਤਾ ਨਾਲ ਕਹਿੰਦੇ, "ਕੋਈ ਨਾ!" ਸ਼ਿਵ ਨਾਥ ਨੂੰ ਮਾਇਕ ਮਦਦ ਮਿਲਣ ਤੋਂ ਇਲਾਵਾ ਮੈਨੂੰ ਇਸ ਗੱਲ ਦੀ ਭਰਪੂਰ ਤਸੱਲੀ ਮਿਲ ਗਈ ਕਿ ਮੇਰੇ ਮਨੋਵਿਗਿਆਨ ਨੇ ਸੰਧਵਾਂ ਜੀ ਦਾ ਜੋ ਗੁਰਮੁਖ ਰੂਪ ਦੱਸਿਆ ਸੀ, ਉਹ ਉਹੋ ਜਿਹੇ ਹੀ ਨਿੱਕਲੇ। ਕੁਛ ਹੀ ਘੰਟਿਆਂ ਬਾਅਦ ਸ਼ਿਵ ਨਾਥ ਦੀ ਨੂੰਹ ਦਾ ਫੋਨ ਆ ਗਿਆ, "ਅੰਕਲ ਜੀ, ਕੋਈ ਆਦਮੀ ਆ ਕੇ ਪੈਸੇ ਦੇ ਗਿਆ ਹੈ।" ਜਦੋਂ ਉਹਨੇ ਪੈਸੇ ਦੱਸੇ, ਮੈਂ ਮੰਗਣ ਵਾਲਾ ਹੋਣ ਦੇ ਬਾਵਜੂਦ ਸੱਚਮੁੱਚ ਪਰੇਸ਼ਾਨ ਹੋ ਗਿਆ ਤੇ ਮੇਰੇ ਮਨ ਵਿਚੋਂ ਆਵਾਜ਼ ਆਈ, "ਤੁਸੀਂ ਇਹ ਕੀ ਕੀਤਾ ਸੰਧਵਾਂ ਜੀ, ਜੇਬ ਵਿਚੋਂ ਏਨੀ ਵੱਡੀ ਰਕਮ ਭੇਜਣ ਦੀ ਕੀ ਲੋੜ ਸੀ!"

ਮੈਂ ਅਜੇ ਇਸੇ ਸੋਚ ਵਿਚ ਸੀ ਕਿ ਫੋਨ ਫੇਰ ਖੜਕਿਆ, ਨਾਂ ਤੋਂ ਬਿਨਾਂ ਅਣਜਾਣਿਆ ਨੰਬਰ। ਮੈਂ ਬੋਲਿਆ, "ਹਾਂ ਜੀ?" ਉਧਰੋਂ ਆਵਾਜ਼ ਆਈ, "ਭੁੱਲਰ ਜੀ, ਮੈਂ ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਬੋਲ ਰਿਹਾ ਹਾਂ। ਭਗਵੰਤ ਮਾਨ ਜੀ ਨੇ ਤੁਹਾਡੀ ਚਿੱਠੀ ਮੈਨੂੰ ਭੇਜ ਦਿੱਤੀ ਹੈ, ਕਰਦੇ ਹਾਂ ਜੋ ਕੁਛ ਵੀ ਸੰਭਵ ਹੋਇਆ!" ਅਗਲੇ ਦਿਨ ਉਨ੍ਹਾਂ ਦਾ ਸੁਨੇਹਾ ਆ ਗਿਆ ਕਿ ਹਸਪਤਾਲ ਨੂੰ ਤਾਂ ਮੁਫ਼ਤ ਇਲਾਜ ਲਈ ਆਖ ਦਿੱਤਾ ਹੈ, ਬਾਕੀ ਵੀ ਦੇਖਦੇ ਹਾਂ। ਮੈਨੂੰ ਹੈਰਾਨੀ ਇਸ ਗੱਲ ਦੀ ਵੀ ਹੋਈ ਕਿ ਜਿਥੇ ਸਾਹਿਤਕ ਸੰਸਥਾਵਾਂ ਦੀਆਂ ਕੁਰਸੀਆਂ ਉੱਤੇ ਬੈਠੇ ਲੇਖਕਾਂ-ਅਲੇਖਕਾਂ ਦਾ ਫੋਨ ਉਨ੍ਹਾਂ ਦੇ ਸਹਾਇਕ ਮਿਲਾ ਕੇ ਉਨ੍ਹਾਂ ਨਾਲ ਗੱਲ ਕਰਨ ਲਈ ਆਖਦੇ ਹਨ, ਇਹ ਮੰਤਰੀ ਸੱਜਨ ਕਿਸੇ ਹਉਂ ਤੋਂ ਬਿਨਾਂ ਫੋਨ ਸਿੱਧੇ ਆਪ ਹੀ ਮਿਲਾ ਰਹੇ ਹਨ!

ਉਤਾਂਹ ਨੂੰ ਦੇਖਿਆ, ਸੁਰਗ ਦੀ ਬਾਰੀ ਖੁੱਲ੍ਹੀ ਸੀ। ਮੈਂ ਪੂਰੇ ਜ਼ੋਰ ਦੀ ਆਵਾਜ਼ ਮਾਰੀ, "ਤਾਇਆ ਕਿਸ਼ਨਿਆ, ਮਿੰਟ ਮਿੰਟ 'ਤੇ ਗ਼ੌਰ ਹੋ ਗਿਆ!" ਮੈਨੂੰ ਮਹਿਸੂਸ ਹੋਇਆ, ਸ਼ਿਵ ਨਾਥ ਨੂੰ ਕੁੱਲ ਮਿਲਾ ਕੇ ਜਿੰਨੇ ਪੈਸੇ ਮਿਲਣਗੇ, ਮੈਨੂੰ ਮਿਲਿਆ ਸਨਮਾਨ ਉਸ ਤੋਂ ਕਈ ਗੁਣਾ ਵੱਡਾ ਵੀ ਹੈ ਤੇ ਨਵੇਕਲਾ ਵੀ ਹੈ। ਮੈਨੂੰ ਦਿੱਲੀ ਤੇ ਪੰਜਾਬ ਦਾ ਹਰ ਉਹ ਸਨਮਾਨ ਮਿਲ ਚੁੱਕਿਆ ਹੈ ਜੋ ਕਿਸੇ ਪੰਜਾਬੀ ਲੇਖਕ ਨੂੰ ਮਿਲ ਸਕਦਾ ਹੈ। ਉੱਤਰ ਪ੍ਰਦੇਸ਼ ਪੰਜਾਬੀ ਅਕਾਦਮੀ ਦਾ ਵਿਸ਼ੇਸ਼ ਸਨਮਾਨ ਅਤੇ ਦੱਖਣੀ ਭਾਰਤ ਦਾ ਸਭ ਤੋਂ ਵੱਡਾ ਕੁਵੇਂਪੂ ਸਨਮਾਨ ਪੰਜਾਬੀ ਸਨਮਾਨਾਂ ਦੀ ਖੀਰ ਉੱਤੇ ਭੁੱਕੇ ਹੋਏ ਸੁੱਕੇ ਮੇਵੇ ਵਾਂਗ ਹਨ! ਪਰ ਮੇਰੀ ਗੱਲ ਨੂੰ ਭੁੰਜੇ ਡਿੱਗਣ ਤੋਂ ਪਹਿਲਾਂ ਬੋਚ ਕੇ ਦਿੱਤਾ ਗਿਆ ਇਹ ਆਦਰ-ਮਾਣ ਉਨ੍ਹਾਂ ਸਭ ਪੁਰਸਕਾਰਾਂ ਤੋਂ ਵੱਡਾ ਹੈ। ਤੇ ਇਹ ਆਖਣ ਸਮੇਂ ਸ਼ਾਇਦ ਮੈਂ ਗ਼ਲਤ ਨਹੀਂ ਕਿ ਪੰਜਾਬ ਦੀ ਕਿਸੇ ਸਰਕਾਰ ਨੇ ਕਿਸੇ ਪੰਜਾਬੀ ਲੇਖਕ ਨੂੰ ਅਜਿਹਾ ਸਨਮਾਨ ਪਹਿਲੀ ਵਾਰ ਦਿੱਤਾ ਹੈ।

ਮੈਨੂੰ ਇਸ ਗੱਲ ਦੀ ਪੂਰੀ ਸੋਝੀ ਹੈ ਕਿ ਸ਼ਿਵ ਨਾਥ ਤੇ ਮੈਂ ਪੰਜਾਬੀ ਸਾਹਿਤ ਵਿਚ ਜੋ ਥੋੜ੍ਹਾ-ਬਹੁਤਾ ਹਿੱਸਾ ਪਾ ਸਕੇ ਹਾਂ, ਇਹ ਉਹਦੀ ਕਦਰ ਪਾਈ ਗਈ ਹੈ। ਇਸ ਕਰਕੇ ਮੈਂ ਇਹ ਸਨਮਾਨ ਮਾਂ-ਪੰਜਾਬੀ ਦੀ ਬੁੱਕਲ ਵਿਚ ਪਾਉਂਦਾ ਹਾਂ ਜਿਸ ਦੀ ਵਾਰੀ-ਸਦਕੇ ਜਾਂਦੀ ਮਮਤਾ ਦਾ ਹੱਥ ਮੇਰੇ ਸਿਰ ਤੋਂ ਕਦੀ ਵੀ ਪਾਸੇ ਨਹੀਂ ਹੋਇਆ!

ਸੰਧਵਾਂ ਜੀ, ਭਗਵੰਤ ਜੀ, ਡਾ. ਬਲਬੀਰ ਸਿੰਘ ਜੀ, ਮੇਰੇ ਕੋਲ ਤੁਹਾਡੀ ਦਿਖਾਈ ਅਪਣੱਤ ਦੇ ਹੁੰਗਾਰੇ ਵਜੋਂ ਬੱਸ ਅਸੀਸਾਂ ਹੀ ਹਨ। ਤੁਹਾਨੂੰ ਸੁਖੀ ਤੇ ਖ਼ੁਸ਼ਹਾਲ ਜੀਵਨ ਮਿਲੇ! ਦਹਾਕਿਆਂ ਤੋਂ ਡੋਲ-ਥਿੜਕ ਰਹੇ ਆਪਣੇ ਪੰਜਾਬ ਨੂੰ ਫੇਰ ਪੈਰਾਂ ਉੱਤੇ ਖੜ੍ਹਾ ਕਰਨ ਦੀ ਸ਼ਕਤੀ ਮਿਲੇ। ਦਹਾਕਿਆਂ ਤੋਂ ਡੰਗਰਾਂ ਵਾਲੇ ਵਾੜੇ ਵਿਚ ਡਾਹੀ ਹੋਈ ਮੰਜੀ ਤੋਂ ਚੁੱਕ ਕੇ ਮਾਂ-ਪੰਜਾਬੀ ਨੂੰ ਡਿਉਢੀ ਦੇ ਪਲੰਘ ਉੱਤੇ ਲਿਆ ਬਿਠਾਉਣ ਦੀ ਸਮਰੱਥਾ ਮਿਲੇ!



***ਸ਼ਿਵ ਨਾਥ (ਫੋਟੋ: ਅਮਰਜੀਤ ਚੰਦਨ), ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ।***

## ਸਮਾਜ ਸੇਵਾ ਤੇ ਪਰਉਪਕਾਰ ਲਈ ਵਚਨਬੱਧ ਰੱਖੜਾ ਪਰਿਵਾਰ

***(ਸਫਾ 14 ਦਾ ਬਾਕੀ)***

ਇਸ ਨਵੀਂ ਮਾਨਤਾ ਨੇ ਉਨ੍ਹਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਨੇੜਤਾ ਪ੍ਰਦਾਨ ਕੀਤੀ ਜਿਸ ਨਾਲ ਪਰਿਵਾਰ ਦੇ ਪਰਉਪਕਾਰੀ ਯਤਨਾਂ ਦੇ ਪ੍ਰਭਾਵ ਨੂੰ ਹੋਰ ਬਲ ਮਿਲਿਆ।

**ਚੈਰਿਟੀ ਦੀ ਵਿਰਾਸਤ:** ਰੱਖੜਾ ਪਰਿਵਾਰ ਵਿਚ ਪਰਉਪਕਾਰ ਦਾ ਬੀਜ ਉਨ੍ਹਾਂ ਦੇ ਪਿਤਾ ਮਰਹੂਮ ਸ. ਕਰਤਾਰ ਸਿੰਘ ਧਾਲੀਵਾਲ ਨੇ ਬਹੁਤ ਪਹਿਲਾਂ ਬੀਜਿਆ ਸੀ। 1933 ਵਿਚ ਉਨ੍ਹਾਂ ਫੌਜ ਵਿਚ ਆਪਣੀ ਸੇਵਾ ਵਿਚੋਂ ਆਪਣੀ ਸਾਰੀ ਬਚਤ ਲੋੜਵੰਦਾਂ ਦੀ ਸਹਾਇਤਾ ਲਈ ਸਮਰਪਿਤ ਕਰ ਕੇ ਆਪਣਾ ਚੈਰੀਟੇਬਲ ਸਫ਼ਰ ਸ਼ੁਰੂ ਕੀਤਾ। ਦਇਆ ਦੀ ਇਹ ਵਿਰਾਸਤ ਪੀੜ੍ਹੀ ਦਰ ਪੀੜ੍ਹੀ ਚਲੀ ਗਈ ਹੈ ਜੋ ਪਰਿਵਾਰ ਦੀ ਪਛਾਣ ਨੂੰ ਮਨੁੱਖਤਾ ਦੇ ਸੱਚੇ ਰਖਵਾਲਿਆਂ ਵਜੋਂ ਪਰਿਭਾਸ਼ਤ ਕਰਦੀ ਹੈ। ਰੱਖੜਾ ਪਰਿਵਾਰ ਦੇ ਮਿਸਾਲੀ ਯੋਗਦਾਨ ਨੇ ਉਨ੍ਹਾਂ ਨੂੰ ਨਾ ਸਿਰਫ਼ ਪ੍ਰਸ਼ੰਸਾ ਪ੍ਰਦਾਨ ਕੀਤੀ ਸਗੋਂ ਸਮਾਜ ਵਿਚ ਬਹੁਤ ਸਨਮਾਨ ਵੀ ਮਿਲਿਆ। ਸ. ਸੁਰਜੀਤ ਸਿੰਘ ਰੱਖੜਾ ਦੇ ਸਲੀਕੇ ਵਾਲੇ ਵਿਹਾਰ ਅਤੇ ਸੱਚੀ ਹਮਦਰਦੀ ਨੇ ਉਨ੍ਹਾਂ ਨੂੰ ਸਭਾ ਦਾ ਪਿਆਰਾ ਬਣਾਇਆ। ਪਰਿਵਾਰ ਦੀ ਸਦਭਾਵਨਾ ਸਮਾਜ ਦੇ ਹਰ ਵਰਗ ਵਿਚ ਗੂੰਜਦੀ ਹੈ ਜੋ ਉਨ੍ਹਾਂ ਨੂੰ ਉਮੀਦ ਦੀ ਕਿਰਨ ਅਤੇ ਹਮਦਰਦੀ ਦਾ ਪ੍ਰਤੀਕ ਬਣਾਉਂਦੀ ਹੈ। ਰੱਖੜਾ ਪਰਿਵਾਰ ਦੀ ਉਦਾਰਤਾ ਅਤੇ ਪਰਉਪਕਾਰ ਦੀ ਕਹਾਣੀ ਸਮੂਹਿਕ ਪਰਉਪਕਾਰ ਦੀ ਸ਼ਕਤੀ ਦਾ ਪ੍ਰਮਾਣ ਹੈ। ਕੁਦਰਤੀ ਆਫ਼ਤਾਂ ਦੌਰਾਨ ਆਪਣੇ ਨਿਸਵਾਰਥ ਯਤਨਾਂ ਅਤੇ ਸਮਾਜ ਦੀ ਸੇਵਾ ਲਈ ਅਟੁੱਟ ਵਚਨਬੱਧਤਾ ਦੇ ਜ਼ਰੀਏ ਉਨ੍ਹਾਂ ਨੇ ਅਣਗਿਣਤ ਜ਼ਿੰਦਗੀਆਂ ਨੂੰ ਸੇਵਾ ਅਤੇ ਉਮੀਦ ਨਾਲ ਛੂਹਿਆ ਹੈ। ਲੋੜਵੰਦਾਂ ਨੂੰ ਉੱਚਾ ਚੁੱਕਣ ਅਤੇ ਹਾਸ਼ੀਏ 'ਤੇ ਪਏ ਲੋਕਾਂ ਦੀ ਸਹਾਇਤਾ ਕਰਨ ਲਈ ਉਨ੍ਹਾਂ ਦੇ ਸਮਰਪਣ ਨੇ ਉਨ੍ਹਾਂ ਨੂੰ ਪਰਉਪਕਾਰੀ ਲੋਕਾਂ ਦੇ ਬਰਾਬਰ ਉੱਤਮਤਾ ਵਜੋਂ ਸਤਿਕਾਰ ਪ੍ਰਦਾਨ ਕੀਤਾ ਹੈ। ਉਨ੍ਹਾਂ ਦੀ ਵਿਰਾਸਤ ਅਣਗਿਣਤ ਹੋਰਾਂ ਨੂੰ ਪ੍ਰੇਰਦੀ ਰਹਿੰਦੀ ਹੈ। ਰੱਖੜਾ ਪਰਿਵਾਰ ਮਨੁੱਖਤਾ ਦੀ ਰੋਸ਼ਨੀ ਤੇ ਦਿਆਲਤਾ ਦੀ ਪਰਿਵਰਤਨਸ਼ੀਲ ਸ਼ਕਤੀ ਦੇ ਰੂਪ ਵਿਚ ਖੜ੍ਹਾ ਹੈ।

***-ਪ੍ਰਿੰਸੀਪਲ, ਖਾਲਸਾ ਕਾਲਜ, ਪਟਿਆਲਾ***

# ਹੜ੍ਹ ਕੁਦਰਤੀ ਆਫ਼ਤ ਹੈ ਜਾਂ ਮਸਨੂਈ ਕਹਿਰ?

ਬਰਸਾਤ ਦੇ ਮੌਸਮ ਵਿਚ ਹੜ੍ਹ ਆਏ ਤਾਂ ਪੁਰਾਣੀ ਬਹਿਸ ਨਵੇਂ ਸਿਰੇ ਤੋਂ ਸ਼ੁਰੂ ਹੋ ਗਈ। ਇਸ ਬਹਿਸ ਦੇ ਸਿਰੇ ਇਕ ਪਾਸੇ ਆਲਮੀ ਤਪਸ਼ ਦੇ ਮਸਲੇ ਨੂੰ ਨਜ਼ਰਅੰਦਾਜ਼ ਕਰਨ ਅਤੇ ਮੌਸਮਾਂ ਦੀ ਵਿਗੜਦੀ ਤਰਤੀਬ ਨਾਲ ਜੁੜੇ ਹਨ; ਦੂਜੇ ਪਾਸੇ ਮੁਕਾਮੀ ਬਦਇੰਤਜ਼ਾਮੀ ਨਾਲ ਜੋ ਮੁਨਾਫ਼ੇ ਦੀ ਦੌੜ ਵਿਚ ਬਰਸਾਤ ਦੀ ਮਿਕਦਾਰ ਅਤੇ ਕੂਲ੍ਹਾਂ, ਚੋਆਂ ਅਤੇ ਨਦੀਆਂ ਦੇ ਰਵਾਇਤੀ ਵਹਿਣਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਤੀਜਾ ਪੱਖ ਮੌਜੂਦਾ ਰਿਆਸਤ ਦੇ ਖ਼ਾਸੇ ਨਾਲ ਜੁੜਿਆ ਹੋਇਆ ਹੈ ਜੋ ਅਰਥਚਾਰੇ ਨੂੰ ਮੰਡੀ ਨਾਲ ਜੋੜਨ ਤੁਰਿਆ ਸੀ ਅਤੇ ਹੁਣ ਸਮਾਜ ਦੇ ਨਾਲ-ਨਾਲ ਆਵਾਮੀ ਭਲੇ ਨਾਲ ਜੁੜੇ ਹਰ ਇੰਤਜ਼ਾਮ/ਉਪਰਾਲੇ ਨੂੰ ਮੰਡੀ ਨਾਲ ਜੋੜਨ ਤੱਕ ਪੁੱਜ ਗਿਆ ਹੈ। ਚੌਥਾ ਪੱਖ ਵੀ ਰਿਆਸਤ ਦੇ ਖ਼ਾਸੇ ਨਾਲ ਹੀ ਜੁੜਿਆ ਹੋਇਆ ਹੈ ਜਦੋਂ ਮੌਜੂਦਾ ਦੌਰ ਵਿਚ ਸਰਕਾਰਾਂ, ਰਿਆਸਤ ਦੇ ਅਦਾਰਿਆਂ ਉੱਤੇ ਭਾਰੂ ਹੋ ਗਈਆਂ ਹਨ। ਨਤੀਜੇ ਵਜੋਂ ਰਿਆਸਤ ਦਾ ਰੋਜ਼ਮੱਰਾ ਕੰਮ ਵੀ ਸਰਕਾਰਾਂ ਰਾਹੀਂ ਹੁਕਮਰਾਨ ਸਿਆਸੀ ਧਿਰਾਂ ਦੇ ਹੱਥ ਆ ਗਿਆ ਹੈ।



**ਦਲਜੀਤ ਅਮੀ**
ਫੋਨ: +91-72919-77145

ਇਸ ਲੇਖ ਦਾ ਘੇਰਾ ਹੜ੍ਹ ਦੇ ਖ਼ਾਸੇ ਦੀ ਸ਼ਨਾਖ਼ਤ ਕਰਨ ਅਤੇ ਇਸ ਨਾਲ ਜੁੜੀਆਂ ਇੰਤਜ਼ਾਮੀਆ ਪੇਸ਼ਬੰਦੀਆਂ ਤੇ ਪਹਿਲਕਦਮੀਆਂ ਦੀ ਪੜਚੋਲ ਤੱਕ ਮਹਿਦੂਦ ਹੈ ਜਿਸ ਲਈ ਕਰੋਨਾ ਵਾਇਰਸ ਦੀ ਮਿਸਾਲ ਵਰਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਹੜ੍ਹ ਨਾਲ ਜੁੜਿਆ ਪੁਰਾਣਾ ਸੁਆਲ ਹੈ: ਕੀ ਇਹ ਕੁਦਰਤੀ ਆਫ਼ਤ ਹੈ ਜਾਂ ਮਨਸੂਈ ਕਰੋਪੀ? ਕੁਦਰਤੀ ਆਫ਼ਤਾਂ ਵਿਚ ਮਹਾਮਾਰੀਆਂ, ਭੂਚਾਲ, ਤੂਫ਼ਾਨ, ਗੜ੍ਹੇਮਾਰੀ ਅਤੇ ਹੜ੍ਹ ਆਉਂਦੇ ਹਨ ਕਿਉਂਕਿ ਇਨ੍ਹਾਂ ਦਾ ਅਹਿਮ ਪੱਖ ਕੁਦਰਤੀ ਸਰਗਰਮੀ ਨਾਲ ਜੁੜਿਆ ਹੋਇਆ ਹੈ। ਭੂਚਾਲ, ਤੂਫ਼ਾਨ, ਗੜ੍ਹੇਮਾਰੀ ਅਤੇ ਹੜ੍ਹ ਵਰਗੀਆਂ ਮਾਰਾਂ ਕੁਦਰਤੀ ਸਰਗਰਮੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਦੀ ਭਵਿੱਖਬਾਣੀ ਲਈ ਥਾਹ ਪਾਉਣ ਅਤੇ ਪੜਚੋਲ ਲਈ ਸਮਝ ਬਣਾਉਣ ਦੇ ਆਹਰ ਵਿਚ ਮਨੁੱਖ ਲਗਾਤਾਰ ਲੱਗਿਆ ਹੋਇਆ ਹੈ। ਹਰ ਪੜਚੋਲ ਅਗਲੀ ਵਾਰ ਲਈ ਬਿਹਤਰ ਅੰਦਾਜ਼ਾ ਲਗਾਉਣ ਵਿਚ ਸਹਾਈ ਹੁੰਦੀ ਹੈ ਅਤੇ ਹਰ ਤਜਰਬੇ ਨਾਲ ਬਿਹਤਰ ਪੜਚੋਲ ਦੀ ਗੁੰਜਾਇਸ਼ ਪੈਦਾ ਹੁੰਦੀ ਹੈ। ਮਨੁੱਖੀ ਸਮਝ ਦੇ ਬਿਹਤਰ ਹੋਣ ਦਾ ਨਤੀਜਾ ਹੈ ਕਿ ਮਹਾਮਾਰੀਆਂ ਦੀ ਬੇਮੁਹਾਰੀ ਨੂੰ ਨੱਥ ਪਈ ਹੈ। ਕਰੋਨਾ ਵਾਇਰਸ ਦੇ ਹਵਾਲੇ ਨਾਲ ਇਹ ਸਾਬਿਤ ਹੋ ਗਿਆ ਹੈ ਕਿ ਜ਼ਿਆਦਾ ਮਾਰਖੋਰਾ ਹੋਣ ਦੇ ਬਾਵਜੂਦ ਇਸ ਜਿਰਮ ਦੀ ਸ਼ਨਾਖ਼ਤ ਕਰਨ ਅਤੇ ਤੋੜ ਲੱਭਣ ਦੀ ਮਨੁੱਖੀ ਸਮਰੱਥਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੀ। ਨਤੀਜੇ ਵਜੋਂ ਨਾ ਸਿਰਫ਼ ਇਸ ਵਾਇਰਸ ਦੀ ਮੁੱਢਲੀ ਸ਼ਨਾਖ਼ਤ ਜਲਦੀ ਹੋ ਸਕੀ ਸਗੋਂ ਇਸ ਦੇ ਬਦਲਦੇ ਰੂਪ ਦਾ ਰੁਝਾਨ ਵੀ ਸਮਝਿਆ ਜਾ ਸਕਿਆ। ਰੋਕਥਾਮ ਅਤੇ ਇਲਾਜ ਦੀਆਂ ਇਕ ਤੋਂ ਜ਼ਿਆਦਾ ਵਿਧੀਆਂ ਬਣੀਆਂ ਅਤੇ ਇਹ ਕੰਮ ਜਾਰੀ ਹੈ।



ਵਿਗਿਆਨੀ ਇਸ ਦਲੀਲ ਲਈ ਤੱਥ ਜੁਟਾਉਣ ਵਿਚ ਕਾਮਯਾਬ ਹੋਏ ਹਨ ਕਿ ਕਰੋਨਾ ਵਾਇਰਸ ਕੋਈ ਆਖ਼ਰੀ ਮਹਾਮਾਰੀ ਨਹੀਂ ਹੈ ਪਰ ਮਹਾਮਾਰੀ ਜਾਂ ਨਵੇਂ ਜਿਰਮਾਂ/ਮਰਜ਼ਾਂ ਨਾਲ ਸਿੱਝਣ ਦੇ ਮਾਮਲੇ ਵਿਚ ਵੀ ਕੋਈ ਅੰਤਿਮ ਗਿਆਨ ਵਾਲਾ ਪੜਾਅ ਨਹੀਂ ਆਇਆ ਅਤੇ ਨਾ ਹੀ ਕਦੇ ਆਵੇਗਾ। ਆਉਣ ਵਾਲੇ ਦੌਰ ਵਿਚ ਮਹਾਮਾਰੀ ਜਾਂ ਨਵੇਂ ਜਿਰਮ/ਮਰਜ਼ ਦੇ ਹਮਲੇ ਵੀ ਹੋਣਗੇ ਪਰ ਉਨ੍ਹਾਂ ਨਾਲ ਸਿੱਝਣ ਦੀ ਮਨੁੱਖੀ ਸਮਰੱਥਾ ਵਿਚ ਵੀ ਲਗਾਤਾਰ ਵਾਧਾ ਹੋਵੇਗਾ। ਨਵੇਂ ਗਿਆਨ-ਵਿਗਿਆਨ ਨਾਲ ਬਿਹਤਰ ਗਿਆਨ-ਵਿਗਿਆਨ ਪੈਦਾ ਹੋਣਾ ਹੈ ਜੋ ਨਵੀਆਂ ਮਹਾਮਾਰੀਆਂ ਵੇਲੇ ਜਿਰਮਾਂ ਦੀ ਸ਼ਨਾਖ਼ਤ ਕਰਨ, ਉਨ੍ਹਾਂ ਦੀ ਪੜਚੋਲ ਕਰਨ ਅਤੇ ਉਨ੍ਹਾਂ ਦੇ ਵੇਲ-ਵਾਧੇ ਦੀ ਤਰਤੀਬ ਬੁੱਝਣ ਵਿਚ ਸਹਾਈ ਹੋਵੇਗਾ। ਇਸੇ ਨਾਲ ਇਲਾਜ ਦੀ ਵਿਧ ਬਣੇਗੀ। ਵਿਗਿਆਨੀਆਂ ਦਾ ਮੰਨਣਾ ਹੈ ਕਿ ਹੁਣ ਸੁਆਲ ਇਹ ਹੈ ਕਿ ਨਵੀਂ ਮਹਾਮਾਰੀ ਵੇਲੇ ਜਿਰਮ ਦੀ ਸ਼ਨਾਖ਼ਤ ਵਿਚ ਸਮਾਂ ਕਿੰਨਾ ਘੱਟ ਤੋਂ ਘੱਟ ਲੱਗਦਾ ਹੈ। ਉਸ ਤੋਂ ਬਾਅਦ ਰੋਕਥਾਮ ਅਤੇ ਇਲਾਜ ਦਾ ਕਾਰਗਰ ਤਰੀਕਾ ਕਿੰਨੀ ਦੇਰ ਵਿਚ ਤਿਆਰ ਹੁੰਦਾ ਹੈ ਅਤੇ ਸਮੁੱਚੀ ਆਬਾਦੀ ਨੂੰ ਉਸ ਤਰੀਕੇ ਦੇ ਘੇਰੇ ਵਿਚ ਕਿੰਨੀ ਜਲਦੀ ਲਿਆਂਦਾ ਜਾ ਸਕਦਾ ਹੈ।

ਇਸੇ ਤਰ੍ਹਾਂ ਮਹਾਮਾਰੀ ਦਾ ਬਿਆਨੀਆ ਤਿਆਰ ਕਰਨ ਦਾ ਤਰੀਕਾ ਬਦਲ ਗਿਆ ਹੈ। ਨਵੇਂ ਜਿਰਮ ਦਾ ਆਉਣਾ ਕੁਦਰਤੀ ਹੋ ਸਕਦਾ ਹੈ ਜਾਂ ਮਨੁੱਖੀ ਸਰਗਰਮੀ ਦਾ ਹੈਰਤਅੰਗੇਜ਼ (ਸਬਬ ਜਾਂ ਸਾਜ਼ਿਸ਼ ਜਾਂ ਗ਼ਲਤੀ) ਨਤੀਜਾ ਹੋ ਸਕਦਾ ਹੈ। ਨਵੇਂ ਜਿਰਮ ਨਾਲ ਸਿੱਝਣ ਦੀ ਤਿਆਰੀ ਵਿਚ ਵਿਗਿਆਨ ਅਤੇ ਵਸੀਲੇ ਤਾਇਨਾਤ ਰਹਿਣੇ ਚਾਹੀਦੇ ਹਨ। ਹੁਣ ਮਹਾਮਾਰੀ ਦੀ ਮਾਰ ਦਾ ਬਿਆਨੀਆ ਸਿਰਫ਼ ਜਿਰਮ/ਮਰਜ਼ ਦੀ ਮਾਰ ਦੇ ਹਵਾਲੇ ਨਾਲ ਤਿਆਰ ਨਹੀਂ ਹੋਣਾ ਸਗੋਂ ਵਿਗਿਆਨ ਅਤੇ ਵਿਗਿਆਨਕ ਖੋਜ ਵਿਚ ਲੱਗੇ ਵਸੀਲਿਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਜਾਵੇਗਾ। ਇਸ ਨਾਲ ਰਿਆਸਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸੇ ਨਵੇਂ ਜਿਰਮ/ਮਰਜ਼ ਦੀ ਰੋਕਥਾਮ ਅਤੇ ਇਲਾਜ ਲਈ ਲੋੜੀਂਦੇ ਵਸੀਲੇ ਲਾਮਬੰਦ ਕਰ ਕੇ ਰੱਖੇ। ਜੇ ਇਸ ਪੱਖੋਂ ਕੋਈ ਕੱਚ ਰਹਿ ਜਾਂਦਾ ਹੈ ਤਾਂ ਮਹਾਮਾਰੀ ਦੀ ਸਮੁੱਚੀ ਮਾਰ ਕੁਦਰਤੀ ਆਫ਼ਤ ਦੇ ਖਾਤੇ ਨਹੀਂ ਪੈਣੀ ਸਗੋਂ ਰਿਆਸਤ ਦੀ ਬਦਇੰਤਜ਼ਾਮੀ ਦੇ ਖਾਤੇ ਪੈਣੀ ਹੈ ਜੋ ਮਸਨੂਈ ਕਰੋਪੀ ਕਰਾਰ ਦਿੱਤੀ ਜਾਵੇਗੀ। ਮਿਸਾਲ ਵਜੋਂ ਕਰੋਨਾ ਵਾਇਰਸ ਨੇ ਸਰਕਾਰੀ ਹਸਪਤਾਲਾਂ ਦੀ ਖਸਤਾ ਹਾਲਤ ਬੇਪਰਦ ਕੀਤੀ ਸੀ ਜੋ ਦਹਾਕਿਆਂ ਦੇ ਰੁਝਾਨ ਨਾਲ ਪੈਦਾ ਕੀਤੀ ਗਈ ਸੀ। ਹਸਪਤਾਲਾਂ ਅਤੇ ਆਕਸੀਜਨ ਦੀ ਘਾਟ, ਮਹਿੰਗੀ ਦਵਾਈ ਅਤੇ ਰਿਆਸਤ ਦੇ ਉਪਰਾਲਿਆਂ ਬਾਰੇ ਬੇਵਿਸਾਹੀ ਕਾਰਨ ਕਰੋਨਾ ਵਾਇਰਸ ਦਾ ਸ਼ਿਕਾਰ ਹੋਣ ਵਾਲੇ ਲੋਕ ਕੁਦਰਤੀ ਆਫ਼ਤ ਦੇ ਖਾਤੇ ਨਹੀਂ ਪੈਂਦੇ ਸਗੋਂ ਰਿਆਸਤ ਦੀ ਵਰਤਾਈ ਗਈ ਮਸਨੂਈ ਕਰੋਪੀ ਦੇ ਖਾਤੇ ਪੈਂਦੇ ਹਨ। ਇਸ ਦੌਰਾਨ ਸਰਕਾਰਾਂ ਅਤੇ ਹੁਕਮਰਾਨ ਸਿਆਸੀ ਧਿਰਾਂ ਦਾ ਖ਼ਾਸਾ ਸਾਹਮਣੇ ਆਇਆ ਸੀ ਜੋ ਰਿਆਸਤ ਦੇ ਰੋਜ਼ਮੱਰਾ ਕੰਮ (ਸ਼ਹਿਰੀ ਦੀ ਜਾਨ ਬਚਾਉਣ ਅਤੇ ਉਸ ਦਾ ਭਰੋਸਾ ਕਾਇਮ ਰੱਖਣ) ਨੂੰ ਆਪਣਾ ਮੁਖ਼ਤਿਆਰ ਸਮਝਦੇ ਹਨ। ਇਸ ਨਾਲ ਬੁਨਿਆਦੀ ਤਬਦੀਲੀ ਇਹ ਵਾਪਰਦੀ ਹੈ ਕਿ ਰਿਆਸਤ ਆਪਣੇ ਰੋਜ਼ਮੱਰਾ ਦੇ ਕੰਮ ਲਈ ਸਰਕਾਰਾਂ ਦਾ ਮੂੰਹ ਦੇਖਣ ਲੱਗਦੀ ਹੈ ਜਿਸ ਦੇ ਫ਼ੈਸਲਿਆਂ ਉੱਤੇ ਹੁਕਮਰਾਨ ਸਿਆਸੀ ਧਿਰ ਦੀ ਸੋਚ ਅਤੇ ਪ੍ਰਚਾਰ ਭਾਰੂ ਹੈ।

ਕਰੋਨਾ ਵਾਇਰਸ ਦੇ ਸਮੁੱਚੇ ਸਬਕ ਬਾਕੀ ਦੀਆਂ ਕੁਦਰਤੀ ਆਫ਼ਤਾਂ/ਕਰੋਪੀਆਂ ਦੇ ਮਾਮਲੇ ਵਿਚ ਵੀ ਲਾਗੂ ਹੁੰਦੇ ਹਨ। ਨਹਿਰਾਂ, ਨਦੀਆਂ, ਸੂਏ, ਕੱਸੀਆਂ, ਕੂਲ੍ਹਾਂ ਅਤੇ ਖਾਲ਼ਾਂ ਦੀ ਸਫ਼ਾਈ ਦੇ ਨਾਲ-ਨਾਲ ਹੜ੍ਹ ਨਾਲ ਸਿੱਝਣ ਲਈ ਲੋੜੀਂਦੀ ਵਿਉਂਤਬੰਦੀ ਦਾ ਜਾਇਜ਼ਾ ਲੈਣਾ ਅਤੇ ਬਣਦੀ ਮਨਸੂਬਾਬੰਦੀ ਕਰਨਾ ਰਿਆਸਤ ਦਾ ਕੰਮ ਹੈ। ਸਰਕਾਰ ਦੀ ਜ਼ਿੰਮੇਵਾਰੀ ਰਿਆਸਤ ਦੇ ਕੰਮ ਦਾ ਜ਼ਿੰਮੇਵਾਰੀ ਨਾਲ ਨਿਭਾਅ ਯਕੀਨੀ ਬਣਾਉਣਾ ਹੈ। ਸਮੁੱਚੀਆਂ ਸਿਆਸੀ ਧਿਰਾਂ ਦਾ ਮੌਜੂਦਾ ਹੜ੍ਹਾਂ ਬਾਰੇ ਬਿਆਨੀਆ ਇਕ-ਦੂਜੇ ਉੱਤੇ ਇਲਜ਼ਾਮਤਰਾਸ਼ੀ ਕਰਦਿਆਂ ਖ਼ਾਸ ਤਰ੍ਹਾਂ ਦੀ ਸਹਿਮਤੀ ਵਿਚ ਬੱਝਿਆ ਹੋਇਆ ਹੈ। ਸਹਿਮਤੀ ਇਹ ਹੈ ਕਿ ਸਾਬਕਾ ਹੁਕਮਰਾਨ ਧਿਰਾਂ ਆਪਣੇ ਆਗੂਆਂ ਦੀਆਂ ਪਹਿਲਕਦਮੀਆਂ (ਬਿਨਾਂ ਤੱਥਾਂ ਅਤੇ ਤਾਰੀਕਾਂ ਤੋਂ) ਅਤੇ ਮੌਜੂਦਾ ਹੁਕਮਰਾਨ ਧਿਰਾਂ ਆਪਣੇ ਆਗੂਆਂ ਦੀ ਦੂਰਦਰਸ਼ੀ ਸਮਝ ਦਾ ਰਾਗ ਅਲਾਪਦੀਆਂ ਹਨ। ਸਹਿਮਤੀ ਇਹ ਉਸਰਦੀ ਹੈ ਕਿ ਹੜ੍ਹਾਂ ਦੇ ਖ਼ਦਸ਼ਿਆਂ ਨੂੰ ਧਿਆਨ ਵਿਚ ਰੱਖ ਕੇ ਲੋੜੀਂਦੀਆਂ ਪੇਸ਼ਬੰਦੀਆਂ ਕਰਨਾ ਅਤੇ ਸਮੇਂ ਸਿਰ ਇੰਤਜ਼ਾਮ ਦਾ ਜਾਇਜ਼ਾ ਲੈਣਾ ਰਿਆਸਤ ਦੀ ਬੁਨਿਆਦੀ ਜ਼ਿੰਮੇਵਾਰੀ ਨਹੀਂ ਸਗੋਂ ਸਰਕਾਰਾਂ ਦਾ ਮੁਖ਼ਤਿਆਰੀ ਕੰਮ ਹੈ ਜੋ ਹੁਕਮਰਾਨ ਸਿਆਸੀ ਧਿਰ ਦੇ ਪ੍ਰਚਾਰ ਲਈ ਲੋੜੀਂਦਾ ਹੈ।

ਇਸ ਵਾਰ ਦਾ ਮੀਂਹ ਬਰਸਾਤੀ ਮੌਸਮ ਵਿਚ ਹੀ ਪਿਆ ਹੈ। ਪਿਛਲੇ ਕਈ ਸਾਲਾਂ ਦਾ ਰੁਝਾਨ ਦਰਸਾਉਂਦਾ ਹੈ ਕਿ ਪੰਜਾਬ ਵਿਚ ਸੋਕੇ ਅਤੇ ਹੜ੍ਹ ਵਰਗੇ ਹਾਲਾਤ ਕੁਝ ਦਿਨਾਂ ਦੇ ਫ਼ਰਕ ਨਾਲ ਹੀ ਬਣਦੇ ਹਨ। ਘੱਗਰ ਸਮੇਤ ਹੋਰ ਵਹਿਣਾਂ ਵਿਚ ਆਉਣ ਵਾਲੇ ਬਰਸਾਤੀ ਪਾਣੀ ਦੀ ਰਫ਼ਤਾਰ ਦਾ ਅੰਦਾਜ਼ਾ ਸਬੰਧਿਤ ਮਹਿਕਮਿਆਂ ਵਿਚ ਦਰਜ ਹੈ। ਸਤਲੁਜ ਅਤੇ ਬਿਆਸ ਦੇ ਵਹਾਅ ਅਤੇ ਹਿਮਾਚਲ ਵਿਚ ਪਏ ਮੀਂਹ ਦਾ ਭਾਖੜਾ ਬੰਨ੍ਹ ਦੇ ਦਰਵਾਜ਼ਿਆਂ ਨਾਲ ਰਿਸ਼ਤਾ ਕੋਈ ਰਹੱਸ ਨਹੀਂ ਹੈ। ਜ਼ਿਆਦਾ ਪਾਣੀ ਨਾਲ ਵਗਣ ਵਾਲੇ ਪੁਰਾਣੇ ਵਹਿਣਾਂ ਦੀ ਸ਼ਨਾਖ਼ਤ ਤਾਂ ਦਸਤਾਵੇਜ਼ਾਂ ਵਿਚ ਇਸ ਤਫ਼ਸੀਲ ਨਾਲ ਦਰਜ ਹੈ ਕਿ ਬੂੰਦ-ਬੂੰਦ ਪਾਣੀ ਅਤੇ ਪੈਰ-ਪੈਰ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਮੌਜੂਦਾ ਤਕਨਾਲੋਜੀ ਰਾਹੀਂ ਹਾਸਿਲ ਕੀਤੀਆਂ ਸੈਟੇਲਾਈਟ ਤਸਵੀਰਾਂ ਪਾਣੀ ਦੇ ਵਹਿਣ ਨੂੰ ਰਹੱਸ ਨਹੀਂ ਰਹਿਣ ਦਿੰਦੀਆਂ। ਪਾਣੀ ਦੀ ਘਾਟ ਦਾ ਸ਼ਿਕਾਰ ਹੋ ਚੁੱਕੇ ਵੱਡੇ ਸ਼ਹਿਰਾਂ (ਚੇਨਈ, ਬੰਗਲੂਰੂ, ਸ਼ਿਲੌਂਗ, ਇੰਦੌਰ ਅਤੇ ਭੁਵਨੇਸ਼ਵਰ) ਨੇ ਪਾਣੀ ਬਚਾਉਣ ਅਤੇ ਸਾਂਭਣ ਦੇ ਇੰਤਜ਼ਾਮ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਮੀਂਹ ਅਤੇ ਹੜ੍ਹ ਦਾ ਬਿਆਨੀਆ ਇੰਤਜ਼ਾਮ ਦੇ ਹਵਾਲੇ ਤੋਂ ਬਿਨਾਂ ਤਿਆਰ ਨਹੀਂ ਹੋ ਸਕਦਾ। ਜੇ ਕਮੀ ਇੰਤਜ਼ਾਮ ਦੀ ਹੈ ਤਾਂ ਇਹ ਮਾਰ ਕੁਦਰਤੀ ਆਫ਼ਤ ਨਹੀਂ ਸਗੋਂ ਮਸਨੂਈ ਕਰੋਪੀ ਹੈ ਜੋ ਰਿਆਸਤ ਦੀ ਬਦਇੰਤਜ਼ਾਮੀ ਅਤੇ ਸਰਕਾਰ ਦੀ ਗ਼ੈਰ-ਜ਼ਿੰਮੇਵਾਰੀ ਨਾਲ ਵਾਪਰਦੀ ਹੈ।

ਕਈ ਥਾਵਾਂ ਉੱਤੇ ਹੜ੍ਹ ਦੇ ਪਾਣੀ ਨੇ ਸੜਕਾਂ ਨੂੰ ਪੁੱਟ ਸੁੱਟਿਆ ਹੈ। ਜੇ ਟੁੱਟੀਆਂ ਸੜਕਾਂ ਪਾਣੀ ਦੀ ਰਫ਼ਤਾਰ ਜਾਂ ਕੁਦਰਤੀ ਰੋਹ ਦਾ ਅੰਦਾਜ਼ਾ ਦਿੰਦੀਆਂ ਹਨ ਤਾਂ ਇਹ ਵੀ ਦੱਸਦੀਆਂ ਹਨ ਕਿ ਪਾਣੀ ਨੇ ਆਪਣੇ ਪੁਰਾਣੇ ਵਹਿਣ ਉੱਤੇ ਦਾਅਵੇਦਾਰੀ ਕੀਤੀ ਹੈ ਅਤੇ ਮੌਕੇ ਉੱਤੇ ਪਾਣੀ ਨੇ ਆਪਣਾ ਰਾਹ ਬਣਾ ਲੈਣਾ ਹੈ। ਜੇ ਪਹਿਲਾਂ ਬਦਇੰਤਜ਼ਾਮੀ ਨਾਲ ਇਹ ਵਹਿਣ ਬੰਦ ਹੋਏ ਹਨ ਤਾਂ ਪਾਣੀ ਨੇ ਪੁਲ/ਪੁਲੀਆਂ ਬਣਾਉਣ ਜਾਂ ਵਹਿਣ ਖ਼ਾਲੀ ਕਰਨ ਦੀ ਮੰਗ ਪੇਸ਼ ਕਰ ਦਿੱਤੀ ਹੈ। ਜੇ ਪਹਿਲਾਂ ਮੁਨਾਫ਼ੇ ਜਾਂ ਵਿਕਾਸ ਦੀ ਦੌੜ ਵਿਚ ਵਿਉਂਤਬੰਦੀ ਵੇਲੇ ਗਿਆਨ ਦੇ ਭੰਡਾਰ ਅਤੇ ਸਮਾਜਿਕ ਸੂਝ ਨਜ਼ਰਅੰਦਾਜ਼ ਕੀਤੀ ਗਈ ਹੈ ਤਾਂ ਇਸ ਹੜ੍ਹ ਦੇ ਲਿਖੇ ਮੰਗ ਪੱਤਰ ਪੜ੍ਹੇ ਜਾ ਸਕਦੇ ਹਨ। ਪਹਿਲਾਂ ਗਿਆਨ ਭੰਡਾਰੇ ਆਪਣੀ ਨਜ਼ਰਅੰਦਾਜ਼ੀ ਦਾ ਮੁਕੱਦਮਾ ਰਿਆਸਤ ਦੀ ਅਦਾਲਤ ਵਿਚ ਪੇਸ਼ ਕਰਨ ਵਿਚ ਨਾਕਾਮਯਾਬ ਰਹੇ ਹਨ ਅਤੇ ਹੁਣ ਹੜ੍ਹ ਦੇ ਲਿਖੇ ਮੰਗ ਪੱਤਰ ਨਜ਼ਰਅੰਦਾਜ਼ ਹੋਣ ਦਾ ਖ਼ਦਸ਼ਾ ਮੰਡਰਾ ਰਿਹਾ ਹੈ। ਇਹ ਸਾਫ਼ ਹੈ ਕਿ ਹੜ੍ਹ ਦਾ ਲਿਖਿਆ ਮੰਗ ਪੱਤਰ ਕਿਸੇ ਸਿਆਸਤ ਜਾਂ ਮੁਨਾਫ਼ੇ ਉੱਤੇ ਸਵਾਰ ਨਹੀਂ ਹੈ ਸਗੋਂ ਇਹ ਜ਼ਿੰਮੇਵਾਰੀ ਅਤੇ ਦਿਆਨਤਦਾਰੀ ਦੀ ਭਾਲ ਵਿਚ ਆਇਆ ਹੈ। ਇਕ ਵਾਰ ਨਜ਼ਰਅੰਦਾਜ਼ ਹੋਇਆ ਮੰਗ ਪੱਤਰ ਮੌਕਾ ਮਿਲਦੇ ਹੀ ਦੁਬਾਰਾ ਪੇਸ਼ ਹੋ ਜਾਂਦਾ ਹੈ ਜੋ ਕੁਦਰਤੀ ਆਫ਼ਤ ਦਾ ਨੁਮਾਇੰਦਾ ਨਹੀਂ ਹੈ ਸਗੋਂ ਮਸਨੂਈ ਕਰੋਪੀ ਦਾ ਹਰਕਾਰਾ ਹੈ।

# ਚੁਣਾਵੀ ਜੰਗ ਦੀਆਂ ਤਿਆਰੀਆਂ

ਸਮੇਂ ਸਮੇਂ 'ਤੇ ਭਾਰਤ ਦੇ ਧਰਾਤਲ ਉਪਰ ਕੁਲੀਸ਼ਨ ਰਾਜਨੀਤੀ ਦਾ ਪ੍ਰਭਾਵ ਰਿਹਾ ਹੈ ਪਰ 2014 ਵਿਚ ਭਾਜਪਾ ਨੂੰ ਆਪਣੇ ਬਲਬੁੱਤੇ ਬਹੁਮਤ ਹਾਸਲ ਹੋ ਜਾਣ ਤੋਂ ਬਾਅਦ ਲੋਕਾਂ ਦੇ ਮਨਮਸਤਕ ਤੋਂ ਕੁਲੀਸ਼ਨ ਰਾਜਨੀਤੀ ਦਾ ਪ੍ਰਭਾਵ ਪੇਤਲਾ ਪੈਂਦਾ ਚਲਾ ਗਿਆ ਸੀ। ਭਾਜਪਾ ਨੂੰ ਹੁਣ ਆਪਣੇ ਉਨ੍ਹਾਂ ਸਾਥੀਆਂ ਦੀ ਲੋੜ ਨਹੀਂ ਰਹਿ ਗਈ ਸੀ ਜਿਨ੍ਹਾਂ ਤੋਂ ਲੋੜ ਪੈਣ 'ਤੇ ਕਿਸੇ ਮੌਕੇ ਸਮਝੌਤਾ ਕਰਨ ਜਾਂ ਤੋੜਨ ਦੀ ਤਵੱਕੋ ਕੀਤੀ ਜਾਂਦੀ ਸੀ। ਉਸ ਸਾਲ ਮਈ ਮਹੀਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਭਾਜਪਾ ਨੂੰ ਅਸਥਿਰਤਾ ਖਿਲਾਫ਼ ਭਰਵੀਂ ਤਾਕਤ ਮਿਲਣ ਦੇ ਬਾਵਜੂਦ ਉਹ ਆਪਣੀਆਂ ਸਾਥੀ ਪਾਰਟੀਆਂ ਨੂੰ ਨਾਲ ਲੈ ਕੇ ਚੱਲਣਗੇ।

**ਰਾਧਿਕਾ ਰਾਮਾਸੇਸ਼ਨ**

ਇਹ ਬਿਆਨ ਉਨ੍ਹਾਂ ਸਮਿਆਂ ਦਾ ਚੇਤਾ ਕਰਾਉਂਦਾ ਸੀ ਜਦੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਨੂੰ ਆਪਣੀਆਂ ਸਹਿਯੋਗੀ ਪਾਰਟੀਆਂ ਦੀ ਹਮਾਇਤ ਦੀ ਬਹੁਤ ਲੋੜ ਪਈ ਸੀ। ਅਜਿਹਾ ਜਾਪਦਾ ਸੀ ਕਿ ਮੋਦੀ, ਵਾਜਪਾਈ ਵਲੋਂ ਕਾਇਮ ਕੀਤੇ ਗਏ ਕੌਮੀ ਜਮਹੂਰੀ ਗਠਜੋੜ (ਐੱਨ.ਡੀ.ਏ.) ਨੂੰ ਤੋੜਨਾ ਨਹੀਂ ਚਾਹੁੰਦੇ ਸਨ ਕਿਉਂਕਿ ਪਤਾ ਨਹੀਂ ਮੁੜ ਕਦੋਂ ਉਸ ਦੀ ਲੋੜ ਪੈ ਜਾਵੇ।

ਐੱਨ.ਡੀ.ਏ. ਜਿਹੇ ਗੱਠਜੋੜ ਵਿਹਾਰ ਤੇ ਅੰਤਰ-ਨਿਰਭਰਤਾ ਦੀ ਘਾੜਤ ਹੁੰਦੇ ਹਨ ਅਤੇ ਸਮੇਂ ਸਮੇਂ ਤਬਦੀਲ ਹੁੰਦੇ ਰਹਿੰਦੇ ਹਨ। ਜਦੋਂ ਕੁਝ ਆਗੂਆਂ ਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਸਿਆਸੀ ਹਿੱਤ ਖ਼ਤਰੇ ਵਿਚ ਹਨ ਤਾਂ ਉਹ ਪਾਰਟੀਆਂ ਛੱਡ ਕੇ ਚਲੀਆਂ ਜਾਂਦੀਆਂ ਹਨ; ਕੁਝ ਹੋਰ ਪਾਰਟੀਆਂ ਜ਼ਿਆਦਾ ਲਾਹੇ ਦੀ ਤਲਾਸ਼ ਵਿਚ ਚਲੀਆਂ ਜਾਂਦੀਆਂ ਹਨ। 2014 ਵਿਚ 11 ਪਾਰਟੀਆਂ ਮੋਦੀ ਸਰਕਾਰ ਵਿਚ ਹਿੱਸੇਦਾਰ ਬਣੀਆਂ ਸਨ ਜਦਕਿ ਕੁਝ ਹੋਰ ਪਾਰਟੀਆਂ ਜਿਵੇਂ ਹਰਿਆਣਾ ਜਨਹਿਤ ਕਾਂਗਰਸ ਦਾ ਲੋਕ ਸਭਾ ਚੋਣਾਂ ਵਿਚ ਖਾਤਾ ਨਾ ਖੁੱਲ੍ਹਣ ਕਰ ਕੇ ਸਰਕਾਰ ਵਿਚ ਸ਼ਾਮਲ ਨਾ ਹੋ ਸਕੀਆਂ। 2019 ਵਿਚ ਅਣਵੰਡੀ ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ ਅਤੇ ਅੰਨਾ ਡੀ.ਐੱਮ.ਕੇ. ਮੋਦੀ ਦੇ ਨਾਲ ਸਨ। ਮੋਦੀ ਨਾਲ ਨਿਤੀਸ਼ ਕੁਮਾਰ ਦੀ ਅਣਬਣ ਹੋਣ ਕਰ ਕੇ 2014 ਤੋਂ ਪਹਿਲਾਂ ਐੱਨ.ਡੀ.ਏ. ਤੋਂ ਕਿਨਾਰਾਕਸ਼ੀ ਕਰਨ ਵਾਲਾ ਜਨਤਾ ਦਲ (ਯੂ) ਵੀ ਵਾਪਸ ਆ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਧਰਮ ਨਿਰਪੱਖ ਖੇਮੇ ਵਿਚ ਜਾਣ ਅਤੇ ਹਾਸ਼ੀਏ 'ਤੇ ਵਿਚਰਨ ਦੀ ਕੋਈ ਤੁੱਕ ਨਹੀਂ ਬਣਦੀ। ਉਦੋਂ ਤੱਕ ਭਾਜਪਾ ਨੇ ਉੱਤਰ ਪੂਰਬੀ ਖਿੱਤੇ ਵਿਚ ਨਵੇਂ ਭਿਆਲ ਲੱਭ ਲਏ ਸਨ। ਉਸ ਸਾਲ ਹੋਈਆਂ ਚੋਣਾਂ ਵਿਚ ਭਾਜਪਾ ਨੇ ਨਵੀਂ ਉਚਾਣ ਛੋਹੀ ਜਿਸ ਕਰ ਕੇ ਐੱਨ.ਡੀ.ਏ. ਅਪ੍ਰਸੰਗਕ ਹੋ ਗਿਆ ਸੀ। ਭਾਜਪਾ ਸੱਤਾ ਦਾ ਧੁਰਾ ਬਣ ਗਈ। ਐੱਨ.ਡੀ.ਏ. ਦੀਆਂ ਭਾਈਵਾਲ ਪਾਰਟੀਆਂ ਕੋਲ ਉਹ ਦਮ ਖ਼ਮ ਨਹੀਂ ਬਚਿਆ ਸੀ ਜੋ ਕਦੇ ਵਾਜਪਾਈ ਦੀ ਅਗਵਾਈ ਵਾਲੀ ਕੁਲੀਸ਼ਨ ਸਰਕਾਰ ਵੇਲੇ ਸੀ।

ਉਦੋਂ ਅਤੇ ਹੁਣ ਦੇ ਸਮੇਂ ਵਿਚ ਫ਼ਰਕ ਇਹ ਆ ਗਿਆ ਕਿ ਮੋਦੀ ਨੇ ਕਦੇ ਕੋਈ ਸੰਚਾਲਨ ਕਮੇਟੀ ਬਣਾਉਣ ਦੀ ਖੇਚਲ ਨਹੀਂ ਕੀਤੀ ਅਤੇ ਐੱਨ.ਡੀ.ਏ. ਦੀਆਂ ਮੀਟਿੰਗਾਂ ਦਾ ਸਿਲਸਿਲਾ ਬੰਦ ਹੋ ਕੇ ਰਹਿ ਗਿਆ; ਵਾਜਪਾਈ ਸੰਚਾਲਨ ਕਮੇਟੀ ਦਾ ਕਨਵੀਨਰ ਕਿਸੇ ਗ਼ੈਰ-ਭਾਜਪਾ ਪਾਰਟੀ ਦੇ ਆਗੂ ਨੂੰ ਥਾਪਦੇ ਸਨ। ਮੋਦੀ ਦੇ ਐੱਨ.ਡੀ.ਏ. ਦਾ ਕੋਈ ਚਿਹਰਾ ਨਹੀਂ ਹੈ। ਐੱਨ.ਡੀ.ਏ. ਦੇ ਪ੍ਰਸੰਗ ਵਿਚ ਉਦੋਂ ਅਣਕਿਆਸਿਆ ਮੋੜ ਆ ਗਿਆ ਜਦੋਂ ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਇਹ ਐਲਾਨ ਕੀਤਾ ਸੀ ਕਿ 18 ਜੁਲਾਈ ਨੂੰ ਨਵੀਂ ਦਿੱਲੀ ਵਿਚ ਹੋਣ ਵਾਲੀ ਮੀਟਿੰਗ ਵਿਚ 38 ਭਾਈਵਾਲ ਪਾਰਟੀਆਂ ਦੇ ਆਗੂ ਸ਼ਾਮਲ ਹੋਣਗੇ। ਇਹ ਪਾਰਟੀਆਂ ਕੌਣ ਸਨ? ਸ਼ਿਵ ਸੈਨਾ ਜੋ ਭਾਜਪਾ ਦੀ ਸਭ ਤੋਂ ਪੁਰਾਣੀ ਸਹਿਯੋਗੀ ਰਹੀ ਸੀ, ਦੋਫਾੜ ਹੋ ਗਈ ਅਤੇ ਇਸ ਦਾ ਏਕਨਾਥ ਸ਼ਿੰਦੇ ਦੀ ਅਗਵਾਈ ਵਾਲਾ ਧੜਾ ਭਾਜਪਾ ਨਾਲ ਆ ਗਿਆ ਹੈ। ਪਾਰਟੀ ਦੇ ਬਾਨੀ ਬਾਲਾਸਾਹਿਬ ਠਾਕਰੇ ਦੇ ਪੁੱਤਰ ਊਧਵ ਠਾਕਰੇ ਜੋ ਮਹਾਰਾਸ਼ਟਰ ਵਿਚ ਮਹਾ ਵਿਕਾਸ ਅਗਾੜੀ ਸਰਕਾਰ ਦੀ ਅਗਵਾਈ ਵੀ ਕਰਦੇ ਰਹੇ ਹਨ, ਦੀ ਅਗਵਾਈ ਵਾਲੀ ਸ਼ਿਵ ਸੈਨਾ ਨੇ ਭਾਜਪਾ ਨਾਲੋਂ ਆਪਣੇ ਸਾਰੇ ਸੰਬੰਧ ਤੋੜ ਲਏ ਹਨ ਅਤੇ ਇਹ ਵਿਰੋਧੀ ਧਿਰ ਦੇ ਮੁਹਾਜ਼ ਵਿਚ ਸ਼ਾਮਲ ਹੈ। ਭਾਜਪਾ ਦੇ ਜੋੜ ਤੋੜ ਨੂੰ ਊਧਵ ਮਾਤ ਨਹੀਂ ਦੇ ਸਕੇ। ਇਸੇ ਤਰ੍ਹਾਂ 2020 ਵਿਚ ਸ਼੍ਰੋਮਣੀ ਅਕਾਲੀ ਦਲ ਐੱਨ.ਡੀ.ਏ. 'ਚੋਂ ਬਾਹਰ ਹੋ ਗਿਆ ਸੀ ਜਦਕਿ ਜਨਤਾ ਦਲ (ਯੂ) ਪਿਛਲੇ ਸਾਲ ਬਿਹਾਰ ਵਿਚ ਮਹਾਗਠਬੰਧਨ ਵਿਚ ਵਾਪਸ ਆ ਗਿਆ ਸੀ।

ਮਹਾਰਾਸ਼ਟਰ ਵਿਚ ਝਟਕਾ ਉਦੋਂ ਲੱਗਿਆ ਜਦੋਂ ਸ਼ਰਦ ਪਵਾਰ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਵਿਚ ਫੁੱਟ ਪੈ ਗਈ। ਬਗ਼ਾਵਤ ਕਰਨ ਵਾਲਾ ਵੀ ਹੋਰ ਕੋਈ ਨਹੀਂ ਸੀ ਸਗੋਂ ਪਵਾਰ ਦਾ ਭਤੀਜਾ ਅਜੀਤ ਪਵਾਰ ਸੀ ਜੋ ਐੱਨ.ਡੀ.ਏ. ਵਿਚ ਸ਼ਾਮਲ ਹੋ ਗਿਆ ਹੈ। ਨਵੀਂ ਦਿੱਲੀ ਵਿਚ ਐੱਨ.ਡੀ.ਏ. ਦੇ ਸ਼ੋਅ ਦੌਰਾਨ ਭਾਜਪਾ ਚਿਰਾਗ ਪਾਸਵਾਨ ਨੂੰ ਲਿਆਉਣ ਵਿਚ ਕਾਮਯਾਬ ਹੋਈ। ਹਾਲਾਂਕਿ ਤੇਲਗੂ ਦੇਸਮ ਪਾਰਟੀ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ ਪਰ ਇਸ ਗੱਲ ਦੇ ਆਸਾਰ ਹਨ ਕਿ ਉਹ ਵੀ ਐੱਨ.ਡੀ.ਏ. ਵਿਚ ਵਾਪਸ ਆ ਸਕਦੇ ਹਨ।

ਐੱਨ.ਡੀ.ਏ. ਦੀ ਮੀਟਿੰਗ ਦਾ ਕੇਂਦਰ ਬਿੰਦੂ ਮੋਦੀ ਹੀ ਬਣੇ ਹੋਏ ਸਨ ਤੇ ਸਾਰੇ ਆਗੂ ਉਨ੍ਹਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣ ਵਿਚ ਲੱਗੇ ਹੋਏ ਸਨ। ਆਪਣੇ ਲੰਮੇ ਭਾਸ਼ਣ ਵਿਚ ਮੋਦੀ ਨੇ ਉਨ੍ਹਾਂ ਆਗੂਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਿਨ੍ਹਾਂ ਦੀ ਮੀਟਿੰਗ ਕੁਝ ਸਮਾਂ ਪਹਿਲਾਂ ਖਤਮ ਹੋਈ ਸੀ। ਨਵੀਂ ਦਿੱਲੀ ਤੋਂ ਕਰੀਬ ਦੋ ਹਜ਼ਾਰ ਕਿਲੋਮੀਟਰ ਦੂਰ ਬੰਗਲੁਰੂ ਵਿਖੇ ਵਿਰੋਧੀ ਧਿਰ ਦੀਆਂ ਪਾਰਟੀਆਂ ਦੀ ਇਕੱਤਰਤਾ ਹੋਈ ਜਿਸ ਵਿਚ ਲੰਮਾ ਸਮਾਂ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਜਿਵੇਂ ਡੀਐੱਮਕੇ, ਰਾਸ਼ਟਰੀ ਜਨਤਾ ਦਲ ਅਤੇ ਝਾਰਖੰਡ ਮੁਕਤੀ ਮੋਰਚਾ ਤੋਂ ਇਲਾਵਾ ਊਧਵ ਠਾਕਰੇ ਦੀ ਸ਼ਿਵ ਸੈਨਾ, ਆਮ ਆਦਮੀ ਪਾਰਟੀ, ਜਨਤਾ ਦਲ (ਯੂ), ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ, ਰਾਸ਼ਟਰੀ ਲੋਕ ਦਲ ਆਦਿ ਸ਼ਾਮਲ ਹੋਏ। ਪਟਨਾ ਵਿਚ 23 ਜੂਨ ਦੀ ਪਹਿਲੀ ਇਕੱਤਰਤਾ ਤੋਂ ਬਾਅਦ ਇਸ ਦੀ ਵਿਉਂਤਬੰਦੀ ਕੀਤੀ ਗਈ। ਜਾਪਦਾ ਹੈ ਕਿ 26 ਪਾਰਟੀਆਂ ਦੀ ਇਕੱਤਰਤਾ ਨੂੰ ਦੇਖ ਕੇ ਐੱਨ.ਡੀ.ਏ. ਨੂੰ ਸੁਰਜੀਤ ਕਰਨ ਦਾ ਯਕਦਮ ਖਿਆਲ ਆਇਆ ਹੈ।

ਪਟਨਾ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਬੰਗਲੁਰੂ ਵਿਚ ਕੁਝ ਕਦਮ ਹੋਰ ਪੇਸ਼ਕਦਮੀ ਕੀਤੀ ਹੈ। ਸਭ ਤੋਂ ਅਹਿਮ ਕੰਮ ਇਸ ਕੁਲੀਸ਼ਨ ਦੇ ਨਾਮਕਰਨ 'ਇੰਡੀਆ' (ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ) ਦੇ ਰੂਪ ਵਿਚ ਹੋਇਆ ਹੈ। ਜੇ ਵਿਰੋਧੀ ਧਿਰ ਨੇ ਭਾਜਪਾ ਦਾ ਭਰੋਸੇਮੰਦ ਬਦਲ ਬਣਨਾ ਹੈ ਤਾਂ ਹੁਣ ਤੋਂ ਲੈ ਕੇ 2024 ਤੱਕ ਇਸ ਨੂੰ ਆਪਣੇ ਕਾਰਜ ਅੰਜਾਮ ਦੇਣੇ ਪੈਣਗੇ। ਜਿੱਥੋਂ ਤੱਕ ਭਾਜਪਾ ਦਾ ਸਵਾਲ ਹੈ, ਇਸ ਦੇ ਸਾਹਮਣੇ ਬੁਨਿਆਦੀ ਸਵਾਲ ਇਹ ਰਹੇਗਾ ਕਿ ਜੇ ਚੋਣ ਪ੍ਰਚਾਰ ਦਾ ਧੁਰਾ ਮੋਦੀ ਨੇ ਹੀ ਬਣਨਾ ਹੈ ਜਿਵੇਂ ਆਸ ਹੈ ਕਿ ਉਹੀ ਬਣਨਗੇ, ਤਾਂ ਫਿਰ ਐੱਨ.ਡੀ.ਏ. ਨੂੰ ਸੁਰਜੀਤ ਕਰਨ ਦੀ ਕੀ ਮਜਬੂਰੀ ਹੈ?

# ਜਿਮਨਾਟਿਕਸ ਦੀ ਆਲਮੀ ਮਲਕਾ ਨਾਦੀਆ ਕੋਮੈਂਸੀ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪ੍ਰਫੈਕਟ 10 ਸਕੋਰ ਵਾਲੀ ਨਾਦੀਆ ਕੋਮੈਂਸੀ ਜਿਮਨਾਟਿਕਸ ਦੀ ਮਲਕਾ ਹੈ। ਮਸਾਂ ਪੈਰ ਟਿਕਾਉਣ ਜੋਗੇ ਬੈਲੇਂਸ ਬੀਮ ਅਤੇ ਅਨਈਵਨ ਬਾਰਾਂ 'ਤੇ ਲੰਗੂਰਾਂ ਵਾਂਗ ਲਾਈਆਂ ਉਹਦੀਆਂ ਉੱਚੀਆਂ ਨੀਵੀਆਂ ਤੇ ਸਿੱਧੀਆਂ ਪੁੱਠੀਆਂ ਦੂਹਰੀਆਂ ਤੀਹਰੀਆਂ ਛਾਲਾਂ ਨੇ ਦੁਨੀਆਂ ਦੰਗ ਕਰ ਦਿੱਤੀ ਸੀ। ਐਨੀ ਅਡੋਲਤਾ, ਐਨਾ ਸੰਤੁਲਨ, ਐਨੀ ਪ੍ਰਪੱਕਤਾ, ਜਿਵੇਂ ਰੋਬੋਟ ਹੋਵੇ! ਵਿਸ਼ਵ ਦੀ ਉਹ ਪਹਿਲੀ ਜਿਮਨਾਸਟ ਹੈ ਜੀਹਨੇ ਮੌਂਟਰੀਅਲ-1976 ਦੀਆਂ ਓਲੰਪਿਕ ਖੇਡਾਂ 'ਚ ਸੱਤ ਵਾਰ ਪ੍ਰਫੈਕਟ 10 ਅੰਕ ਪ੍ਰਾਪਤ ਕੀਤੇ। ਜਿਮਨਾਸਟਿਕਸ ਦੇ ਮੁਕਾਬਲਿਆਂ ਵਿਚ ਦਸ ਬਟਾ ਦਸ ਅੰਕ ਹਾਸਲ ਕਰਨਾ ਕਿਸੇ ਹੱਡ ਮਾਸ ਦੇ ਜੁੱਸੇ ਦਾ ਦੈਵੀ ਕ੍ਰਿਸ਼ਮਾ ਹੀ ਕਿਹਾ ਜਾ ਸਕਦੈ। ਇਸ ਕ੍ਰਿਸ਼ਮੇ ਨਾਲ ਉਹ ਬਾਲੜੀ ਕੁੜੀ ਏਨੀ ਪ੍ਰਸਿੱਧ ਹੋ ਗਈ ਕਿ ਸਟੇਡੀਅਮ ਵਿਚਲੀਆਂ ਹਜ਼ਾਰਾਂ ਨਜ਼ਰਾਂ ਤੇ ਟੀਵੀ ਵੇਖਦੀਆਂ ਕਰੋੜਾਂ ਅੱਖਾਂ ਉਹਦੇ 'ਤੇ ਕੇਂਦਰਿਤ ਹੋ ਗਈਆਂ! ਵਿਸ਼ਵ ਦੇ ਲੱਖਾਂ ਕਰੋੜਾਂ ਲੋਕ ਉਹਦੇ ਦੀਵਾਨੇ ਮਸਤਾਨੇ ਹੋ ਗਏ। ਉਸ ਨੂੰ ਵਿਸ਼ਵ ਦੀ ਸਰਬੋਤਮ ਖਿਡਾਰਨ ਐਲਾਨਿਆ ਗਿਆ। ਉਹਦਾ ਨਾਂ ਇੰਟਰਨੈਸ਼ਨਲ ਹਾਲ ਆਫ਼ ਫੇਮ ਵਿਚ ਸੁਸ਼ੋਭਿਤ ਕੀਤਾ ਗਿਆ।

ਪ੍ਰਸਿੱਧ ਮੈਗਜ਼ੀਨ ਟਾਈਮ, ਨਿਊਜ਼ਵੀਕ ਤੇ ਸਪੋਰਟਸ ਇਲੱਸਟ੍ਰੇਟਿਡ ਦੇ ਟਾਈਟਲਾਂ 'ਤੇ ਉਹਦੀਆਂ ਰੰਗੀਨ ਤਸਵੀਰਾਂ ਛਾਪੀਆਂ ਗਈਆਂ। ਓਲੰਪਿਕ ਖੇਡਾਂ ਦੇ 80 ਸਾਲਾ ਇਤਿਹਾਸ ਵਿਚ ਅਜਿਹਾ ਕ੍ਰਿਸ਼ਮਾ ਪਹਿਲੀ ਵਾਰ ਹੋਇਆ ਸੀ। ਉਦੋਂ ਸਕੂਲੇ ਪੜ੍ਹਦੀ ਨਾਦੀਆ ਦੀ ਉਮਰ ਕੇਵਲ 14 ਸਾਲ, ਵਜ਼ਨ ਸਿਰਫ 84 ਪੌਂਡ ਤੇ ਕੱਦ 4 ਫੁੱਟ 11 ਇੰਚ ਸੀ। ਵੇਖਣ ਨੂੰ ਬੇਬੀ ਲੱਗਦੀ ਸੀ ਜਿਸ ਦੀ ਨਿੱਕੀ ਗੁੱਤ ਦੁਆਲੇ ਰੰਗਦਾਰ ਧਾਰੀਆਂ ਵਾਲਾ ਰਿਬਨ ਚਾੜ੍ਹਿਆ ਹੋਇਆ ਸੀ। ਉਹ ਰਬੜ ਦੇ ਖਿਡੌਣੇ ਵਰਗੀ ਗੁੱਡੀ ਜਾਪ ਰਹੀ ਸੀ। ਉਥੇ ਉਸ ਨੇ ਇਕਾ-ਦੁੱਕਾ ਨਹੀਂ ਬਲਕਿ 5 ਓਲੰਪਿਕ ਮੈਡਲ ਜਿੱਤੇ। ਉਨ੍ਹਾਂ 'ਚ 3 ਸੋਨੇ, 1 ਚਾਂਦੀ ਤੇ 1 ਕਾਂਸੀ ਦਾ ਤਗ਼ਮਾ ਸੀ। ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਨਾਦੀਆ ਕੋਮੈਂਸੀ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ। ਰੋਮਾਨੀਆ ਪਰਤਣ 'ਤੇ ਉਸ ਦਾ ਸ਼ਾਹੀ ਸਵਾਗਤ ਹੋਇਆ। ਉਹਦਾ ਨਾਂ ਹਰ ਸ਼ਖ਼ਸ ਦੀ ਜ਼ਬਾਨ 'ਤੇ ਚੜ੍ਹ ਗਿਆ।

1980 ਦੀ ਮਾਸਕੋ ਓਲੰਪਿਕਸ ਵਿਚੋਂ ਉਸ ਨੇ 2 ਗੋਲਡ ਤੇ 2 ਸਿਲਵਰ ਮੈਡਲ ਹੋਰ ਜਿੱਤ ਕੇ ਆਪਣੇ ਨਾਮ 9 ਓਲੰਪਿਕ ਮੈਡਲ ਕਰ ਲਏ ਜੋ 18 ਸਾਲ ਦੀ ਉਮਰੇ ਬੇਜੋੜ ਪ੍ਰਾਪਤੀ ਸੀ। 4 ਮੈਡਲ ਵਿਸ਼ਵ ਜਿਮਨਾਸਟਿਕਸ ਚੈਂਪੀਅਨਸ਼ਿਪਾਂ 'ਚੋਂ ਜਿੱਤੇ। ਉਸ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਗੋਲਡ ਮੈਡਲਾਂ ਦੀ ਗਿਣਤੀ 131 ਹੈ। ਉਸ ਦੀ ਜਿਮਨਾਸਟਿਕਸ ਕਲਾ ਨੇ ਏਨਾ ਪ੍ਰਭਾਵ ਪਾਇਆ ਕਿ ਜਿਮਨਾਸਟਿਕਸ ਕਰਨ ਵਾਲਿਆਂ ਦੀ ਗਿਣਤੀ ਸੈਂਕੜੇ ਹਜ਼ਾਰਾਂ ਤੋਂ ਵਧ ਕੇ ਲੱਖਾਂ ਤਕ ਪਹੁੰਚ ਗਈ। 'ਕੱਲੇ ਅਮਰੀਕਾ ਵਿਚ ਹੀ ਜਿੱਥੇ 15000 ਜਿਮਨਾਸਟ ਸਨ, ਦੋ ਸਾਲਾਂ 'ਚ ਵਧ ਕੇ 150000 ਹੋ ਗਏ।

ਨਾਦੀਆ ਕੋਮੈਂਸੀ ਦਾ ਜਨਮ 12 ਨਵੰਬਰ, 1962 ਨੂੰ ਓਨੈਸਟੀ, ਕਾਰਪੈਥੀਅਨ ਮਾਊਂਟੇਨਜ਼, ਬਾਕੂ ਕਾਊਂਟੀ, ਰੁਮਾਨੀਆ ਵਿਚ ਹੋਇਆ ਸੀ। ਉਹ ਘਿਓਰਗੇ ਤੇ ਸਟੈਫਨੀਆ ਕੋਮੈਂਸੀ ਜੋੜੇ ਦੇ ਘਰ ਜੰਮੀ ਸੀ। ਉਸ ਦਾ ਇਕ ਛੋਟਾ ਭਰਾ ਸੀ। 1970ਵਿਆਂ ਵਿਚ ਉਨ੍ਹਾਂ ਦੇ ਮਾਪੇ ਅੱਡ ਹੋ ਗਏ ਸਨ। ਉਨ੍ਹਾਂ ਦਾ ਪਿਤਾ, ਪਤਨੀ ਤੇ ਬੱਚਿਆਂ ਨੂੰ ਛੱਡ ਕੇ ਬੁਖਾਰੈਸਟ ਚਲਾ ਗਿਆ ਸੀ। ਬੱਚੇ ਰੁਮਾਨੀਅਨ ਆਰਥੋਡੌਕਸ ਚਰਚ ਦੀ ਸੰਭਾਲ ਵਿਚ ਵੱਡੇ ਹੋਏ। 2011 'ਚ ਹੋਈ ਇੰਟਰਵਿਊ 'ਚ ਨਾਦੀਆ ਦੀ ਮਾਂ ਨੇ ਦੱਸਿਆ ਸੀ ਕਿ ਉਸ ਨੇ ਨਾਦੀਆ ਨੂੰ ਨਿੱਕੀ ਹੁੰਦਿਆਂ ਹੀ ਜਿਮਨਾਸਟਿਕਸ ਦੇ ਸਕੂਲ ਵਿਚ ਦਾਖਲ ਕਰਵਾ ਦਿੱਤਾ ਸੀ। ਉਹ ਨੱਚਣ ਟੱਪਣ ਤੇ ਛਾਲਾਂ ਟਪੂਸੀਆਂ ਮਾਰਨ ਵਾਲੀ ਬੱਚੀ ਸੀ ਜਿਸ ਨੂੰ ਕਾਬੂ ਕਰਨਾ ਮੁਸ਼ਕਲ ਸੀ। ਜਦ ਉਹ ਛੇ ਸਾਲਾਂ ਦੀ ਹੋਈ ਤਾਂ ਜਿਮਨਾਟਿਕਸ ਦੇ ਪ੍ਰਸਿੱਧ ਕੋਚ ਬੇਲਾ ਕਰੋਲੇਈ ਦੀ ਨਜ਼ਰੇ ਚੜ੍ਹ ਗਈ। ਉਹ ਅਜਿਹੇ ਬੱਚਿਆਂ ਦੀ ਭਾਲ ਵਿਚ ਸੀ ਜਿਨ੍ਹਾਂ ਨੂੰ ਬਚਪਨ ਤੋਂ ਆਪਣੇ ਜਿਮਨਾਸਟਿਕਸ ਸਕੂਲ ਵਿਚ ਸਿਖਲਾਈ ਦੇ ਕੇ ਕੌਮਾਂਤਰੀ ਪੱਧਰ ਦੇ ਜਿਮਨਾਸਟ ਬਣਾਇਆ ਜਾ ਸਕੇ। ਨਾਦੀਆ ਦੀਆਂ ਛਾਲਾਂ ਟਪੂਸੀਆਂ ਕਰੋਲੇਈ ਨੂੰ ਜਚ ਗਈਆਂ ਤੇ ਉਸ ਨੇ ਨਾਦੀਆ ਨੂੰ ਕੋਚਿੰਗ ਦੇਣੀ ਸ਼ੁਰੂ ਕਰ ਲਈ। ਬੇਲਾ ਤੇ ਉਹਦੀ ਪਤਨੀ ਮਾਰਤਾ ਰਲ ਕੇ ਓਨੈਸਟੀ 'ਚ ਜਿਮਨਾਸਟਿਕਸ ਸਕੂਲ ਚਲਾਉਂਦੇ ਸਨ। ਦੂਰ ਦੁਰਾਡੇ ਦੇ ਸਿਖਿਆਰਥੀ ਤਾਂ ਹੋਸਟਲ ਵਿਚ ਰਹਿੰਦੇ ਜਦਕਿ ਨਾਦੀਆ ਨੂੰ ਓਨੈਸਟੀ ਵਿਚ ਹੀ ਆਪਣੀ ਮਾਂ ਕੋਲ ਰਹਿਣ ਦੀ ਖੁੱਲ੍ਹ ਦੇ ਦਿੱਤੀ ਗਈ ਸੀ। ਨਾਦੀਆ ਉਸ ਸਕੂਲ ਦੇ ਮੁਢਲੇ ਸਿਖਿਆਰਥੀਆਂ 'ਚੋਂ ਸੀ।



1970 ਵਿਚ ਉਹ ਓਨੈਸਟੀ ਦੀ ਜਿਮਨਾਸਟਿਕਸ ਟੀਮ ਵਿਚ ਚੁਣੀ ਗਈ ਤੇ ਰੁਮਾਨੀਆ ਨੈਸ਼ਨਲ ਦਾ ਖ਼ਿਤਾਬ ਜਿੱਤਣ ਵਾਲੀ ਸਭ ਤੋਂ ਛੋਟੀ ਜਿਮਨਾਸਟ ਬਣ ਗਈ। 1971 ਵਿਚ ਉਸ ਨੇ ਪਹਿਲੇ ਅੰਤਰਰਾਸ਼ਟਰੀ ਮੁਕਾਬਲੇ ਵਿਚ ਭਾਗ ਲਿਆ ਜੋ ਰੁਮਾਨੀਆ ਤੇ ਯੂਗੋਸਲਾਵੀਆ ਵਿਚਕਾਰ ਹੋਇਆ। ਉਥੇ ਉਸ ਨੇ ਆਪਣੀ ਟੀਮ ਲਈ ਗੋਲਡ ਮੈਡਲ ਤੇ ਆਲਰਾਊਂਡ ਟਾਈਟਲ ਜਿੱਤਿਆ। ਫੇਰ ਕੀ ਸੀ ਉਹ ਹੰਗਰੀ, ਇਟਲੀ ਤੇ ਪੋਲੈਂਡ ਨਾਲ ਰੁਮਾਨੀਆ ਦੀਆਂ ਦੁਵੱਲੀਆਂ ਮੀਟਾਂ 'ਚੋਂ ਤਗ਼ਮੇ ਜਿੱਤਣ ਲੱਗੀ। 11 ਸਾਲ ਦੀ ਉਮਰ ਵਿਚ ਉਹ ਪਹਿਲੀ ਵਾਰ ਅੰਤਰਰਾਸ਼ਟਰੀ ਜੂਨੀਅਰ ਫਰੈਂਡਸ਼ਿਪ ਟੂਰਨਾਮੈਂਟ ਡਰੁਜ਼ਬਾ ਵਿਚ ਸ਼ਾਮਲ ਹੋਈ ਜਿਥੇ ਟੀਮ ਲਈ ਗੋਲਡ ਮੈਡਲ ਤੇ ਆਪਣੇ ਲਈ ਆਲਰਾਊਂਡ ਦਾ ਟਾਈਟਲ ਜਿੱਤਿਆ।

ਉਹ 13 ਸਾਲਾਂ ਦੀ ਹੋਈ ਤਾਂ ਨਾਰਵੇ ਦੀ ਯੂਰਪੀਨ ਵੋਮਿਨ ਆਰਟਿਸਟਿਕ ਚੈਂਪੀਅਨਸ਼ਿਪ 'ਚੋਂ ਆਲਰਾਊਂਡ ਗੋਲਡ ਮੈਡਲ ਤੇ ਫਲੋਰ ਐਕਸਰ ਸਾਈਜ਼ 'ਚੋਂ ਸਿਲਵਰ ਮੈਡਲ ਜਿੱਤੇ। ਰੁਮਾਨੀਅਨ ਨੈਸ਼ਨਲ ਚੈਂਪੀਅਨਸ਼ਿਪਸ ਵਿਚ ਤਾਂ ਉਸ ਨੇ ਮੈਡਲਾਂ ਨੂੰ ਹੂੰਝਾ ਹੀ ਫੇਰ ਦਿੱਤਾ। ਮੌਂਟਰੀਅਲ ਓਲੰਪਿਕ ਖੇਡਾਂ ਤੋਂ ਚਾਰ ਮਹੀਨੇ ਪਹਿਲਾਂ ਅਮਰੀਕਨ ਕੱਪ ਦਾ ਮੁਕਾਬਲਾ ਆ ਗਿਆ ਜੋ ਮੈਨਹਟਨ ਦੇ ਮੈਡੀਸਨ ਸੁਕੇਅਰ ਗਾਰਡਨ ਵਿਚ ਸੀ। ਉਦੋਂ ਉਸ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਕਿਸੇ ਦਿਨ ਉਹ ਅਮਰੀਕਨ ਸਿਟੀਜ਼ਨ ਬਣ ਜਾਵੇਗੀ। ਉਥੇ ਉਸ ਨੇ ਮੈਡਲ ਜਿੱਤਣ ਨਾਲ ਅਮਰੀਕਾ ਦੇ ਇਕ ਨੌਜਵਾਨ ਜਿਮਨਾਸਟ ਬਾਰਟ ਕੋਨਰ ਦਾ ਦਿਲ ਵੀ ਜਿੱਤ ਲਿਆ। ਨਾਦੀਆ ਚੌਦਾਂ ਸਾਲਾਂ ਦੀ ਸੀ, ਬਾਰਟ ਕੋਨਰ 18 ਸਾਲਾਂ ਦਾ। ਇਹ ਅਜਨਬੀ ਮੇਲ ਸੀ ਜੋ ਕੰਪੀਟੀਸ਼ਨ ਦੌਰਾਨ ਹੋਇਆ। ਦੋਹਾਂ ਨੇ ਸਿਲਵਰ ਕੱਪ ਜਿੱਤਿਆ ਜਿਸ ਕਰਕੇ ਦੋਹਾਂ ਦੀ 'ਕੱਠੀ ਫੋਟੋ ਖਿੱਚੀ ਗਈ। ਉਦੋਂ ਵਿਆਹ ਦੀ ਗੱਲ ਤਾਂ ਕੋਈ ਸੋਚ ਵੀ ਨਹੀਂ ਸਕਦਾ ਕਿਉਂਕਿ ਰੁਮਾਨੀਆ ਸਮਾਜਵਾਦੀ ਮੁਲਕ ਸੀ ਤੇ ਅਮਰੀਕਾ ਸਾਮਰਾਜੀ। ਉਨ੍ਹੀਂ ਦਿਨੀਂ ਦੋਹਾਂ ਵਿਚਕਾਰ ਠੰਢੀ ਜੰਗ ਚੱਲ ਰਹੀ ਸੀ।

ਉਤੋਂ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਆ ਗਈਆਂ। ਬਾਰਟ ਕੋਨਰ ਅਮਰੀਕਾ ਦੀ ਟੀਮ ਵੱਲੋਂ ਮੌਂਟਰੀਅਲ ਗਿਆ ਤੇ ਨਾਦੀਆ ਕੁਮੈਂਸੀ ਰੁਮਾਨੀਆ ਵੱਲੋਂ। ਨਵੇਂ ਹੋਣ ਕਾਰਨ ਦੋਹਾਂ ਤੋਂ ਕੋਈ ਵੱਡੀਆਂ ਆਸਾਂ ਨਹੀਂ ਸਨ। ਔਰਤਾਂ ਦੀ ਜਿਮਨਾਸਟਿਕਸ ਵਿਚ ਸੋਵੀਅਤ ਰੂਸ ਦੀ ਓਲਗਾ ਕੋਰਬਤ ਤੇ ਨੈਲੀ ਕਿਮ ਦੀ ਬੱਲੇ ਬੱਲੇ ਸੀ। ਓਲਗਾ ਨੇ ਚਾਰ ਸਾਲ ਪਹਿਲਾਂ ਮਿਊਨਿਖ ਦੀਆਂ ਓਲੰਪਿਕ ਖੇਡਾਂ ਵਿਚ ਧੰਨ ਧੰਨ ਕਰਾ ਦਿੱਤੀ ਸੀ। ਉਂਜ ਵੀ ਉਸ ਨੂੰ ਮੀਡੀਏ ਨਾਲ ਨਿਝੱਕ ਗੱਲਾਂ ਬਾਤਾਂ ਕਰਨੀਆਂ ਆਉਂਦੀਆਂ ਸਨ ਤੇ ਹਰ ਥਾਂ ਮੁਸਕਰਾਹਟਾਂ ਵੰਡਦੀ ਫਿਰਦੀ ਸੀ। ਨਾਦੀਆ ਅਜੇ ਸੰਗਾਊ ਸੀ। ਚੌਦਾਂ ਸਾਲਾਂ ਦੀ ਹੋ ਕੇ ਵੀ ਬਾਰਾਂ ਸਾਲ ਦੀ ਬਾਲੜੀ ਲੱਗ ਰਹੀ ਸੀ। ਜਿਮਨਾਸਟਿਕਸ ਹਾਲ ਵਿਚ ਵਧੇਰੇ ਜ਼ਿਕਰ ਓਲਗਾ ਤੇ ਨੈਲੀ ਦਾ ਸੀ।

ਪਰ ਜਦੋਂ ਜਿਮਨਾਟਿਕਸ ਦੇ ਮੁਕਾਬਲੇ ਸ਼ੁਰੂ ਹੋਏ ਤਾਂ ਨਾਦੀਆ ਕੁਮੈਂਸੀ ਦੇ ਵਾਰ ਵਾਰ ਪ੍ਰਫੈਕਟ 10 ਸਕੋਰ ਨੇ ਕੁਲ ਦੁਨੀਆ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਉਸ ਨੇ ਅਨਈਵਨ ਬਾਰਜ਼ ਦੇ ਈਵੈਂਟ ਵਿਚ ਸੱਤਾਂ 'ਚੋਂ ਚਾਰ ਪ੍ਰਫੈਕਟ 10 ਸਕੋਰ ਹਾਸਲ ਕੀਤੇ। 23 ਸਕਿੰਟਾਂ ਦੇ ਵਕਫ਼ੇ ਵਿਚ ਓਲੰਪਿਕ ਖੇਡਾਂ ਦਾ ਰੰਗ ਰੂਪ ਹੀ ਬਦਲ ਗਿਆ। ਜਿਮਨਾਸਟਿਕਸ ਹਾਲ ਦੀਆਂ ਟਿਕਟਾਂ ਲੈਣ ਲਈ ਦਰਸ਼ਕਾਂ ਦਾ ਧੱਕਾ ਪੈਣ ਲੱਗਾ। ਨਾਦੀਆ ਦੇ ਦਰਸ਼ਨ ਦੁਰਲੱਭ ਹੋਣ ਲੱਗੇ। ਬੈਲੇਂਸ ਬੀਮ ਉਤੇ ਸਿੱਧੀਆਂ ਪੁੱਠੀਆਂ ਛਾਲਾਂ ਲਾਉਣ ਵਿਚ ਵੀ ਨਾਦੀਆ ਨੇ ਕਮਾਲ ਕਰ ਦਿੱਤੀ। ਉਸ ਵਿਚ ਉਸ ਦੇ ਤਿੰਨ ਵਾਰ ਪ੍ਰਫੈਕਟ 10 ਸਕੋਰ ਸਨ। 18 ਜੁਲਾਈ 1976 ਦਾ ਦਿਨ ਨਾਦੀਆ ਕੁਮੈਂਸੀ ਲਈ ਸੋਨ-ਰੰਗਾ ਹੋ ਨਿਬੜਿਆ। ਉਸ ਦੀ ਸੁਨਹਿਰੀ ਚਮਕ ਸਾਹਵੇਂ ਸੋਵੀਅਤ ਰੂਸ ਦੀ ਓਲਗਾ ਤੇ ਨੈਲੀ ਦੇ ਰੰਗ ਫਿੱਕੇ ਪੈ ਗਏ। ਉਸ ਨੇ ਪਹਿਲੇ ਦਿਨ ਅਨਈਵਨ ਬਾਰਜ਼, ਅਗਲੇ ਦਿਨ ਬੀਮ ਬੈਲੇਂਸ ਤੇ ਫਿਰ ਫਲੋਰ ਕਸਰਤਾਂ ਵਿਚ ਗੋਲਡ ਮੈਡਲ ਜਿੱਤੇ। ਨਾਲ ਇਕ ਸਿਲਵਰ ਤੇ ਇਕ ਬਰਾਂਜ਼ ਮੈਡਲ ਜਿੱਤਣ ਨਾਲ ਉਹ ਓਲੰਪਿਕ ਖੇਡਾਂ ਦੀ ਸਰਬੋਤਮ ਜਿਮਨਾਸਟ ਬਣ ਗਈ ਤੇ ਉਸ ਨੂੰ 'ਲਿਟਲ ਮਿਸ ਪ੍ਰਫੈਕਟ' ਕਿਹਾ ਜਾਣ ਲੱਗਾ।

ਨਾਦੀਆ ਰੁਮਾਨੀਆ ਦੀ ਪਹਿਲੀ ਜਿਮਨਾਸਟ ਹੈ ਜਿਸ ਨੇ 14 ਸਾਲ ਦੀ ਉਮਰੇ ਓਲੰਪਿਕ ਆਲਰਾਊਂਡ ਦਾ ਟਾਈਟਲ ਜਿੱਤਿਆ। ਰਿਕਾਰਡ ਟੁੱਟਦੇ ਰਹਿੰਦੇ ਹਨ ਪਰ ਇਹ ਰਿਕਾਰਡ ਕਦੇ ਨਹੀਂ ਟੁੱਟਣਾ ਕਿਉਂਕਿ ਮੌਂਟਰੀਅਲ ਦੀ ਓਲੰਪਿਕਸ ਪਿੱਛੋਂ ਜਿਮਨਾਸਟਾਂ ਲਈ ਓਲੰਪਿਕ ਖੇਡਾਂ 'ਚ ਭਾਗ ਲੈਣ ਦੀ ਘੱਟੋ-ਘੱਟ ਉਮਰ 16 ਸਾਲ ਕਰ ਦਿੱਤੀ ਗਈ ਹੈ। ਨਾਦੀਆ ਦੀ ਪ੍ਰਾਪਤੀ ਨੂੰ ਐਸੋਸੀਏਟਡ ਪ੍ਰੈੱਸ ਨੇ 'ਫੀਮੇਲ ਆਫ਼ ਦਾ ਯੀਅਰ' ਤੇ ਬੀਬੀਸੀ ਨੇ 'ਓਵਰਸੀਜ਼ ਸਪੋਰਟਸ ਪਰਸਨੈਲਟੀ ਆਫ਼ ਦਾ ਯੀਅਰ' ਕਹਿ ਕੇ ਵਡਿਆਇਆ। ਰੁਮਾਨੀਆ ਨੇ ਉਸ ਨੂੰ 'ਦਾਤੀ ਹਥੌੜੇ' ਦੇ ਗੋਲਡ ਮੈਡਲ ਅਤੇ 'ਹੀਰੋ ਆਫ਼ ਸੋਸ਼ਲਿਸਟ ਲੇਬਰ' ਦੇ ਕੌਮੀ ਐਵਾਰਡਾਂ ਨਾਲ ਸਨਮਾਨਿਆ। ਉਸ ਦੀਆਂ ਪ੍ਰਾਪਤੀਆਂ ਨੂੰ ਗਾਣਿਆਂ ਤੇ ਫਿਲਮਾਂ ਰਾਹੀਂ ਗਾਇਆ ਤੇ ਵਿਖਾਇਆ ਜਾਣ ਲੱਗਾ।

1977 ਵਿਚ ਨਾਦੀਆ ਨੇ ਯੂਰਪੀਨ ਚੈਂਪੀਅਨਸ਼ਿਪ ਦਾ ਆਲਰਾਊਂਡ ਟਾਈਟਲ ਦੁਬਾਰਾ ਜਿੱਤਿਆ। ਫਿਰ ਉਹ ਬੁਖਰੈਸਟ ਦੇ ਸਪੋਰਟਸ ਕੰਪਲੈਕਸ ਵਿਚ ਸਿਖਲਾਈ ਲੈਣ ਲੱਗੀ। ਉਥੇ ਉਸ ਦਾ ਕੱਦ ਵੀ ਵਧਿਆ ਤੇ ਭਾਰ ਵੀ। ਭਾਰ ਨਾਲ ਪ੍ਰਫਾਰਮੈਂਸ ਮਾਂਦੀ ਪੈ ਗਈ। ਉਹ ਉਦਾਸ ਰਹਿਣ ਲੱਗੀ ਤੇ ਇਕ ਸਮੇਂ ਖ਼ੁਦਕੁਸ਼ੀ ਕਰਨ ਦਾ ਕਦਮ ਵੀ ਚੁੱਕਿਆ ਪਰ ਬਚ ਗਈ। 1978 ਵਿਚ ਉਸ ਨੇ ਵਿਸ਼ਵ ਚੈਂਪੀਅਨਸ਼ਿਪ ਵਿਚ ਭਾਗ ਲਿਆ। ਤਦ ਤਕ ਉਹਦਾ ਕੱਦ 7 ਇੰਚ ਹੋਰ ਉੱਚਾ ਹੋ ਗਿਆ ਸੀ ਤੇ ਭਾਰ ਵੀ 21 ਪੌਂਡ ਵਧ ਗਿਆ ਸੀ। ਉਹ ਅਨਈਵਨ ਬਾਰ ਤੋਂ ਇਕ ਵਾਰ ਡਿੱਗ ਵੀ ਪਈ ਜਿਸ ਕਰਕੇ ਚੌਥੇ ਸਥਾਨ 'ਤੇ ਆ ਸਕੀ ਪਰ ਬੀਮ ਦਾ ਗੋਲਡ ਤੇ ਵਾਲਟ ਦਾ ਸਿਲਵਰ ਮੈਡਲ ਜਿੱਤ ਗਈ।

1980 ਦੀਆਂ ਮਾਸਕੋ ਓਲੰਪਿਕ ਖੇਡਾਂ ਵਿਚ ਅਮਰੀਕਾ ਗੁੱਟ ਦੇ ਦੇਸ਼ਾਂ ਨੇ ਬਾਈਕਾਟ ਕਰ ਦਿੱਤਾ ਸੀ। ਉਥੇ ਨਾਦੀਆ ਨੇ ਬੈਲੇਂਸ ਬੀਮ ਤੇ ਫਲੋਰ ਐਕਸਰਸਾਈਜ਼ ਵਿਚੋਂ ਦੋ ਗੋਲਡ ਮੈਡਲ, ਟੀਮ ਆਲਰਾਊਂਡ ਤੇ ਵਿਅਕਤੀਗਤ ਆਲਰਾਊਂਡ 'ਚੋਂ ਦੋ ਸਿਲਵਰ ਮੈਡਲ ਜਿੱਤੇ। 1981 ਵਿਚ ਨਾਦੀਆ ਆਪਣੇ ਕੋਚ ਬੇਲਾ ਤੇ ਮਾਰਤਾ ਕਰੋਲੇਈ ਦੀ ਅਗਵਾਈ ਵਿਚ ਦੁਬਾਰਾ ਅਮਰੀਕਾ ਦੇ ਟੂਰ 'ਤੇ ਗਈ। ਬੱਸ ਵਿਚ ਉਹਦਾ ਫਿਰ ਅਮਰੀਕਨ ਜਿਮਨਾਸਟ ਬਾਰਤ ਕੋਨਰ ਨਾਲ ਮੇਲ ਹੋਇਆ ਜੋ ਮੌਂਟਰੀਅਲ ਤੋਂ ਖਾਲੀ ਹੱਥ ਪਰਤਿਆ ਸੀ। ਟੂਰ ਦੇ ਅਖੀਰਲੇ ਦਿਨ ਕੋਚ ਜੋੜਾ ਅਮਰੀਕਾ ਵਿਚ ਹੀ ਪਨਾਹ ਲੈਣ ਲਈ ਖਿਸਕ ਗਿਆ। ਉਨ੍ਹਾਂ ਨੇ ਕਿਹਾ ਤਾਂ ਨਾਦੀਆ ਨੂੰ ਵੀ ਸੀ ਪਰ ਉਸ ਨੂੰ ਰੁਮਾਨੀਆ ਦਾ 'ਮਾਣ' ਹੋਣ ਕਾਰਨ ਵਾਪਸ ਮੁੜਨਾ ਪਿਆ।

1984 ਦੀਆਂ ਓਲੰਪਿਕ ਖੇਡਾਂ ਲਾਸ ਏਂਜਲਸ ਵਿਚ ਹੋਈਆਂ ਜਿਨ੍ਹਾਂ ਦਾ ਸੋਵੀਅਤ ਗੁੱਟ ਨੇ ਬਾਈਕਾਟ ਕੀਤਾ। ਰੁਮਾਨੀਆ ਨੇ ਇਸ ਸ਼ਰਤ 'ਤੇ ਆਪਣੀ ਟੀਮ ਭੇਜੀ ਕਿ ਅਮਰੀਕਾ 'ਚ ਕਿਸੇ ਖਿਡਾਰੀ ਨੂੰ ਪਨਾਹ ਨਹੀਂ ਦਿੱਤੀ ਜਾਵੇਗੀ। ਨਾਦੀਆ ਚਲੀ ਤਾਂ ਗਈ ਪਰ ਉਸ ਨੇ ਕਿਸੇ ਮੁਕਾਬਲੇ 'ਚ ਭਾਗ ਨਾ ਲਿਆ। ਉਥੇ ਉਹ ਓਬਜ਼ਰਵਰ ਬਣ ਗਈ। ਰੁਮਾਨੀਅਨ ਡੈਲੀਗੇਸ਼ਨ ਨੇ ਉਹਦੀ ਨਿਗਰਾਨੀ ਰੱਖੀ, ਕਿਤੇ ਖਿਸਕ ਨਾ ਜਾਵੇ। ਉਸ ਨੂੰ ਵਾਪਸ ਮੁੜਨਾ ਪਿਆ। 1984 ਵਿਚ ਹੀ ਉਸ ਨੇ ਜਿਮਨਾਸਟਿਕਸ ਦੇ ਸਰਗਰਮ ਮੁਕਾਬਲਿਆਂ ਤੋਂ ਬਾਕਾਇਦਾ ਰਿਟਾਇਰਮੈਂਟ ਲੈ ਲਈ।

27 ਨਵੰਬਰ 1989 ਦੀ ਇਕ ਰਾਤ ਨੂੰ ਉਹ ਰੁਮਾਨੀਅਨ ਗਰੁੱਪ ਨਾਲ ਪੈਦਲ ਰੁਮਾਨੀਆ-ਹੰਗਰੀ ਦਾ ਬਾਰਡਰ ਲੰਘੀ ਤੇ ਆਸਟਰੀਆ ਤੋਂ ਜਹਾਜ਼ ਚੜ੍ਹ ਕੇ ਅਮਰੀਕਾ ਪਹੁੰਚੀ। 1991 'ਚ ਉਹ ਓਕਲਹਾਮਾ ਰਹਿੰਦੇ ਆਪਣੇ ਪੁਰਾਣੇ ਪ੍ਰੇਮੀ ਓਲੰਪਿਕ ਚੈਂਪੀਅਨ ਬਾਰਤ ਕੋਨਰ ਨੂੰ ਜਾ ਮਿਲੀ। ਉਹ ਚਾਰ ਸਾਲ ਦੋਸਤਾਂ ਵਾਂਗ 'ਕੱਠੇ ਰਹੇ ਤੇ ਜਿਮਨਾਟਿਕਸ ਦੀ ਕੋਚਿੰਗ ਦਿੰਦੇ ਰਹੇ। ਅਖ਼ੀਰ ਮੰਗਣੀ ਕਰ ਲਈ। 1996 'ਚ ਓਕਲਹਾਮਾ ਤੋਂ ਬਰਾਤ ਚੜ੍ਹੀ ਜੋ ਬੁਖ਼ਾਰੈਸਟ ਪਹੁੰਚੀ। ਤਦ ਤਕ ਸੋਵੀਅਤ ਯੂਨੀਅਨ ਟੁੱਟ ਚੁੱਕੀ ਸੀ। ਰੁਮਾਨੀਆ ਬਦਲ ਚੁੱਕਾ ਸੀ ਉਨ੍ਹਾਂ ਦਾ ਵਿਆਹ ਟੈਲੀਵੀਜ਼ਨ ਤੋਂ ਸਾਰੇ ਰੁਮਾਨੀਆ ਨੂੰ ਵਿਖਾਇਆ ਗਿਆ। 2001 ਵਿਚ ਨਾਦੀਆ ਕੋਮੈਂਸੀ ਅਮਰੀਕਨ ਸਿਟੀਜ਼ਨ ਬਣ ਗਈ ਤੇ 2006 ਵਿਚ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ।

ਨਾਦੀਆ ਕੋਨਰ ਜੋੜਾ ਅਮਰੀਕਾ ਵਿਚ ਜਿਮਨਾਟਿਕਸ ਦੀ ਕੋਚਿੰਗ ਦਿੰਦਾ, ਓਲੰਪਿਕ ਖੇਡਾਂ ਦੀ ਕੁਮੈਂਟਰੀ ਕਰਦਾ, ਟੀਵੀ ਦੇ ਸ਼ੋਅ ਤੇ ਕਮੱਰਸ਼ਲ ਮਸ਼ਹੂਰੀਆਂ ਦੀ ਖੱਟੀ ਖਾਂਦਾ ਆ ਰਿਹਾ ਹੈ। ਉਨ੍ਹਾਂ ਨੇ ਏਥਨਜ਼ ਦੀਆਂ ਓਲੰਪਿਕ ਖੇਡਾਂ-2004, ਲੰਡਨ-2008, ਬੀਜਿੰਗ-2012 ਤੇ ਰੀਓ-2016 ਦੀਆਂ ਓਲੰਪਿਕ ਖੇਡਾਂ ਦੀ ਕੁਮੈਂਟਰੀ ਕੀਤੀ ਹੈ। ਨਾਦੀਆ ਨੂੰ ਵਿਸ਼ਵ ਪੱਧਰ ਤੇ ਅਨੇਕਾਂ ਮਾਣ ਸਨਮਾਨ ਮਿਲੇ ਹਨ ਜਿਨ੍ਹਾਂ ਵਿਚ ਓਲੰਪਿਕ ਆਰਡਰ ਵੀ ਸ਼ਾਮਲ ਹੈ। ਉਹ ਰੁਮਾਨੀਆ ਤੇ ਅਮਰੀਕਾ ਦੀ ਸਿਟੀਜ਼ਨ ਹੈ। 2003 ਵਿਚ ਰੁਮਾਨੀਆ ਦੀ ਸਰਕਾਰ ਨੇ ਉਸ ਨੂੰ ਅਮਰੀਕਾ ਦੀ ਆਨਰੇਰੀ ਕੌਂਸਲ ਜਨਰਲ ਬਣਾ ਦਿੱਤਾ ਸੀ ਤਾਂ ਜੋ ਦੋਹਾਂ ਦੇਸ਼ਾਂ ਵਿਚ ਸੰਬੰਧ ਸਾਜ਼ਗਾਰ ਹੋਣ।

---

# ਔਰਤ ਭਾਵਨਾਵਾਂ ਨਾਲ ਜੁੜੀ ਸਸਪੈਂਸ਼ ਭਰੀ ਫ਼ਿਲਮ -ਸ਼ਾਤਰ

ਕਾਮੇਡੀ ਅਤੇ ਐਕਸ਼ਨ ਤੋਂ ਬਾਅਦ ਪੰਜਾਬੀ ਸਿਨੇਮੇ ਵਿਚ ਹੁਣ ਸਸਪੈਂਸ਼ ਅਤੇ ਥ੍ਰਿੱਲਰ ਫ਼ਿਲਮਾਂ ਦਾ ਦੌਰ ਵੀ ਸ਼ੁਰੂ ਹੋ ਚੁੱਕਿਆ ਹੈ। ਜਿਨ੍ਹਾਂ ਨੂੰ ਦਰਸ਼ਕਾਂ ਵੱਲੋਂ ਖੂਬ ਹੁੰਗਾਰਾ ਮਿਲਿਆ। ਕ੍ਰਿਮੀਨਲ, ਜ਼ਿਲ੍ਹਾ ਸੰਗਰੂਰ, ਵਾਰਨਿੰਗ ਆਦਿ ਫ਼ਿਲਮਾਂ ਤੋਂ ਬਾਅਦ ਹੁਣ ਇੱਕ ਹੋਰ ਫ਼ਿਲਮ 'ਸ਼ਾਤਰ' ਦਾ ਟਰੇਲਰ ਦਰਸ਼ਕਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਨਿਰਮਾਤਾ ਨਿਰਦੇਸ਼ਕ ਕੇ.ਐੱਸ ਮਲਹੋਤਰਾ ਦੀ ਬਾਲੀਵੁੱਡ ਦੀ ਤਰਜ਼ 'ਤੇ ਬਣੀ ਇਸ ਫ਼ਿਲਮ ਦਾ ਵਿਸ਼ਾ ਦਰਸ਼ਕਾਂ ਨੂੰ ਡਰ ਤੇ ਖ਼ੌਫ ਭਰੇ ਮਨੋਰੰਜਨ ਨਾਲ ਜੋੜੇਗਾ।

ਫ਼ਿਲਮ ਦੀ ਕਹਾਣੀ ਇੱਕ ਕਾਤਲ ਅਪਰਾਧੀ ਰਣਜੀਤ ਦੀ ਖੌਫਨਾਕ ਸੋਚ ਅਤੇ ਕਾਰਨਾਮਿਆਂ 'ਤੇ ਆਧਾਰਤ ਹੈ, ਜਿਸਦਾ ਕਿਰਦਾਰ ਬਾਲੀਵੁੱਡ ਅਦਾਕਾਰ ਮੁਕੁਲ ਦੇਵ ਨੇ ਨਿਭਾਇਆ ਹੈ। ਫ਼ਿਲਮ ਦੀ ਨਾਇਕਾ ਨੈਸ਼ਨਲ ਐਵਾਰਡ ਜੇਤੂ ਅਦਾਕਾਰਾ ਦਿੱਵਿਆ ਦੱਤਾ ਹੈ। ਫ਼ਿਲਮ ਦੀ ਕਹਾਣੀ ਮੁਕੁਲ ਦੇਵ ਅਤੇ ਦਿੱਵਿਆ ਦੱਤਾ ਦੇ ਇਰਦ-ਗਿਰਦ ਘੁੰਮਦੀ ਹੈ। ਫ਼ਿਲਮ ਦੇ ਨਿਰਮਾਤਾ ਨਿਰਦੇਸ਼ਕ ਕੁਲਜੀਤ ਸਿੰਘ ਮਲਹੋਤਰਾ ਨੇ ਦੱਸਿਆ ਕਿ ਬਾਲੀਵੁੱਡ ਪੱਧਰ ਦੀ ਇਹ ਪਹਿਲੀ ਪੰਜਾਬੀ ਫ਼ਿਲਮ ਹੈ ਜੋ ਸਾਡੇ ਆਸ-ਪਾਸ ਵਾਪਰਦੀਆਂ ਖੌਫ਼ਨਾਕ ਘਟਨਾਵਾਂ ਤੋਂ ਪ੍ਰੇਰਿਤ ਔਰਤ ਦੀਆਂ ਭਾਵਨਾਵਾਂ ਨਾਲ ਜੁੜੀ ਸਸਪੈਂਸ ਭਰਪੂਰ ਕਹਾਣੀ 'ਤੇ ਆਧਾਰਤ ਹੈ ਜਿਸ ਵਿਚ ਦਰਸ਼ਕਾਂ ਨੂੰ ਰੁਮਾਂਸ ਅਤੇ ਐਕਸ਼ਨ ਵੀ ਵੇਖਣ ਨੂੰ ਮਿਲੇਗਾ। ਫ਼ਿਲਮ ਦੇ ਸੰਗੀਤ ਦੀ ਗੱਲ ਕਰੀਏ ਤਾਂ ਇਸ ਵਿਚ ਸਿਰਫ਼ ਦੋ ਗੀਤ ਹਨ। ਇਕ ਗੀਤ ਨਾਮੀ ਗਾਇਕ ਮਾਸਟਰ ਸਲੀਮ ਨੇ ਗਾਇਆ ਹੈ, ਦੂਸਰਾ ਨੀਰਜ ਸ਼੍ਰੀਧਰ ਅਤੇ ਪ੍ਰੀਆ ਮਲਿਕ ਨੇ ਗਾਇਆ ਹੈ। ਫ਼ਿਲਮ ਦਾ ਸੰਗੀਤ ਵਿਨੈ ਵਿਨਾਇਕ ਵੱਲੋਂ ਤਿਆਰ ਕੀਤਾ ਗਿਆ ਹੈ। ਗੀਤ ਰਾਏ ਕਲਸੀ ਅਤੇ ਭਾਨੂ ਠਾਕੁਰ ਨੇ ਲਿਖੇ ਹਨ।




ਹੌਲੀ ਬੇਸਿਲ ਫ਼ਿਲਮ ਦੇ ਬੈਨਰ ਹੇਠ ਡਾ. ਮਨਬੀਰ ਸਿੰਘ ਯੂ ਐੱਸ ਏ ਦੀ ਪੇਸ਼ਕਸ਼ ਇਸ ਫ਼ਿਲਮ ਵਿਚ ਦਿੱਵਿਆ ਦੱਤਾ, ਮੁਕੁਲ ਦੇਵ, ਦੇਵ ਸ਼ਰਮਾ, ਸ਼ਮੀਕਸ਼ਾ ਭਟਨਾਗਰ, ਦੀਪ ਰਾਜ ਰਾਣਾ ਅਤੇ ਅਮਨ ਧਾਲੀਵਾਲ ਨੇ ਮੁੱਖ ਭੂਮਿਕਾ ਨਿਭਾਈ ਹੈ। ਨਿਰਮਾਤਾ ਨਿਰਦੇਸ਼ਕ ਕੇ ਐੱਸ ਮਲਹੋਤਰਾ ਦੀ ਗੱਲ ਕਰੀਏ ਤਾਂ ਉਸਦਾ ਪਿਛੋਕੜ ਬਾਲੀਵੁੱਡ ਦੇ ਇਕ ਸੰਗੀਤਕ ਘਰਾਣੇ ਨਾਲ ਸਬੰਧਤ ਹੈ। ਉਸਦੇ ਪਿਤਾ ਹਰੀ ਅਰਜਨ ਆਪਣੇ ਸਮੇਂ ਦੇ ਨਾਮੀ ਸੰਗੀਤ ਨਿਰਦੇਸ਼ਕ ਰਹੇ।

ਕੇ ਐੱਸ ਮਲਹੋਤਰਾ ਆਪਣੇ ਪਿਤਾ ਵਾਂਗ ਹੀ ਫ਼ਿਲਮ ਕਲਾ ਨਾਲ ਜੁੜਿਆ ਹੋਇਆ ਹੈ, ਅਨੇਕਾਂ ਧਾਰਮਿਕ ਐਲਬਮਾਂ ਕਰਨ ਤੋਂ ਇਲਾਵਾ ਉਸਨੇ ਪੰਜਾਬੀ ਫ਼ਿਲਮਾਂ 'ਖਾਲਸਾ ਮੇਰੋ ਰੂਪ ਹੈ ਖ਼ਾਸ' ਅਤੇ 'ਮਿੱਟੀ ਦਾ ਬਾਵਾ' ਪੰਜਾਬੀ ਸਿਨੇਮੇ ਨੂੰ ਦਿੱਤੀਆਂ। ਇਹ ਉਨ੍ਹਾਂ ਦੀ ਤੀਸਰੀ ਪੰਜਾਬੀ ਫ਼ਿਲਮ ਹੈ। ਜਿਸਨੂੰ ਬਤੌਰ ਨਿਰਮਾਤਾ-ਨਿਰਦੇਸ਼ਕ ਲੈ ਕੇ ਆਏ ਹਨ। ਗੁਰਵਿੰਦਰ ਕੌਰ ਰੋਜ਼ੀ ਇਸ ਫ਼ਿਲਮ ਦੀ ਸਹਿ ਨਿਰਮਾਤਾ ਹੈ। 28 ਜੁਲਾਈ ਨੂੰ ਓਮ ਜੀ ਗਰੁੱਪ ਵਲੋਂ ਵਿਸ਼ਵ ਪੱਧਰ 'ਤੇ ਰਿਲੀਜ਼ ਕੀਤੀ ਜਾ ਰਹੀ ਇਹ ਫ਼ਿਲਮ ਪੰਜਾਬੀ ਸਿਨੇਮੇ ਨੂੰ ਨਵੇਂ ਦੌਰ ਨਾਲ ਜੋੜੇਗੀ। ਸਾਰਿਆਂ ਨੂੰ ਇਸ ਫ਼ਿਲਮ ਤੋਂ ਬਹੁਤ ਆਸਾਂ ਹਨ।

*-ਸੁਰਜੀਤ ਜੱਸਲ*
*ਫੋਨ: 98146-07737*

# ਹਨੇਰੇ ਰਾਹ

**ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ। ਇਸ ਤੋਂ ਪਹਿਲਾਂ ਉਹ ਟੈਕਸੀ ਸਨਅਤ ਬਾਰੇ ਅਹਿਮ ਕਿਤਾਬ 'ਟੈਕਸੀਨਾਮਾ' ਰਚ ਚੁੱਕਾ ਹੈ ਜੋ 'ਪੰਜਾਬ ਟਾਈਮਜ਼' ਦੇ ਪਾਠਕ ਲੜੀਵਾਰ ਪੜ੍ਹ ਚੁੱਕੇ ਹਨ। ਉਸ ਦੇ ਚਾਰ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ', 'ਬਾਰਾਂ ਬੂਹੇ', 'ਪ੍ਰਿਜ਼ਮ' ਤੇ 'ਡੱਗੀ' (ਸਾਰੀਆਂ ਕਹਾਣੀਆਂ) ਅਤੇ ਅਨੁਵਾਦ ਕਿਤਾਬ 'ਕਿਲ੍ਹੇ ਦੇ ਮੋਤੀ' (ਲੇਖਕ ਹੀਊ ਜੇ ਐਮ ਜੌਹਨਸਟਨ) ਛਪੇ ਹਨ।**




**ਕਾਂਡ ਦੋ- ਭਾਗ ਦੋ**



## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ ਅਤੇ ਕੈਨਡਾ ਵਿਚ ਟਰੱਕ ਚਲਾਉਣ ਲਗਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਕਰਨਵੀਰ
ਜਨਵਰੀ 2017
ਬ੍ਰੈਂਪਟਨ, ਓਂਟੇਰੀਓ, ਕੈਨੇਡਾ

ਟਰਾਂਟੋ ਪਹੁੰਚਣ ਤੋਂ ਅਗਲੇ ਦਿਨ ਹੀ ਕਰਨਵੀਰ ਇਮੀਗ੍ਰੇਸ਼ਨ ਸਲਾਹਕਾਰ, ਚਿੱਟੀ ਨੂੰ ਮਿਲਣ ਤੁਰ ਪਿਆ। ਸਮੁੰਦਰੋਂ ਪਾਰ ਇਮੀਗ੍ਰੇਸ਼ਨ ਦੇ ਦਫ਼ਤਰ ਦੀ ਲਾਬੀ ਵਿਚ ਰੱਖੀਆਂ ਛੇਆਂ



ਕੁਰਸੀਆਂ ਨੂੰ ਮੱਲੀਆਂ ਦੇਖ ਕੇ ਕਰਨਵੀਰ ਨੂੰ ਲੱਗਾ ਕਿ ਉਸ ਨੂੰ ਸਹੀ ਸਲਾਹਕਾਰ ਜਿਸ ਨੂੰ ਉਹ ਵਕੀਲ ਆਖਦਾ, ਮਿਲਿਆ ਸੀ। ਉਸ ਨੇ ਕੁਰਸੀਆਂ 'ਤੇ ਬੈਠੇ ਚਿਹਰਿਆਂ 'ਤੇ

**ਹਰਪ੍ਰੀਤ ਸੇਖਾ**
**ਫੋਨ: +1-778-231-1189**

ਸਰਸਰੀ ਨਜ਼ਰ ਮਾਰੀ ਅਤੇ ਰੀਸੈਪਸ਼ਨਿਸਟ ਕੁੜੀ ਨੂੰ ਆਪਣੀ ਅਪੁਇੰਟਮੈਂਟ ਬਾਰੇ ਦੱਸਣ ਲੱਗਾ। ਉਹ ਬੋਲੀ, "ਸਰ ਦੀ ਇਮੀਗ੍ਰੇਸ਼ਨ ਮਿਨਿਸਟਰ ਨਾ਼ਲ ਇਮਪੌਰਟੈਂਟ ਡਿਸਕਸ਼ਨ ਹੋ ਰਹੀ ਹੈ। ਉਡੀਕ ਕਰਨੀ ਪਵੇਗੀ।"

ਇਹ ਸੁਣ ਕੇ ਕਰਨਵੀਰ ਹੋਰ ਉਤਸ਼ਾਹਤ ਹੋ ਗਿਆ। ਉਹ ਬੋਲਿਆ, "ਕੋਈ ਨਹੀਂ ਜੀ, ਕਰ ਲੈਨਾ ਵਾਂ ਉਡੀਕ।"

"ਬੈਠੋ।"

ਕਰਨਵੀਰ ਨੇ ਭਰੀਆਂ ਕੁਰਸੀਆਂ ਵੱਲ ਨਿਗ੍ਹਾ ਮਾਰੀ ਤੇ ਕੰਧ ਨਾ਼ਲ ਢੋਅ ਲਾ ਕੇ ਉੱਥੇ ਹੀ ਖੜ੍ਹ ਗਿਆ। ਕੁੜੀ ਆਪ ਹੀ ਫਿਰ ਬੋਲੀ, "ਇੱਕ ਮਿੰਟ ਦਿਓ, ਮੈਂ ਅੰਦਰੋਂ ਕੁਰਸੀ ਲਿਆ ਦਿੰਨੀ ਆਂ।"

ਬੈਠਣ ਸਾਰ ਹੀ ਕਰਨਵੀਰ ਦੀ ਨਿਗ੍ਹਾ ਸਾਹਮਣੀ ਕੰਧ 'ਤੇ ਟੰਗੀ ਤਸਵੀਰ 'ਤੇ ਚਲੀ ਗਈ। ਉਸ ਵਿਚ ਚਿੱਟੀ ਕੈਨੇਡਾ ਦੇ ਪ੍ਰਧਾਨ ਮੰਤਰੀ ਨਾ਼ਲ ਖੜ੍ਹਾ ਸੀ। ਕਰਨਵੀਰ ਬੇਫ਼ਿਕਰ ਹੋ ਕੇ ਆਪਣੀ ਵਾਰੀ ਦੀ ਉਡੀਕ ਕਰਨ ਲੱਗਾ। ਫਿਰ ਉਸ ਦੀ ਨਿਗ੍ਹਾ ਸਾਹਮਣੀ ਕੰਧ 'ਤੇ ਟੰਗੀ ਘੜੀ ਨਾ਼ਲ ਟਕਰਾ ਗਈ। ਉਹ ਗਿਆਰਾਂ ਵਜਾ ਰਹੀ ਸੀ। 'ਡੇਢ ਕੁ ਵਜੇ ਤਕ ਵਿਹਲਾ ਹੋ ਜਾਵਾਂਗਾ', ਉਸ ਨੇ ਅੰਦਾਜ਼ਾ ਲਾਇਆ। ਕੁਝ ਦੇਰ ਬਾਅਦ ਦਫ਼ਤਰ ਵਿਚ ਕੋਈ ਔਰਤ ਦਾਖ਼ਲ ਹੋਈ। ਰੀਸੈਪਸ਼ਨਿਸਟ ਉੱਠ ਕੇ ਅੰਦਰੋਂ ਇਕ ਹੋਰ ਕੁਰਸੀ ਲੈ ਆਈ। ਕਰਨਵੀਰ ਦੇ ਕੰਨੀਂ ਘੁਸਰ-ਮੁਸਰ ਹੋਣ ਦੀ ਆਵਾਜ਼ ਪਈ। ਉਸ ਨੇ ਆਵਾਜ਼ ਵਾਲੇ ਪਾਸੇ ਦੇਖਿਆ। ਉਡੀਕ ਕਰ ਰਿਹਾਂ 'ਚੋਂ ਇਕ ਨਾ਼ਲ ਵਾਲੇ ਨੂੰ ਆਖ ਰਿਹਾ ਸੀ, "ਪਹਿਲਾਂ ਈ ਕਿਉਂ ਨਹੀਂ ਵਾਧੂ ਕੁਰਸੀਆਂ ਰੱਖ ਦਿੰਦੇ, ਵਾਰੀ-ਵਾਰੀ ਅੰਦਰੋਂ ਲੈਣ ਭੱਜਦੀ ਐ?" ਦੂਜਾ ਬੋਲਿਆ, "ਏਦਾਂ ਈ ਫਸਾਉਂਦੇ ਆ ਅਗਲੇ ਨੂੰ। ਪਹਿਲੀ ਵਾਰ ਆਉਣ ਵਾ਼ਲਾ ਭਰੀਆਂ ਕੁਰਸੀਆਂ ਦੇਖ ਕੇ ਪ੍ਰਭਾਵਤ ਹੋ ਜਾਂਦੈ ਬਈ ਚੋਟੀ ਦੇ ਕਨਸਲਟੈਂਟ ਕੋਲ ਪਹੁੰਚੇ ਆਂ। ਆਪਾਂ ਉਡੀਕ ਵੀ ਏਸੇ ਚੱਕਰ 'ਚ ਕਰੀ ਜਾਨੇ ਆਂ, ਹੋਰ ਤੇਰੇ ਖਿਆਲ 'ਚ ਮਨਿਸਟਰ ਏਹਦੀ ਸਲਾਹ ਨਾ਼ਲ ਹੀ ਪਾਲਿਸੀ ਬਣਾਉਂਦੇ ਆ?" ਆਖਣ ਵਾ਼ਲਾ ਇਹ ਆਖ ਕੇ ਉੱਠਿਆ ਅਤੇ ਰੀਸੈਪਸ਼ਨਿਸਟ ਨੂੰ ਪੁੱਛਣ ਲੱਗਾ, "ਕਿੰਨੀ ਕੁ ਹੋਰ ਦੇਰ ਲੱਗੂ ਹਾਲੇ?"

ਉਹ ਬੋਲੀ, "ਬੱਸ ਪਹਿਲੀ ਵਾਰੀ ਤੁਹਾਡੀ ਹੀ ਹੈ। ਮੈਂ ਦੇਖਦੀ ਹਾਂ, ਜੇ ਸਰ ਵਿਹਲੇ ਹੋ ਗਏ ਹੋਏ ਤਾਂ।" ਇਹ ਆਖ ਕੇ ਉਹ ਅੰਦਰ ਚਲੀ ਗਈ ਅਤੇ ਫਿਰ ਵਾਪਸ ਆ ਕੇ ਬੋਲੀ, "ਆ ਜੋ, ਸਰ ਨੇ ਹਾਲੇ ਹੁਣੇ ਫੋਨ ਰੱਖਿਆ ਈ ਐ।"

ਇਹ ਸਭ ਦੇਖ-ਸੁਣ ਕੇ ਕਰਨਵੀਰ ਅੰਦਰ ਪਹਿਲਾਂ ਉੱਠਿਆ ਉਤਸ਼ਾਹ ਮੱਠਾ ਪੈ ਗਿਆ। ਉਸ ਨੇ ਸੋਚਿਆ ਕਿ ਇੱਥੋਂ ਚਲਾ ਜਾਵੇ ਤੇ ਆਪਣੇ ਚਚੇਰੇ ਭਾਈ ਜਿਸ ਕੋਲ ਉਹ ਕੈਨੇਡਾ ਆਇਆ ਸੀ, ਨਾ਼ਲ ਸਲਾਹ ਕਰ ਕੇ ਕਿਸੇ ਹੋਰ ਵਕੀਲ ਨੂੰ ਲੱਭੇ ਪਰ ਪਹਿਲਾਂ ਹੀ ਦਿੱਤੀ ਫ਼ੀਸ ਬਾਰੇ ਸੋਚ ਕੇ ਉਹ ਬੈਠਾ ਰਿਹਾ। ਫਿਰ ਉਸ ਨੇ ਘੜੀ ਵੱਲ ਦੇਖਿਆ। ਬਾਰਾਂ ਵੱਜ ਰਹੇ ਸਨ। 'ਡੇਢ ਵਜੇ ਤਕ ਵਾਰੀ ਨਹੀਂ ਆਵੇਗੀ', ਉਸ ਨੇ ਸੋਚਿਆ। ਉਸ ਦੇ ਦਿਮਾਗ ਵਿਚ ਆਈ ਕਿ ਉਹ ਆਪਣੇ ਚਚੇਰੇ ਭਾਈ ਦੀ ਘਰਵਾ਼ਲੀ ਰੁਪਿੰਦਰ ਭਾਬੀ ਨੂੰ ਸੁਨੇਹਾ ਛੱਡ ਦੇਵੇ ਕਿ ਬੱਚਿਆਂ ਦੀ ਬੱਸ ਆਉਣ ਤਕ ਉਸ ਤੋਂ ਬੱਸ ਸਟਾਪ ਤਕ ਪਹੁੰਚ ਨਹੀਂ ਹੋਣਾ। ਫਿਰ ਉਸ ਸੋਚਿਆ ਕਿ ਕਿਤੇ ਭਰਜਾਈ ਗੁੱਸਾ ਹੀ ਨਾ ਕਰ ਜਾਵੇ। ਭਰਜਾਈ ਨੇ ਇਹ ਪਹਿਲਾ ਕੰਮ ਕਿਹਾ ਸੀ ਤੇ ਉਹ ਵੀ ਨਹੀਂ ਹੋਣਾ। ਕਰਨਵੀਰ ਦੇ ਚਿੱਤ 'ਚ ਆਈ ਕਿ ਉਹ ਬੱਚਿਆਂ ਦੇ ਸਕੂਲ ਦੀ ਬੱਸ ਆਉਣ ਤੋਂ ਪਹਿਲਾਂ-ਪਹਿਲਾਂ ਚਲਿਆ ਜਾਵੇ ਅਤੇ ਵਕੀਲ ਨੂੰ ਮਿਲਣ ਦਾ ਕੰਮ ਕੱਲ੍ਹ 'ਤੇ ਪਾ ਦੇਵੇ। ਉਹ ਦੁਚਿੱਤੀ 'ਚ ਪੈ ਗਿਆ। ਫਿਰ ਉਸ ਨੇ ਵਟਸਐਪ 'ਤੇ ਆਪਣੀ ਭਰਜਾਈ ਨੂੰ ਸੁਨੇਹਾ ਭੇਜ ਹੀ ਦਿੱਤਾ। ਕੁਝ ਦੇਰ ਬਾਅਦ ਭਰਜਾਈ ਦਾ ਮੁੜਵਾਂ ਜਵਾਬ ਆ ਗਿਆ, "ਜੇ ਬੱਚਿਆਂ ਨੂੰ ਪਿੱਕ ਕਰਨ ਵੇਲੇ ਤਕ ਨਾ ਪਹੁੰਚ ਹੋਇਆ ਤਾਂ ਕੋਈ ਗੱਲ ਨਹੀਂ। ਮੈਂ ਗੁਆਂਢੀਆਂ ਨੂੰ ਫੋਨ ਕਰ ਦਿੱਤਾ ਹੈ। ਉਹ ਲੈ ਆਉਣਗੇ।" ਸੁਨੇਹਾ ਪੜ੍ਹ ਕੇ ਕਰਨਵੀਰ ਨਿਸਚਿੰਤ ਹੋ ਕੇ ਆਪਣੀ ਵਾਰੀ ਉਡੀਕਣ ਲੱਗਾ।




'ਕਿਉਂ ਮੈਂ ਸਵੇਰੇ ਆਪ ਹੀ ਜ਼ਿੰਮੇਵਾਰੀ ਆਪਣੇ ਗ਼ਲ ਪੁਆ ਲਈ', ਕਰਨਵੀਰ ਨੇ ਸੋਚਿਆ। ਸਵੇਰੇ ਰੁਪਿੰਦਰ ਭਾਬੀ ਨੇ ਕਿਹਾ ਸੀ, "ਜਿੰਨੀ ਦੇਰ ਮੰਮੀ ਡੈਡੀ ਇੰਡੀਆ ਤੋਂ ਵਾਪਸ ਨਹੀਂ ਮੁੜ ਆਉਂਦੇ, ਬੱਚਿਆਂ ਨੂੰ ਬੱਸ ਸਟਾਪ ਤੋਂ ਪਿੱਕ ਕਰਨ ਦੀ ਬੜੀ ਔਖਿਆਈ ਹੈ। ਗੁਆਂਢੀਆਂ ਨੂੰ ਕਹਿਣਾ ਪੈਂਦਾ।" ਕਰਨਵੀਰ ਨੂੰ ਮਹਿਸੂਸ ਹੋਇਆ ਜਿਵੇਂ ਭਾਬੀ ਨੇ ਇਹ ਉਸ ਨੂੰ ਸੁਣਾ ਕੇ ਕਿਹਾ ਹੋਵੇ। ਉਹ ਆਪਣੇ ਆਪ ਨੂੰ ਉਨ੍ਹਾਂ ਦੇ ਅਹਿਸਾਨ ਥੱਲੇ ਦੱਬਿਆ ਮਹਿਸੂਸ ਕਰਦਾ ਸੀ। ਉਨ੍ਹਾਂ ਨੇ ਆਪਣੇ ਬੇਟੇ ਦੇ ਪੰਜਵੇਂ ਜਨਮ ਦਿਨ ਦੇ ਬਹਾਨੇ ਉਸ ਨੂੰ ਵਿਜ਼ਟਰ ਬੁਲਵਾਇਆ ਸੀ। ਤੇ ਉਹ ਰਹਿ ਵੀ ਉਨ੍ਹਾਂ ਦੇ ਘਰ ਹੀ ਰਿਹਾ ਸੀ। ਕਰਨਵੀਰ ਤੋਂ ਭਾਬੀ ਨੂੰ ਆਪ ਹੀ ਆਖ ਹੋ ਗਿਆ ਸੀ, "ਇਹਦੇ 'ਚ ਕੀ ਏ! ਮੈਂ ਲੈ ਆਇਆ ਕਰਾਂਗਾ।" ਤੇ ਹੁਣ ਉਸ ਨੂੰ ਵਾਅਦਾ ਪੂਰਾ ਨਾ ਕਰ ਸਕਣ ਦਾ ਦੁੱਖ ਮਹਿਸੂਸ ਹੋ ਰਿਹਾ ਸੀ।

ਕਰਨਵੀਰ ਦੀ ਵਾਰੀ ਪੌਣੇ ਦੋ ਵਜੇ ਆਈ। ਚਿੱਟੀ ਦੇ ਅੰਦਰਲੇ ਦਫ਼ਤਰ ਦੀ ਚਕਾਚੌਂਧ ਦੇਖ ਕੇ ਉਹ ਭੁਚੱਕਾ ਰਹਿ ਗਿਆ। ਲਾਬੀ ਵਿਚ ਬੈਠਿਆਂ ਦੀ ਗੱਲ-ਬਾਤ ਸੁਣਨ ਤੋਂ ਬਾਅਦ ਮਨ ਵਿਚ ਉੱਠਿਆ ਡਰ ਭੁੱਲ ਗਿਆ।

ਦਫ਼ਤਰ 'ਚ ਵੜਦਿਆਂ ਹੀ ਉਹ ਬੋਲਿਆ, "ਵਕੀਲ ਸਾਹਬ, ਤੁਸੀਂ ਤਾਂ ਬਹੁਤ ਬਿਜ਼ੀ ਬੰਦੇ ਓ।"

"ਦੇਖਲੋ, ਇਸੇ ਕਰ ਕੇ ਮੈਂ ਕਿਹਾ ਸੀ ਕਿ ਇੱਥੇ ਆ ਜਾਓ। ਫੋਨ ਰਾਹੀਂ ਪੂਰੀ ਗੱਲਬਾਤ ਸਮਝ ਨਹੀਂ ਲਗਦੀ ਹੁੰਦੀ। ਬੈਠੋ।"

ਕਰਨਵੀਰ ਦੇ ਬੈਠਣ ਸਾਰ ਚਿੱਟੀ ਬੋਲਿਆ, "ਸਪੇਨ ਤੋਂ ਜਿਹੜੇ ਡਾਕੂਮੈਂਟਸ ਤੁਸੀਂ ਭੇਜੇ ਸਨ, ਉਹ ਮੈਂ ਪੂਰੀ ਤਰ੍ਹਾਂ ਦੇਖ ਲਏ ਆ। ਤੁਹਾਡੀ ਕੁਆਲੀਫੀਕੇਸ਼ਨ ਦੀ ਪ੍ਰਾਬਲਮ ਆ। ਜੇ ਤੁਸੀਂ ਗਰੈਜੂਏਸ਼ਨ ਕੀਤੀ ਹੁੰਦੀ ਜਾਂ ਸਪੇਨ ਵਿਚ ਆਪਣਾ ਕੋਰਸ ਪੂਰਾ ਕਰ ਲਿਆ ਹੁੰਦਾ ਤਾਂ ਤੁਹਾਨੂੰ ਐਕਸਪ੍ਰੈੱਸ ਐਂਟਰੀ ਰਾਹੀਂ ਛੇ ਮਹੀਨਿਆਂ 'ਚ ਪੀ ਆਰ (ਪਰਮਾਨੈਂਟ ਰੈਜ਼ੀਡੈਂਸ) ਦਿਵਾ ਦੇਣੀ ਸੀ ਪਰ ਹੁਣ ਐਕਸਪ੍ਰੈੱਸ ਐਂਟਰੀ ਮੁਸ਼ਕਲ ਲੱਗਦੀ ਏ।"

"ਮੈਂ ਤਾਂ ਜੀ ਇਸੇ ਉਮੀਦ ਨਾ਼ਲ ਆਇਆ ਵਾਂ ਇੱਥੇ। ਆਪਣੀ ਜੌਬ ਵੀ ਛੱਡ ਆਇਆ ਵਾਂ ਉੱਥੇ।"

"ਫ਼ਿਕਰ ਨਾ ਕਰੋ। ਤੁਹਾਡਾ ਕੋਈ ਕਰਦੇ ਆਂ ਜੁਗਾੜ। ਅੱਜ ਕੱਲ੍ਹ ਟਰੱਕਿੰਗ ਇੰਡਸਟਰੀ ਵਿਚ ਬਹੁਤ ਸਕੋਪ ਆ। ਡਰਾਈਵਿੰਗ ਲਾਈਸੰਸ ਹੈ ਨਾ ਤੁਹਾਡੇ ਕੋਲ?"

"ਹਾਂ ਜੀ।"

"ਗੁੱਡ ਗੁੱਡ। ਮੇਰੇ ਟਰੱਕਿੰਗ ਕੰਪਨੀਆਂ ਨਾ਼ਲ ਕਨਟੈਕਟ ਆ। ਤੁਹਾਨੂੰ ਛੇਤੀ ਸੈੱਟ ਕਰਾ ਦਿਆਂਗਾ।"

"ਛੇ ਮਹੀਨਿਆਂ 'ਚ?"

"ਛੇ ਮਹੀਨਿਆਂ 'ਚ ਪੀ ਆਰ ਨਹੀਂ ਮਿਲਣੀ ਪਰ ਤੁਹਾਨੂੰ ਵਰਕ ਪਰਮਿਟ ਲੈ ਦੇਵਾਂਗੇ।"

"ਪੂਰਾ ਦੱਸੋ ਜੀ ਕੀ ਪ੍ਰੋਸੀਜਰ ਏ।"

"ਪਹਿਲਾਂ ਤੁਹਾਨੂੰ ਕਿਸੇ ਟਰੱਕਿੰਗ ਕੰਪਨੀ ਤੋਂ ਐੱਲ ਐੱਮ ਆਈ ਏ ਲੈ ਕੇ ਦੇਵਾਂਗੇ। ਇਸ ਨਾ਼ਲ ਤੁਸੀਂ ਇੱਥੇ ਕੰਮ ਕਰਨ ਲੱਗ ਜਾਵੋਗੇ।"

"ਇਹ ਐੱਲ ਐੱਮ ਆਈ ਏ ਕੀ ਸ਼ੈਅ ਏ ਜੀ?" ਕਰਨਵੀਰ ਨੇ ਵਿਚੋਂ ਹੀ ਪੁੱਛਿਆ।

"ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ ਨੂੰ ਛੋਟਾ ਕਰ ਕੇ ਆਖਦੇ ਆ। ਕੰਪਨੀਆਂ ਨੂੰ ਕਿਸੇ ਬਦੇਸ਼ੀ ਨੂੰ ਨੌਕਰੀ ਦੇਣ ਤੋਂ ਪਹਿਲਾਂ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਕਿ ਸਾਨੂੰ ਇਸ ਨੌਕਰੀ ਲਈ ਕੈਨੇਡਾ ਦਾ ਢੁੱਕਵਾਂ ਬੰਦਾ ਨਹੀਂ ਮਿਲਿਆ। ਇਸ ਮਨਜ਼ੂਰੀ ਨੂੰ ਹੀ ਆਖਦੇ ਆ ਐੱਲ ਐੱਮ ਆਈ ਏ।"

"ਅੱਛਾ।"

"ਫਿਰ ਦੋ ਸਾਲ ਬਾਅਦ ਤੁਹਾਨੂੰ ਉਹ ਕੰਪਨੀ ਪ੍ਰੋਵੈਂਸ਼ੀਅਲ ਨੌਮਨੀ ਪ੍ਰੋਗਰਾਮ ਦੀ ਸਪੌਂਸਰਸ਼ਿੱਪ ਦੇ ਦੇਵੇਗੀ ਤੇ ਤੁਸੀਂ ਪੀ ਆਰ ਹੋ ਜਾਵੋਗੇ। ਬੱਸ ਏਨਾ ਈ ਕੰਮ ਐ।"

ਸੁਣ ਕੇ ਕਰਨਵੀਰ ਸੋਚਣ ਲੱਗਾ। ਫਿਰ ਬੋਲਿਆ, "ਦੋ ਸਾਲ ਤਾਂ ਪੱਕੇ ਹੀ ਨੇ। ਉਸ ਤੋਂ ਬਾਅਦ ਪਤਾ ਨਹੀਂ ਹੋਰ ਕਿੰਨਾ ਚਿਰ ਲੱਗੇ?"

"ਬਹੁਤਾ ਚਿਰ ਨਹੀਂ ਲਗਦਾ। ਟਰੱਕਿੰਗ ਕੰਪਨੀ ਦਾ ਵਰਕ ਪਰਮਿਟ ਲੈਣ ਦਾ ਇਹ ਫਾਇਦਾ ਹੈ ਕਿ ਤੁਸੀਂ ਵਰਕ ਪਰਮਿਟ ਮਿਲਣ ਸਾਰ ਹੀ ਕਮਾਈ ਕਰਨ ਲੱਗ ਜਾਓਗੇ। ਜੇ ਕਿਸੇ ਹੋਰ ਕੰਮ ਦਾ ਵਰਕ ਪਰਮਿਟ ਲੈ ਕੇ ਦੇਈਏ ਤਾਂ ਜਿੰਨੀ ਕਮਾਈ ਜੌਬ ਕਰ ਕੇ ਹੁੰਦੀ ਆ, ਉਹ ਸਾਰੀ ਟੈਕਸਾਂ 'ਚ ਹੀ ਚਲੀ ਜਾਂਦੀ ਆ।"

"ਜੇ ਵਕੀਲ ਸਾਬ੍ਹ ਇਨ੍ਹਾਂ ਦੋ ਸਾਲਾਂ 'ਚ ਰੂਲ ਚੇਂਜ ਹੋ ਗਏ?"

"ਰੂਲ ਨੀ ਚੇਂਜ ਹੁੰਦੇ। ਕੈਨੇਡਾ ਨੂੰ ਬਹੁਤ ਇਮੀਗਰੈਂਟਸ ਚਾਹੀਦੇ ਆ। ਇਸੇ ਤਰੀਕੇ ਨਾ਼ਲ ਹੀ ਅਸੀਂ ਪੱਕੇ ਕਰਾਉਨੇ ਆਂ ਅੱਜ ਕੱਲ੍ਹ। ਤੇ ਲੌਂਗ ਰੂਟਾਂ ਦੇ ਟਰੱਕ ਡਰਾਈਵਰ ਤਾਂ ਭਾ਼ਲੇ ਨਹੀਂ ਥਿਆਉਂਦੇ। ਐਸ ਵੇਲੇ ਮੇਰੇ ਹੱਥ ਵਿਚ ਚਾਰ ਜੌਬਾਂ ਨੇ ਟਰੱਕ ਡਰਾਈਵਰ ਦੀਆਂ।"

"ਖਰਚ ਕਿੰਨਾ ਕੁ ਹੋਵੇਗਾ ਜੀ?"

"ਵੀਹ ਹਜ਼ਾਰ ਮੰਗਦੇ ਆ।"

"ਇਹ ਵੀਹ ਹਜ਼ਾਰ ਕਾਹਦਾ ਮੰਗਦੇ ਨੇ ਜੀ? ਨਾ਼ਲੇ ਕਹਿੰਦੇ ਓ ਡਰਾਈਵਰਾਂ ਦੀ ਬਹੁਤ ਲੋੜ ਏ?"

"ਤੁਸੀਂ ਪੱਕਾ ਹੋਣਾ ਹੈ ਨਾ? ਇਹ ਸਮਝ ਲਓ ਕਿ ਪੱਕੇ ਹੋਣ ਦੀ ਫ਼ਿਸਿ ਏ।"

"ਪੱਕਾ ਤਾਂ ਹੋਣਾ ਏ ਪਰ ਇਹ ਨਜਾਇਜ਼ ਹੀ--।"

"ਨਜਾਇਜ਼ ਜਾਇਜ਼ ਦੇ ਚੱਕਰਾਂ 'ਚ ਪਉਗੇ ਤਾਂ ਕੁਝ ਨਹੀਂ ਬਣਨਾ। ਲੋਕ ਮਗਰ ਮਗਰ ਫਿਰਦੇ ਆ ਪੱਕੇ ਹੋਣ ਲਈ। ਤੁਹਾਨੂੰ ਮੈਂ ਸਪੇਨ ਤੋਂ ਬੁਲਵਾਇਆ, ਇਸੇ ਕਰ ਕੇ ਤੁਹਾਨੂੰ ਪ੍ਰੈਫਰੈਂਸ ਦੇ ਰਿਹਾਂ। ਤੁਸੀਂ ਛੇਤੀ ਡੀਸਾਈਡ ਕਰੋ।"

ਕਰਨਵੀਰ ਸੋਚੀਂ ਪੈ ਗਿਆ। ਫਿਰ ਬੋਲਿਆ, "ਅੱਛਾ, ਇਹ ਟਰੱਕ ਬਾਰੇ ਸਮਝਾਉ ਕਿ ਕੀ ਕਰਨਾ ਪਵੇਗਾ?"

"ਕਰਨਾ ਕੀ ਐ? ਕੁਝ ਵੀ ਨਹੀਂ। ਬੜਾ ਅਸਾਨ ਐ। ਥੁਹਾਡਾ ਸਪੇਨ ਵਾ਼ਲਾ ਲਾਈਸੰਸ ਦੇਖ ਕੇ ਓਂਟੇਰੀਓ ਦਾ ਕਲਾਸ ਜੀ ਲਾਈਸੰਸ ਦੇ ਦੇਣਗੇ। ਉਸ ਤੋਂ ਬਾਅਦ ਦੋ ਕੁ ਦਿਨਾਂ ਦਾ ਏਅਰ ਬ੍ਰੇਕ ਕੋਰਸ ਹੁੰਦਾ। ਫੇਰ ਟਰੱਕ ਦਾ ਲਾਈਸੰਸ। ਤੁਸੀਂ ਬਹੁਤ ਸਹੀ ਮੌਕੇ 'ਤੇ ਆਏ ਹੋ। ਜੇ ਦੋ-ਚਾਰ ਮਹੀਨੇ ਲੇਟ ਹੋ ਜਾਂਦੇ, ਫੇਰ ਔਖਾ ਹੋਣਾ ਸੀ। ਸਰਕਾਰ ਨੇ ਸ਼ਰਤ ਰੱਖੀ ਆ ਕਿ ਇਕ ਜੁਲਾਈ ਤੋਂ ਬਾਅਦ ਟਰੱਕ ਡਰਾਈਵਿੰਗ ਦਾ ਲਾਈਸੰਸ ਲੈਣ ਲਈ ਘੱਟੋ-ਘੱਟ ਸੌ ਘੰਟੇ ਕਿਸੇ ਟਰੱਕ ਡਰਾਈਵਿੰਗ ਸਕੂਲ ਵਿਚੋਂ ਟ੍ਰੇਨਿੰਗ ਲਈ ਹੋਵੇ। ਉਦੋਂ ਡਰਾਈਵਿੰਗ ਸਕੂਲਾਂ ਨੇ ਵੀ ਫੀਸ ਵਧਾ ਦੇਣੀ ਆ। ਆਪਾਂ ਛੇਤੀ ਕੰਮ ਸ਼ੁਰੂ ਕਰੀਏ। ਮੈਂ ਜਾਣਦੈਂ ਟਰੱਕ ਸਕੂਲ ਵਾਲਿਆਂ ਨੂੰ। ਜਾਂਦੇ ਹੋਏ ਮੇਰੀ ਸੈਕਟਰੀ ਤੋਂ ਉਨ੍ਹਾਂ ਦੇ ਫੋਨ ਨੰਬਰ ਲੈ ਜਾਇਓ। ਹੋ ਜਾਊ ਆਪਣਾ ਕੰਮ। ਇਕ ਵਾਰੀ ਲਾਈਸੰਸ ਲੈ ਆਓ। ਉਸ ਤੋਂ ਬਾਅਦ ਮੇਰਾ ਕੰਮ।"

ਦੋਚਿੱਤੀ 'ਚ ਪੈਰ ਘੜੀਸਦਾ ਕਰਨਵੀਰ ਚਿੱਟੀ ਦੇ ਦਫ਼ਤਰ ਵਿਚੋਂ ਬਾਹਰ ਆ ਗਿਆ।

**(ਚੱਲਦਾ)**

***"ਕਰਨਾ ਕੀ ਐ? ਬੜਾ ਅਸਾਨ ਐ। ਥੁਹਾਡਾ ਸਪੇਨ ਵਾ਼ਲਾ ਲਾਈਸੰਸ ਦੇਖ ਕੇ ਓਂਟੇਰੀਓ ਦਾ ਕਲਾਸ ਜੀ ਲਾਈਸੰਸ ਦੇ ਦੇਣਗੇ। ਦੋ ਕੁ ਦਿਨਾਂ ਦਾ ਏਅਰ ਬ੍ਰੇਕ ਕੋਰਸ ਹੁੰਦਾ। ਫੇਰ ਟਰੱਕ ਦਾ ਲਾਈਸੰਸ। ਤੁਸੀਂ ਬਹੁਤ ਸਹੀ ਮੌਕੇ 'ਤੇ ਆਏ ਹੋ। ਜੇ ਦੋ-ਚਾਰ ਮਹੀਨੇ ਲੇਟ ਹੋ ਜਾਂਦੇ, ਫੇਰ ਔਖਾ ਹੋਣਾ ਸੀ। ਸਰਕਾਰ ਨੇ ਸ਼ਰਤ ਰੱਖੀ ਆ ਕਿ ਇਕ ਜੁਲਾਈ ਤੋਂ ਬਾਅਦ ਟਰੱਕ ਡਰਾਈਵਿੰਗ ਦਾ ਲਾਈਸੰਸ ਲੈਣ ਲਈ ਘੱਟੋ-ਘੱਟ ਸੌ ਘੰਟੇ ਕਿਸੇ ਟਰੱਕ ਡਰਾਈਵਿੰਗ ਸਕੂਲ ਵਿਚੋਂ ਟ੍ਰੇਨਿੰਗ ਲਈ ਹੋਵੇ। ਉਦੋਂ ਡਰਾਈਵਿੰਗ ਸਕੂਲਾਂ ਨੇ ਵੀ ਫੀਸ ਵਧਾ ਦੇਣੀ ਆ। ਆਪਾਂ ਛੇਤੀ ਕੰਮ ਸ਼ੁਰੂ ਕਰੀਏ। ਮੈਂ ਜਾਣਦੈਂ ਟਰੱਕ ਸਕੂਲ ਵਾਲਿਆਂ ਨੂੰ। ਜਾਂਦੇ ਹੋਏ ਮੇਰੀ ਸੈਕਟਰੀ ਤੋਂ ਉਨ੍ਹਾਂ ਦੇ ਫੋਨ ਨੰਬਰ ਲੈ ਜਾਇਓ। ਹੋ ਜਾਊ ਆਪਣਾ ਕੰਮ। ਇਕ ਵਾਰੀ ਲਾਈਸੰਸ ਲੈ ਆਓ। ਉਸ ਤੋਂ ਬਾਅਦ ਮੇਰਾ ਕੰਮ।"***

# Noblesville

## *Trucks & Trailer Repair Shop*

**15203 Stony Creek Way,
Noblesville, IN 46060**



- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020

PAO
www.paochicago.org

# Punjabi American Organization

ਵਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 19ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2023

## ਤੀਆਂ ਦਾ ਮੇਲਾ-2023

## July 30th, 2023 - Sunday



Chief Guest
Dr. Darshan Singh Dhaliwal
& Debra Dhaliwal



Satwinder Bitti

*Time: 10:30 AM to 4:00 PM*

**Cotillion Banquets**

360 S. Creekside Dr, Palatine, IL 60074

Live Performance by World Famous Punjabi Singer Satwinder Bitti

Grand Sponsor
**PROFESSIONAL HEALTHCARE LAB, INC**

Grand Sponsor
**Jodi & Mac Bhamra**

Scan QR for Tickets

**Join us and enjoy**
Giddha, Dholki, Singing, Dancing, Mehndi, Shopping and Food

Special attraction of the Event
**Shaunkan Mele Di**
**ਸ਼ੌਂਕਣ ਮੇਲੇ ਦੀ**
For Participants requirements, contact any team member.

Tickets: General- $40 *VIP- $100
*VIP Table- $1000
*Kids 6 years to 12 years - $20
*Kids under 5 years - Free admission

*Lunch will be served between 12pm to 2pm* ■ *Food included with the ticket price*






Programme Hosted by
Gurleen Kaur
*TV Host/MC*

*For General inquiries & Sponsors*

Minni Multani 630-935-5239
Naina Singh 847-828-9412
Jasmeet Suga 630-673-6300
Joti Khaira 630-277-1649
Raj Mago 630-890-1362
Naiha Walia 847-687-9074
Jeevan Dhami 847-409-4675
Pinki Walia 847-999-8720
Prabh Khaira 630-267-2107
Sukhi Singh 847-917-3664
Rosie Rehal 630-699-8555
Sheetal 630-442-3334

*Performances/Stalls* Shaloo Chhabra 813-317-6815 Gurpreet K. Singh 630-677-6144
*Tickets* Kamal Hunjan 630-673-5156 Pammi Sangha 630-965-2930 Jolly Dandona 847-630-6417

"Volunteers and new members needed. High school volunteers will get community service hours"

Design by Kuljeet Dyalpuri

PAO
www.paochicago.org

# Punjabi American Organization

"ਤੀਆਂ ਦਾ ਮੇਲਾ-2023" ਦੇ ਮਾਣਯੋਗ ਸਪਾਂਸਰ

## Grand Sponsors

**Jasmeet & Jasbir Suga**
SUGA BUILDERS & CONSTRUCTION
COMMERCIAL & RESIDENTIAL
LICENSED • BONDED • INSURED

**Jodi and Mac Bhamra**

**Minni and Gulzar Singh**
PAN-OCEANIC ENGINEERING CO., INC.
General Contractor (certified MBE)

## Sponsors

**Malinder (Rani) K. Dandona**

**Jagjit & Sarbjit Sehra**
J K Cargo Trucking Co.

**Satwant K. Kaler**
Kaler Brothers

**Kamal and Lucky Sahota**
Safeway

**Sukhi and Jesse Singh**
RE/MAX AMERICAN DREAM
Call for best Residential / Commercial Real Estate and Mortgage deals.
Ph: 847-606-3664

**Naina & Devinder Singh**
THE GODDARD SCHOOL
FOR EARLY CHILDHOOD DEVELOPMENT





Owner - Naina Singh
Chicago - West Loop

**Satwant and Avtar S. Multani**






**Vibha Rajput**
Saiba Plaza

**Raj & Bhupinder Dhaliwal**

**Kamal & Inder Hunjan**

**Polly & Gurinder Grewal**

**Punjab Sports Club, Chicago**

**Joti & Dr. Harjinder Khaira**
FAMILY AND COSMETIC DENTISTRY
LAKE STREET DENTAL
630.894.8008

Gurpreet Singh
Retirement & Insurance Advisor
1211 W 22nd Street
Suite #110
Oak Brook, IL 60523
P: 630-537-0990
C: 630-677-0144
F: 630-537-1371
FUTURITY FIRST






SWERA
Women Support Group
ਸਵੇਰਾ
SIKH WOMEN ERA

We Can Help You With
Buying Selling
Investing Managing
Call For More Info
+1 847-322-5832
Pradeep Singh





**Kaajal & Rajveer Gill**
Regal Jewels
Ph: 773-262-4377
www.Regaljewels.Com



SUNIL SHAH
(847) 309 4462

**Sher-E-Punjab Sports Club, Chicago**

CREATIVE LENDING SOLUTIONS

Rupi and Savi Attal
Pammi & Amritpal Sangha
Hardeep Gill

Madeep & Harkewal Lally
Deep & Parminder Walia
Sarabjit and Harinder Singh MIT

Alka & Prajesh Patel
Creative Lending Solutions
Rita and Sanjeev Singh

Design by Kuljeet Dyalpuri

ਭਖਦਾ ਮਸਲਾ

# ਮਨੀਪੁਰ, ਤੂੰ ਕਿਉਂ ਜਲ ਰਿਹੈਂ?

ਮਨੀਪੁਰ ਵਿਚ ਦੋ ਕਬਾਇਲੀ ਮਹਿਲਾਵਾਂ ਨੂੰ ਇਕ ਪਿੰਡ ਵਿਚ ਵੱਡੇ ਹਜੂਮ ਵਲੋਂ ਨੰਗਿਆਂ ਕਰ ਕੇ ਘੁਮਾਇਆ ਗਿਆ। ਇਹ ਘਟਨਾ ਚਾਰ ਮਈ 2023 ਦੀ ਹੈ, ਜਿਸ ਦੀ ਵੀਡੀਓ ਹੁਣ ਵਾਇਰਲ ਹੋਈ ਹੈ। ਵਿਸ਼ਵ ਭਰ ਵਿਚ ਇਸ ਘਟਨਾ ਦੀ ਨਿੰਦਿਆ ਹੋਈ ਹੈ। 'ਮਹਾਨ ਦੇਸ਼ ਭਾਰਤ' ਸ਼ਰਮਸਾਰ ਹੋਇਆ ਹੈ।

ਵੀਡੀਓ ਵਿਚਲੀਆਂ ਦੋ ਮਹਿਲਾਵਾਂ 'ਚੋਂ ਇਕ ਸਾਬਕਾ ਫੌਜੀ ਦੀ ਪਤਨੀ ਹੈ। ਇਸ ਫੌਜੀ ਨੇ ਕਾਰਗਿਲ ਜੰਗ ਲੜੀ ਸੀ। ਉਸਨੂੰ ਇਸ ਗੱਲ ਦਾ ਝੋਰਾ ਖਾ ਰਿਹਾ ਹੈ ਕਿ ਉਸਨੇ ਆਪਣੇ ਦੇਸ਼ ਨੂੰ ਤਾਂ ਮਹਿਫੂਜ਼ ਕਰ ਲਿਆ ਪਰ ਆਪਣੀ ਪਤਨੀ ਨੂੰ ਬੇਇੱਜ਼ਤ ਹੋਣ ਤੋਂ ਨਹੀਂ ਬਚਾ ਸਕਿਆ। ਇਹ ਵੀਡੀਓ ਵਾਇਰਲ ਹੁੰਦਿਆਂ ਹੀ ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨੂੰ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੰਦਿਆਂ ਚਿਤਾਵਨੀ ਦਿੱਤੀ ਗਈ ਕਿ ਜੇ ਉਨ੍ਹਾਂ ਵਲੋਂ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਸੁਪਰੀਮ ਕੋਰਟ ਆਪ ਕਾਰਵਾਈ ਕਰੇਗੀ। ਹੁਣ ਕੁਝ ਦਿਨਾਂ 'ਚ ਹੀ ਪੰਜ ਕਥਿਤ ਦੋਸ਼ੀ ਗ੍ਰਿਫ਼ਤਾਰ ਕਰ ਲਏ ਗਏ ਹਨ। ਦੋ ਮਹੀਨਿਆਂ ਤੋਂ ਵੱਧ ਸਮਾਂ ਬੀਤਣ ਬਾਅਦ ਵੀ ਆਖ਼ਰ ਸਰਕਾਰਾਂ ਨੇ ਕਾਰਵਾਈ ਕਿਉਂ ਨਹੀਂ ਕੀਤੀ? ਸਵਾਲ ਵੱਡਾ ਹੈ।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਮੌਨਸੂਨ ਸੈਸ਼ਨ ਦੇ ਸ਼ੁਰੂ ਹੋਣ ਦੇ ਪਹਿਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ ਦੀ ਨਿੰਦਿਆ ਕੀਤੀ ਅਤੇ ਕਿਹਾ ਕਿ ਉਹ ਬਹੁਤ ਗੁੱਸੇ 'ਚ ਹਨ ਅਤੇ ਇਹ ਘਟਨਾ ਸ਼ਰਮਨਾਕ ਹੈ। ਇਸ ਘਟਨਾ ਸਬੰਧੀ ਵਿਸ਼ਵ ਪ੍ਰਸਿੱਧ ਅਖ਼ਬਾਰ 'ਦਿ ਟੈਲੀਗ੍ਰਾਫ' ਨੇ ਪਹਿਲੇ ਸਫ਼ੇ 'ਤੇ ਮਗਰਮੱਛ ਦੀ ਫੋਟੋ ਛਾਪ ਕੇ 79 ਦਿਨਾਂ ਦੀ ਕਾਰਵਾਈ ਛਾਪ ਕੇ ਲਿਖਿਆ ਹੈ ਕਿ ਆਖ਼ਰ ਘਟਨਾ ਦੇ 79ਵੇਂ ਦਿਨ ਮਨੀਪੁਰ, ਜੋ ਜਲ ਰਿਹਾ ਹੈ, ਸਬੰਧੀ 'ਮਗਰਮੱਛ ਦੇ ਹੰਝੂ' ਵਹਾਏ ਗਏ ਹਨ। ਇਹ ਅੱਥਰੂ ਕਿਸਦੇ ਹਨ, ਹਰ ਕੋਈ ਸਮਝ ਸਕਦਾ ਹੈ।

ਮਨੀਪੁਰ ਦੇ ਮੁੱਖ ਮੰਤਰੀ ਐਨ.ਬੀਰੇਨ ਨੇ ਮਨੀਪੁਰ 'ਚ ਵਾਪਰੀਆਂ ਘਟਨਾਵਾਂ ਸਬੰਧੀ ਕਿਹਾ ਕਿ ਸੂਬੇ 'ਚ ਇਨ੍ਹੀਂ ਦਿਨੀਂ ਸੈਂਕੜੇ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਘਟਨਾਵਾਂ ਸਬੰਧੀ ਐਫ. ਆਈ. ਆਰ. (ਮੁਢਲੀਆਂ ਰਿਪੋਰਟਾਂ) ਦਰਜ ਕੀਤੀਆਂ ਗਈਆਂ ਹਨ।

ਪਰ ਜਿਸ ਢੰਗ ਨਾਲ ਮਨੀਪੁਰ 'ਚ ਪੁਲਿਸ/ਸਿਵਲ ਪ੍ਰਸ਼ਾਸਨ ਕੰਮ ਕਰ ਰਿਹਾ ਹੈ, ਉਸ ਦੀ ਇਕ ਮਿਸਾਲ ਇਹ ਹੈ ਕਿ ਇਕ ਕਬਾਇਲੀ ਮਹਿਲਾ ਨੇ ਸੈਕੂਲ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ 'ਚ ਕਿਹਾ ਗਿਆ ਸੀ ਕਿ ਚਾਰ ਮਈ 2023 ਨੂੰ ਕੋਨੂ ਮਾਰਗ ਨੇੜੇ ਕਿਰਾਏ ਦੇ ਮਕਾਨ 'ਚ ਉਸਦੀ 21 ਸਾਲਾ ਧੀ ਅਤੇ ਧੀ ਦੀ 24 ਸਾਲਾ ਦੋਸਤ ਦਾ ਜਬਰ-ਜਨਾਹ ਕੀਤਾ ਗਿਆ ਅਤੇ ਫਿਰ ਉਸ ਦੀ ਹੱਤਿਆ ਕਰ ਦਿੱਤੀ ਗਈ। ਪੁਲਿਸ ਵਲੋਂ ਇਸ ਸਬੰਧੀ 16 ਮਈ, 2023 ਨੂੰ ਐਫ.ਆਈ.ਆਰ. ਦਰਜ ਕੀਤੀ ਗਈ। ਇਸ ਔਰਤ ਨੇ ਦੋਸ਼ ਲਾਇਆ ਕਿ 4 ਮਈ, 2023 ਨੂੰ ਦੋਵਾਂ ਲੜਕੀਆਂ ਨਾਲ ਬਹੁ-ਗਿਣਤੀ ਭਾਈਚਾਰੇ ਨਾਲ ਸਬੰਧਤ ਵਿਅਕਤੀਆਂ ਨੇ ਜਬਰ-ਜਨਾਹ ਕੀਤਾ ਪਰ ਸਮੂਹਿਕ ਜਬਰ-ਜਨਾਹ ਨਾਲ ਸਬੰਧਤ ਧਾਰਾ, ਕੇਸ ਦਰਜ ਕਰਨ ਲੱਗਿਆਂ, ਦਰਜ ਨਹੀਂ ਕੀਤੀ ਗਈ, ਪੁਲਿਸ ਵਲੋਂ ਮਾਮਲਾ ਦਬਾਉਣ ਦੀ ਕੋਸ਼ਿਸ਼ ਹੋਈ ਹੈ।

ਮਨੀਪੁਰ 'ਚ ਹਿੰਸਾ ਦੌਰਾਨ 150 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। 5000 ਘਰ ਸਾੜੇ ਜਾ ਚੁੱਕੇ ਹਨ। 60,000 ਲੋਕ ਘਰ ਛੱਡ ਕੇ ਹੋਰ ਸੁਰੱਖਿਅਤ ਥਾਵਾਂ 'ਤੇ ਨਿਵਾਸ ਕਰ ਰਹੇ ਹਨ। ਮਨੀਪੁਰ ਹਿੰਸਾ ਨਾਲ ਝੰਭਿਆ ਪਿਆ ਹੈ। ਪਿਛਲੇ ਕੁਝ ਮਹੀਨਿਆਂ ਤੋਂ ਕੁਕੀ ਅਤੇ ਮੈਤੇਈ ਭਾਈਚਾਰਿਆਂ ਵਿਚਕਾਰ ਟਕਰਾਅ ਚੱਲ ਰਿਹਾ ਹੈ। ਨਫ਼ਰਤ, ਸਾੜੇ ਦੇ ਬੱਦਲ ਪੂਰੇ ਮਨੀਪੁਰ 'ਤੇ ਛਾਏ ਹੋਏ ਹਨ। ਆਖ਼ਰ ਕੌਣ ਜ਼ਿੰਮੇਵਾਰ ਹੈ ਇਸ ਨਫ਼ਰਤੀ ਮਾਹੌਲ ਦਾ?

ਮਨੀਪੁਰ 'ਚ ਘਟਨਾਵਾਂ ਤਾਂ ਸੈਂਕੜੇ ਵਾਪਰੀਆਂ ਹਨ ਜਾਂ ਵਾਪਰ ਰਹੀਆਂ ਹਨ ਪਰ ਔਰਤਾਂ ਨਾਲ ਜਬਰ-ਜਨਾਹ ਦੀਆਂ ਘਟਨਾਵਾਂ 1984 'ਚ ਦਿੱਲੀ ਅਤੇ ਹੋਰ ਸ਼ਹਿਰਾਂ 'ਚ ਵਾਪਰੀਆਂ ਅਜਿਹੀਆਂ ਘਟਨਾਵਾਂ ਦੀ ਯਾਦ ਤਾਜ਼ਾ ਕਰ ਰਹੀਆਂ ਹਨ, ਜਦੋਂ ਸਿੱਖਾਂ ਦਾ ਕਤਲੇਆਮ ਇਸੇ ਕਿਸਮ ਦੀਆਂ ਭੀੜਾਂ ਵਲੋਂ ਕੀਤਾ ਗਿਆ, ਉਨ੍ਹਾਂ ਦੇ ਘਰ ਸਾੜੇ ਗਏ। ਗਲਾਂ 'ਚ ਟਾਇਰ ਪਾ ਕੇ ਅੱਗ ਲਾ ਕੇ ਉਨ੍ਹਾਂ ਨੂੰ ਸਾੜਿਆ ਗਿਆ। ਸਿੱਖ ਔਰਤਾਂ ਨਾਲ ਸ਼ਰ੍ਹੇਆਮ ਬਲਾਤਕਾਰ ਹੋਏ। ਸੜਕਾਂ ਉਤੇ ਦਹਿਸ਼ਤੀ ਮਾਹੌਲ ਬਣਾਇਆ ਗਿਆ। ਇਹ ਸਭ ਕੁਝ ਹਾਕਮ ਧਿਰਾਂ ਦੇ ਪਾਲੇ 'ਯੋਧਿਆਂ' ਦੀ ਕਮਾਨ ਹੇਠ ਹੋਇਆ।

ਮਨੀਪੁਰ ਦੀਆਂ ਘਟਨਾਵਾਂ ਵੀ ਹਾਕਮ ਟੋਲੇ ਦੀ ਸ਼ਹਿ ਉਤੇ ਹੋਣ ਦੇ ਸਪੱਸ਼ਟ ਸੰਕੇਤ ਹਨ, ਕਿਉਂਕਿ ਜਿਨ੍ਹਾਂ ਦੋ ਔਰਤਾਂ ਨੂੰ ਨੰਗੇ ਘੁਮਾਇਆ ਗਿਆ, ਉਨ੍ਹਾਂ ਨੂੰ ਪਹਿਲਾਂ ਪੁਲਿਸ ਨੇ ਆਪਣੀ ਗੱਡੀ 'ਚ ਬਿਠਾਇਆ, ਫਿਰ ਥੋੜ੍ਹੀ ਦੇਰ ਬਾਅਦ ਭੀੜ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਪੀੜਤ ਔਰਤਾਂ ਨੇ ਆਪਣੀ ਦਰਦ ਕਹਾਣੀ ਬਿਆਨ ਕੀਤੀ ਹੈ।

ਜਦੋਂ ਮਨੀਪੁਰ ਸੜ ਰਿਹਾ ਸੀ। ਕੇਂਦਰ ਸਰਕਾਰ ਚੁੱਪ ਰਹੀ। ਸਰਕਾਰੀ ਅਸਲਾਖਾਨੇ ਵਿਚੋਂ 4000 ਸਵੈਚਾਲਿਤ ਹਥਿਆਰ ਅਤੇ ਗੋਲੀ ਬਾਰੂਦ ਲੁੱਟ ਲਿਆ ਗਿਆ, ਪਰ ਸੁਰੱਖਿਆ ਬਲ ਹੱਥ 'ਤੇ ਹੱਥ ਧਰ ਕੇ ਬੈਠੇ ਰਹੇ। ਦੇਸ਼ ਦੇ ਗ੍ਰਹਿ ਮੰਤਰੀ ਇਕ ਵਾਰ ਮਨੀਪੁਰ ਦੇ ਦੌਰੇ 'ਤੇ ਗਏ ਪਰ ਕੋਈ ਸਖ਼ਤ ਕਦਮ ਨਹੀਂ ਚੁੱਕਿਆ, ਜਿਸ ਨਾਲ ਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ। ਆਖ਼ਿਰ ਉਪਰਲੀ, ਹੇਠਲੀ ਸਰਕਾਰ ਨੇ ਇਨ੍ਹਾਂ ਘਟਨਾਵਾਂ 'ਤੇ ਚੁੱਪੀ ਕਿਉਂ ਵੱਟੀ ਰੱਖੀ?



ਮਨੀਪੁਰ, ਭਾਰਤ ਦੇ ਉੱਤਰ-ਪੂਰਬ ਵਿਚ ਸਰਹੱਦੀ ਸੂਬਾ ਹੈ, ਜਿਸ ਦੀ 352 ਕਿਲੋਮੀਟਰ ਹੱਦ ਅੰਤਰਰਾਸ਼ਟਰੀ ਸਰਹੱਦਾਂ ਨਾਲ ਲਗਦੀ ਹੈ। ਇਸ ਦੇ ਉੱਤਰ ਵਿਚ ਨਾਗਾਲੈਂਡ, ਦੱਖਣ 'ਚ ਮਿਜ਼ੋਰਮ, ਪੂਰਬ 'ਚ ਮੀਆਂਮਾਰ ਅਤੇ ਪੱਛਮ 'ਚ ਆਸਾਮ ਦਾ ਇਕ ਜ਼ਿਲ੍ਹਾ ਕੱਚਰ ਲਗਦਾ ਹੈ।

ਮੌਜੂਦਾ ਘਟਨਾਵਾਂ ਦਾ ਆਰੰਭ ਉਸ ਵੇਲੇ ਹੋਇਆ ਜਦੋਂ ਸੂਬੇ ਦੇ ਦੋ ਗਰੁੱਪਾਂ ਕੁਕੀ ਅਤੇ ਮੈਤੇਈ 'ਚ ਹਿੰਸਕ ਝੜਪਾਂ ਤਿੰਨ ਮਈ 2023 ਨੂੰ ਆਰੰਭ ਹੋਈਆਂ। ਆਪਸੀ ਝੜਪਾਂ ਦਾ ਤਤਕਾਲੀ ਕਾਰਨ ਇਹ ਬਣਿਆ ਕਿ ਜਿਸ ਕੁਕੀ ਭਾਈਚਾਰੇ ਅਤੇ ਨਾਗਾ ਕਬੀਲਿਆਂ ਨੂੰ ਸ਼ਡਿਊਲਡ ਕਬੀਲੇ ਮੰਨ ਕੇ ਸਰਕਾਰ ਵਲੋਂ ਸਹੂਲਤਾਂ ਮਿਲਦੀਆਂ ਸਨ, ਉਨ੍ਹਾਂ ਵਿਚ ਮੈਤੇਈ ਕਬੀਲਿਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਤਾਂ ਕਿ ਉਨ੍ਹਾਂ ਨੂੰ ਵੀ ਬਣਦੇ ਆਰਥਿਕ ਲਾਭ ਮਿਲ ਸਕਣ। ਮੈਤੇਈ ਭਾਈਚਾਰਾ ਪਿਛਲੇ ਇਕ ਦਹਾਕੇ ਤੋਂ ਇਸ ਦੀ ਮੰਗ ਕਰ ਰਿਹਾ ਸੀ।

ਇਸ ਮੰਗ ਨੂੰ ਅਪ੍ਰੈਲ 2023 ਨੂੰ ਉਦੋਂ ਬਲ ਮਿਲਿਆ ਜਦੋਂ ਮਨੀਪੁਰ ਹਾਈਕੋਰਟ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਇਹ ਮੰਗ ਮੰਨੀ ਜਾਏ। ਅਤੇ ਇਸੇ ਸਾਲ ਮਈ ਦੇ ਅੱਧ ਤਕ ਲਾਗੂ ਕੀਤੀ ਜਾਵੇ। ਇਸ ਤਹਿਤ ਮੈਤੇਈ ਕਬੀਲੇ ਨੂੰ ਸਿੱਖਿਆ ਅਤੇ ਸਰਕਾਰੀ ਨੌਕਰੀਆਂ 'ਚ ਹਿੱਸਾ ਮਿਲ ਜਾਣਾ ਹੈ, ਜਿਹੜਾ ਪਹਿਲਾਂ ਸਿਰਫ਼ ਕੁਕੀ ਅਤੇ ਨਾਗਾ ਕਬੀਲਿਆਂ ਨੂੰ ਮਿਲਦਾ ਹੈ।

ਕੁਕੀ ਅਤੇ ਨਾਗਾ ਕਬੀਲੇ ਪਹਾੜੀ ਹਿੱਸੇ 'ਚ ਰਹਿੰਦੇ ਹਨ ਜਿਹੜੇ ਕੁੱਲ ਮਨੀਪੁਰ ਆਬਾਦੀ ਦਾ 43 ਫ਼ੀਸਦੀ ਹਨ ਅਤੇ ਉਸ ਖਿੱਤੇ 'ਚ ਰਹਿੰਦੇ ਹਨ ਜਿਹੜਾ ਵਿਕਸਤ ਨਹੀਂ ਹੈ ਜਦਕਿ ਮੈਤੇਈ ਕਬੀਲੇ ਦੇ ਲੋਕ (ਜਿਨ੍ਹਾਂ ਦੀ ਆਬਾਦੀ ਸੂਬੇ ਦੀ ਆਬਾਦੀ 'ਚੋਂ ਅੱਧ ਤੋਂ ਵੱਧ ਹੈ) ਵਿਕਸਿਤ ਇਲਾਕਿਆਂ 'ਚ ਰਹਿੰਦੇ ਹਨ।

ਮਨੀਪੁਰ 'ਚ ਭਾਰਤੀ ਜਨਤਾ ਪਾਰਟੀ ਦਾ ਰਾਜ ਹੈ ਅਤੇ ਇੱਥੋਂ ਦਾ ਮੁੱਖ ਮੰਤਰੀ ਬੀਰੇਨ ਸਿੰਘ, ਮੈਤੇਈ ਕਬੀਲੇ ਦਾ ਹੈ ਅਤੇ ਕੁਕੀ ਕਬੀਲੇ ਦੇ ਲੋਕਾਂ ਦਾ ਇਲਜ਼ਾਮ ਹੈ ਕਿ ਇਹ ਸਭ ਕੁਝ ਦੇ ਪਿੱਛੇ ਮੈਤੇਈ ਮੁੱਖ ਮੰਤਰੀ ਬੀਰੇਨ ਸਿੰਘ ਦੀ ਸਾਜ਼ਿਸ਼ ਹੈ ਅਤੇ ਉਹੀ ਅਜਿਹੀਆਂ ਘਟਨਾਵਾਂ ਖ਼ਾਸ ਕਰਕੇ ਪੁਲਿਸ ਪ੍ਰਸ਼ਾਸਨ ਨੂੰ ਚੁੱਪ ਕਰਾਉਣ-ਕਰਨ ਦੇ ਜ਼ਿੰਮੇਵਾਰ ਹਨ, ਜਿਨ੍ਹਾਂ ਦੀ ਸੂਬੇ 'ਚ ਸ਼ਾਂਤੀ ਬਹਾਲ ਕਰਨ ਦੀ ਜ਼ਿੰਮੇਵਾਰੀ ਹੈ।

ਇਸ ਵੇਲੇ ਮਨੀਪੁਰ 'ਚ ਗ੍ਰਹਿ ਯੁੱਧ ਚੱਲ ਰਿਹਾ ਹੈ। ਵੱਡੀ ਗਿਣਤੀ ਪੈਰਾ ਮਿਲਟਰੀ ਫੋਰਸਿਜ਼ ਦੀ ਤਾਇਨਾਤੀ ਦੇ ਬਾਵਜੂਦ ਪੁਲਿਸ ਅਸਲਾ ਲੁੱਟਿਆ ਗਿਆ ਹੈ, ਸੈਂਕੜੇ ਚਰਚ ਅਤੇ ਇਕ ਦਰਜਨ ਮੰਦਿਰ ਢਾਹੇ ਗਏ ਹਨ। ਨਾਗਾ ਅਤੇ ਕੁਕੀ ਕਬੀਲਾ ਈਸਾਈ ਹੈ, ਮੈਤੇਈ ਬਹੁਤਾ ਕਰਕੇ ਹਿੰਦੂ ਹਨ, ਪਰ ਮੌਜੂਦਾ ਸੰਘਰਸ਼ ਧਾਰਮਿਕ ਨਹੀਂ ਹੈ।

ਭਾਵੇਂ ਲੰਮੇ ਸਮੇਂ ਤੋਂ ਮੈਤੇਈ, ਕੁਕੀ, ਨਾਗਾ ਕਬੀਲੇ ਇਕ-ਦੂਜੇ ਨਾਲ ਵੈਰ ਵਿਰੋਧ ਦੇ ਹੁੰਦਿਆਂ ਵੀ ਆਪਣੇ ਲਈ ਹੋਮ ਲੈਂਡ ਲਈ ਭਾਰਤ ਦੇ ਸੁਰੱਖਿਆ ਬਲਾਂ ਨਾਲ ਲੜਦੇ ਰਹੇ ਹਨ, ਪਰ ਹੁਣ ਵਾਲੀਆਂ ਘਟਨਾਵਾਂ ਪਿੱਛੇ ਹੋਰ ਵੀ ਵੱਡੇ ਕਾਰਨ ਹਨ, ਜਿਨ੍ਹਾਂ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਉਨ੍ਹਾਂ ਵਿਚ ਫੈਲੀ ਅਸੰਤੁਸ਼ਟਤਾ ਹੈ। ਇਹ ਮਨੀਪੁਰ ਦੇ ਸਾਰੇ ਵਰਗਾਂ ਦੇ ਲੋਕਾਂ 'ਚ ਹੈ। ਭਾਵੇਂ ਉਹ ਕਿਸੇ ਵੀ ਕਬੀਲੇ ਦੇ ਹਨ।

ਜਿਹੋ ਜਿਹੀ ਗੰਭੀਰ ਸਥਿਤੀ ਮਨੀਪੁਰ ਵਿਚ ਬਣੀ ਹੋਈ ਹੈ, ਉਹ ਚਿੰਤਾਜਨਕ ਹੈ। ਇਹੋ ਜਿਹੇ ਸਮਿਆਂ 'ਚ ਹਾਕਮਾਂ ਦੀ ਚੁੱਪੀ ਪ੍ਰੇਸ਼ਾਨ ਕਰਦੀ ਹੈ। ਦੇਸ਼ ਵਿਚ ਘੱਟ ਗਿਣਤੀ ਨੂੰ ਸਬਕ ਸਿਖਾਉਣ ਦਾ ਜੋ ਵਰਤਾਰਾ ਚੱਲ ਰਿਹਾ ਹੈ, ਉਸਦੀ ਝਲਕ ਮਨੀਪੁਰ 'ਚ ਵਿਖਾਈ ਦੇ ਰਹੀ ਹੈ।

ਮਨੀਪੁਰ ਵਿਚ ਵਸਦੇ ਕੁਕੀ ਤੇ ਮੈਤੇਈ ਭਾਈਚਾਰਿਆਂ 'ਚ ਸ਼ੱਕ, ਨਫ਼ਰਤ, ਹਿੰਸਾ ਦਾ ਮਾਹੌਲ ਹੈ। ਇਸੇ ਕਰਕੇ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਦਿਨੋਂ-ਦਿਨ ਵਧ ਰਹੀਆਂ ਹਨ। ਦੋਹਾਂ ਧਿਰਾਂ 'ਚ ਆਪਸੀ ਭਰੋਸਾ ਪੈਦਾ ਕਰਨ ਦੇ ਕੋਈ ਯਤਨ ਨਹੀਂ ਹੋ ਰਹੇ। ਨਾ ਸਰਕਾਰੀ, ਨਾ ਹੀ ਗੈਰ-ਸਰਕਾਰੀ, ਨਾ ਸਿਆਸੀ।

ਸਵਾਲਾਂ ਦਾ ਸਵਾਲ ਇਹ ਹੈ ਕਿ ਭਾਰਤ ਦਾ ਗ੍ਰਹਿ ਵਿਭਾਗ ਇਨ੍ਹਾਂ ਵਾਪਰੀਆਂ ਘਟਨਾਵਾਂ 'ਤੇ ਚੁੱਪ ਕਿਉਂ ਹੈ? ਕੀ ਜੇਕਰ ਇਹ ਮਹਿਲਾਵਾਂ ਵਾਲੀ ਵੀਡੀਓ ਵਾਇਰਲ ਨਾ ਹੁੰਦੀ ਤਾਂ ਕੀ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪ ਹੀ ਬੈਠਾ ਰਹਿੰਦਾ? ਉਹ 79ਵੇਂ ਦਿਨ ਹੀ 4 ਮਈ ਦੀ ਸ਼ਰਮਨਾਕ ਘਟਨਾ 'ਤੇ ਕਿਉਂ ਬੋਲਿਆ?

4 ਮਈ 2023 ਦੀ ਘਟਨਾ ਸਬੰਧੀ ਦੇਸ਼ ਦਾ ਮੀਡੀਆ ਚੁੱਪ ਕਿਉਂ ਬੈਠਾ ਰਿਹਾ? ਕੀ ਦੇਸ਼ ਦੀਆਂ ਸਮਾਚਾਰ ਏਜੰਸੀਆਂ, ਵੱਡੇ-ਵੱਡੇ ਪ੍ਰਿੰਟ ਮੀਡੀਆ ਦੇ ਅਖ਼ਬਾਰ, ਚੈਨਲ ਇਨ੍ਹਾਂ ਘਟਨਾਵਾਂ ਦੀ ਥਾਹ ਹੀ ਨਾ ਪਾ ਸਕੇ?

ਗੋਦੀ ਮੀਡੀਆ ਨੇ ਤਾਂ ਚੁੱਪ ਵੱਟ ਕੇ ਬੈਠਣਾ ਹੀ ਸੀ, ਪਰ ਦੂਜਾ ਮੀਡੀਆ ਵੀ ਅਜਿਹੀਆਂ ਘਟਨਾਵਾਂ ਨੂੰ ਲੋਕਾਂ ਸਾਹਮਣੇ ਕਿਉਂ ਨਹੀਂ ਲੈ ਕੇ ਆ ਸਕਿਆ? ਆਖ਼ਰ ਸੋਸ਼ਲ ਮੀਡੀਆ ਹੀ ਇਹੋ ਜਿਹੀਆਂ ਸ਼ਰਮਨਾਕ ਘਟਨਾਵਾਂ ਉਤੋਂ ਪਰਦਾ ਚੁੱਕ ਸਕਿਆ ਹੈ।

ਇਥੇ ਹੈਰਾਨੀ ਵਾਲਾ ਸਵਾਲ ਸਿਆਸੀ ਆਗੂਆਂ ਨੂੰ ਵੀ ਪੁੱਛਿਆ ਜਾਣਾ ਬਣਦਾ ਹੈ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਕਿ ਉਹ ਮਨੁੱਖ ਮਾਰੂ ਔਰਤ ਵਿਰੋਧੀ, ਨਫਰਤ ਫੈਲਾਉਣ ਵਾਲੇ ਲੋਕਾਂ ਵਿਰੁੱਧ ਸਮੇਂ ਸਿਰ ਕਿਉਂ ਨਾ ਬੋਲ ਸਕੇ? ਕੀ ਇਨ੍ਹਾਂ ਘਟਨਾਵਾਂ ਦੀ ਸੂਚਨਾ ਉਨ੍ਹਾਂ ਤਕ ਪਹਿਲਾਂ ਨਹੀਂ ਪਹੁੰਚੀ? ਜਾਪਦਾ ਹੈ ਮਨੁੱਖ ਦਾ ਲਹੂ ਸਫੈਦ ਹੋ ਗਿਆ ਹੈ।

ਸਵਾਲ ਤਾਂ ਇਹ ਵੀ ਹੈ ਕਿ ਕਿਉਂ ਸਾਡੇ ਸਮਾਜ ਨੇ ਰੂੜ੍ਹੀਵਾਦੀ, ਭਰਾ ਮਾਰੂ, ਨਫ਼ਰਤੀ ਵਰਤਾਰੇ ਨੂੰ ਧਰਮ, ਜਾਤ ਦੇ ਨਾਂ 'ਤੇ ਵਧਣ ਫੁੱਲਣ ਦਿੱਤਾ ਹੋਇਆ ਹੈ? ਕਿਉਂ ਦੇਸ਼ ਦਾ ਬੁੱਧੀਜੀਵੀ, ਲੇਖਕ, ਸਭਿਅਕ ਆਗੂ, ਚੇਤੰਨ ਲੋਕ, ਭਾਰਤੀ ਪਰੰਪਰਾਵਾਂ ਦੇ ਹਿੱਤ 'ਚ ਬੋਲਣ ਦੀ ਥਾਂ ਡਰ ਦੇ ਮਾਹੌਲ 'ਚ ਜੀਊਣਾ ਸਿੱਖ ਰਹੇ ਹਨ।

ਫਿਲਾਸਫਰ ਸਾਰਤਰ ਦੇ ਸ਼ਬਦ ਯਾਦ ਆਉਂਦੇ ਹਨ, 'ਸੱਤਾਧਾਰੀ, ਸਾਡੀਆਂ ਜ਼ਬਾਨਾਂ ਬੰਦ ਕਰਨ 'ਤੇ ਲੱਗੇ ਹੋਏ ਹਨ। ਅਸੀਂ ਚੁੱਪ ਹਾਂ। ਅਸੀਂ ਹਰ ਵੇਲੇ ਕੈਦ, ਜਲਾਵਤਨੀ ਤੇ ਮੌਤ ਬਾਰੇ ਸੋਚਣ 'ਤੇ ਮਜਬੂਰ ਕਰ ਦਿੱਤੇ ਗਏ ਹਾਂ। ਅੱਜ ਹਰ ਪਾਸੇ-ਕੰਧਾਂ 'ਤੇ, ਅਖ਼ਬਾਰਾਂ ਵਿਚ, ਮੀਡੀਆ ਤੇ, ਸਾਨੂੰ ਆਪਣੀ ਬੇਪਤੀ ਵਾਲੀ ਤਸਵੀਰ ਵੇਖਣ ਨੂੰ ਮਿਲ ਰਹੀ ਹੈ, ਜੋ ਕਿ ਸਾਡੇ ਹੁਕਮਰਾਨ ਸਾਨੂੰ ਕਬੂਲ ਕਰਾਉਣਾ ਚਾਹੁੰਦੇ ਹਨ।'

ਇਹ ਸਭ ਕੁਝ ਕਦੇ ਫਰਾਂਸ 'ਚ ਵਾਪਰਦਾ ਸੀ, ਅੱਜ ਇੱਥੇ ਵਾਪਰ ਰਿਹਾ ਹੈ। ਕੀ ਭਾਰਤੀ ਬੇਬਸ ਹੋ ਗਏ ਹਨ।

'ਬੋਲ ਕਿ ਲਬ ਆਜ਼ਾਦ ਹੈਂ ਤੇਰੇ,
ਬੋਲ ਜ਼ਬਾਂ ਅਬ ਤਕ ਤੇਰੀ ਹੈ,'- ਫ਼ੈਜ਼ ਅਹਿਮਦ ਫ਼ੈਜ਼

## ਮਨੀਪੁਰ ਦੀਆਂ ਘਟਨਾਵਾਂ ਨੂੰ ਸਮਰਪਿਤ

### ਭਾਰਤ ਦੇਸ਼ ਮਹਾਨ

ਭਾਰਤ ਦੇਸ਼ ਮਹਾਨ ਹੈ ਅੱਜ ਮੈਂ ਉਸਦੀ ਕਥਾ ਸੁਣਾਵਾਂ
ਕਿੰਜ ਧੀਆਂ ਨੂੰ ਕਰਕੇ ਨੰਗੀਆਂ ਨੋਚਿਆ ਕੁੱਤਿਆਂ ਕਾਂਵਾਂ।

ਸੜਕਾਂ ਉਤੇ ਬੇਸ਼ਰਮੀ ਦੇ ਨਾਚ ਮਰਦ ਨੇ ਕੀਤੇ
ਤੱਕਦੀ ਰਹੀ ਤਮਾਸ਼ਾ ਖ਼ਲਕਤ ਖੜ੍ਹ ਕੇ ਚੁੱਪ ਚੁਪੀਤੇ।

ਅਲਫ਼ ਨੰਗੀ ਕਰ ਕੇ ਔਰਤ ਨੂੰ ਮਰਦ ਨੇ ਨਾਮ ਕਮਾਇਆ
ਜਿਸ ਔਰਤ ਨੇ ਜਨਮ ਸੀ ਦਿੱਤਾ ਕਹਿਰ ਓਸ 'ਤੇ ਢਾਇਆ।

ਔਰਤ ਨੇ ਜਦ ਮਰਦ ਨੂੰ ਜੰਮਿਆ ਬੇ-ਗੈਰਤ ਸੀ ਨੰਗਾ
ਉਸ ਮਾਂ ਦੀ ਹੀ ਇੱਜ਼ਤ ਲੁੱਟ ਕੇ ਫਿਰੇ ਨਹਾਉਂਦਾ ਗੰਗਾ।

ਔਰਤ ਮਾਂ ਹੈ, ਔਰਤ ਧੀ ਹੈ, ਗੰਗਾ ਨਦੀ ਵੀ ਮਾਂ ਹੈ
ਪਰ ਨਿਰਲੱਜ ਮਰਦ ਦੇ ਅੰਦਰ ਸ਼ਰਮ ਦੀ ਕਿੱਥੇ ਥਾਂ ਹੈ।

ਜੱਜ, ਵਕੀਲ, ਦਲੀਲ, ਅਪੀਲ ਨਾ ਕਿਧਰੇ ਹੈ ਸੁਣਵਾਈ
ਮੋਦੀ ਫਿਰੇ ਜਹਾਜ਼ਾਂ ਉਤੇ ਭੁੱਬਦੀ ਜਾਏ ਲੁਕਾਈ।

ਮੋਦੀ ਦੀ ਸਰਕਾਰ ਧਰਮ ਦੇ ਨਾਂ 'ਤੇ ਜ਼ੁਲਮ ਕਮਾਵੇ
ਵਹਿਸ਼ੀ ਮਰਦਾਂ ਹੱਥੋਂ ਔਰਤ ਹਰ ਥਾਂ ਲੁੱਟੀ ਜਾਵੇ।

ਚੁੱਪ ਹੈ ਕਿਉਂ, ਸਮ੍ਰਿਤੀ ਈਰਾਨੀ ਮੂੰਹ ਨੂੰ ਲਾ ਕੇ ਤਾਲੇ
ਲੱਖ ਲਾਹਣਤ ਹੈ ਉਸ 'ਤੇ ਜੋ ਨਾ ਔਰਤ ਦਾ ਪੱਖ ਪਾਲੇ।

ਕੀ ਔਰਤ ਪਾ ਗਹਿਣੇ ਗੱਟੇ, ਮੂਰਤ ਬਣ ਕੇ ਰਹਿ ਗਈ
ਰਾਣੀ ਝਾਂਸੀ, ਮਾਂ ਭਾਗੋ ਦੀ ਸਿੱਖਿਆ ਭੁੱਲ ਕੇ ਬਹਿ ਗਈ।

ਉਠੋ ਭੈਣੋ, ਧੀਓ, ਅੰਮੀਓ, ਜ਼ਾਲਮ ਨੂੰ ਲਲਕਾਰੋ
ਸ਼ਸਤਰ ਧਾਰੀ ਬਣੋ, ਜ਼ਾਲਮਾਂ ਤਾਈਂ ਚੁਣ ਚੁਣ ਮਾਰੋ।

ਹਰ ਥਾਂ ਚੀਰ ਹਰਨ ਪਏ ਹੋਂਦੇ ਪੰਚਾਲੀ ਕੁਰਲਾਵੇ
ਕੋਈ ਕ੍ਰਿਸ਼ਨ ਕਨ੍ਹੱਈਆ ਉਸਦੀ ਪੱਤ ਢੱਕਣ ਨਾ ਆਵੇ।

ਗੋਦੀ ਮੀਡੀਆ ਵਿਕਿਆ ਹੋਇਆ ਗੁਣ ਮੋਦੀ ਦੇ ਗਾਵੇ
ਨਾ ਕੋਈ ਜ਼ਖ਼ਮ ਕਿਸੇ ਦੇ ਬੰਨ੍ਹੇ ਨਾ ਕੋਈ ਮਰਹਮ ਲਾਵੇ।

ਕਲਮਾਂ ਵਾਲਿਓ ਉਠੋ ਵੀਰੋ ਕਲਮਾਂ ਅੱਜ ਚਲਾਓ
ਬਦਲ ਦਿਓ ਇਹ ਰਾਜ ਭਾਗ ਤੇ ਤਖ਼ਤਾਂ ਨੂੰ ਪਲਟਾਓ।

ਕੀ ਔਰਤ ਦੀ ਜੂਨ ਬਣਾਈ ਲਿਖੇ ਨੇ ਕੈਸੇ ਲੇਖ
ਇਹੋ ਹਮਾਰਾ ਜੀਵਣਾ ਤੂ ਸਾਹਿਬ ਸੱਚੇ ਵੇਖ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

### ਭਾਰਤ ਦਾ ਅਸਲੀ ਚਿਹਰਾ

ਏਹ ਹੈ ਭਾਰਤ ਦਾ, ਅਸਲੀ ਚਿਹਰਾ।
ਹਿੰਦੁਸਤਾਨ ਦਾ, ਗਰਕਿਆ ਵਿਹੜਾ।

ਖਿਡਾਰਨਾਂ ਨੇ, ਇਨਸਾਫ਼ ਸੀ ਮੰਗਿਆ।
ਸਭਨਾਂ ਨੂੰ ਪਤਾ ਹੈ, ਮਿਲਿਆ ਜਿਹੜਾ।

ਹਾਥਰਸ ਯੂ ਪੀ ਦੀ, ਓਹ ਕਹਾਣੀ।
ਪਤਾ ਹੈ ਸਭ ਨੂੰ, ਕੌਣ ਦੋਸ਼ੀ ਕਿਹੜਾ।

ਏਸ ਤਰ੍ਹਾਂ ਦੀਆਂ, ਬਹੁਤ ਸਚਾਈਆਂ।
ਬਿਆਨਬਾਜ਼ੀਆਂ ਦੇ, ਛੜਾਵਣ ਖਹਿੜਾ।

ਬੋਦਲਾਂ ਦੇ ਸੁੱਖਵਿੰਦਰਾ, ਏਹ ਭਾਰਤ।
ਹੁਣ ਨਹੀਂ ਰਿਹਾ, ਜੋ ਸੀ ਤੇਰਾ ਮੇਰਾ।

*-ਸੁੱਖਵਿੰਦਰ ਬੋਦਲਾਂਵਾਲਾ*
*ਵਾਸ਼ਿੰਗਟਨ ( ਯੂ ਐਸ ਏ )*

# ਗਵਾਰਾਂ ਦਾ ਹਾਸਾ

ਚਰਨਜੀਤ ਭੁੱਲਰ

**ਚੰਡੀਗੜ੍ਹ :** ਅੱਜ ਸ਼ੁਰੂਆਤ 'ਦੀਵਾਰ' ਫਿਲਮ ਦੇ ਮਸ਼ਹੂਰ ਡਾਇਲਾਗ ਨਾਲ, 'ਮੇਰੇ ਪਾਸ ਬੰਗਲਾ ਹੈ, ਗਾਡੀ ਹੈ, ਤੁਮਹਾਰੇ ਪਾਸ ਕਿਆ ਹੈ? ...ਮੇਰੇ ਪਾਸ ਮਾਂ ਹੈ'। ਮਨ ਹੌਲਾ ਨਾ ਕਰੋ ਸੱਜਣੋ! ਰੁੱਤਾਂ ਕੋਲ ਜੇ ਇੰਦਰ ਦੇਵਤਾ ਹੈ ਤਾਂ ਪੰਜਾਬ ਕੋਲ ਵੀ ਮਹਾਰਾਜਾ ਅਮਰਿੰਦਰ ਹਨ, ਬੀਬੀ ਰਜਿੰਦਰ ਕੌਰ ਭੱਠਲ ਹਨ। ਪਾਣੀ ਸਿਰੋਂ ਲੰਘਦਾ ਦਿਖੇ ਤਾਂ ਮਹਾਰਾਣੀ ਪ੍ਰਨੀਤ ਕੌਰ ਵੀ ਹਨ। ਏਨੇ ਪ੍ਰਤਾਪੀ ਚਿਹਰੇ ਹੋਣ, ਫਿਰ ਘੱਗਰਾਂ ਦੀ ਕੀ ਮਜਾਲ। 'ਚੰਗੇ ਮਲਾਹ ਦੀ ਪਛਾਣ ਤੂਫਾਨ ਆਏ ਤੋਂ ਹੀ ਹੁੰਦੀ ਹੈ।' ਇਕੱਲੇ ਪਾਣੀਆਂ ਦੇ ਰਾਖੇ ਨਹੀਂ, ਮਲਾਹਾਂ ਦੇ ਵੀ ਬਾਦਸ਼ਾਹ ਨੇ ਅਮਰਿੰਦਰ। ਨਹੀਂ ਯਕੀਨ ਤਾਂ ਗੁਟਕਾ ਸਾਹਿਬ ਦੀ ਸਹੁੰ ਚੁਕਵਾ ਦਿੰਦੇ ਹਾਂ। ਭਲਿ"! ਪੰਜਾਬ ਖਾਤਰ ਤਾਂ ਅਮਰਿੰਦਰ ਭਾਜਪਾ ਦੇ ਘਰ ਤੱਕ ਚਲੇ ਗਏ ਨੇ। ਹੋਰ ਕੀ ਭਾਲਦੇ ਹੋ..!

ਪਹਿਲਾਂ ਲਹਿਰਾਗਾਗਾ ਚੱਲਦੇ ਹਾਂ। ਬੀਬੀ ਭੱਠਲ ਕਿਤੇ ਲੰਡਨ ਨਾ ਗਏ ਹੁੰਦੇ, ਘੱਗਰ ਦੀ ਸਾਰ ਲੈਣ 'ਚ ਉਨ੍ਹਾਂ ਅੱਗੇ ਹੋਣਾ ਸੀ। ਚੇਤੇ ਕਰੋ ਉਹ ਦਿਨ, ਜਦੋਂ ਇੰਦਰ ਦੇਵਤਾ ਜੁਆਕਾਂ ਵਾਂਗੂ ਰੁੱਸੇ ਸਨ। ਸੋਕੇ ਨੇ ਬੱਸ ਕਰਵਾ ਦਿੱਤੀ ਸੀ। ਉਦੋਂ ਘੱਗਰ ਐਨ ਸੁੱਕਾ ਸੀ, ਚੰਡੀਗੜ੍ਹ 'ਚ ਹਾਰ ਸ਼ਿੰਗਾਰ ਲਾ ਕੇ, ਘੱਗਰੇ ਪਾ ਕੇ ਬੀਬੀਆਂ ਕੱਠੀਆਂ ਹੋਈਆਂ, ਤੀਆਂ ਮਨਾਉਣ ਲਈ ਨਹੀਂ, ਇੰਦਰ ਦੇਵਤਾ ਨੂੰ ਮਨਾਉਣ ਵਾਸਤੇ। ਅਗਵਾਈ ਉਦੋਂ ਦੀ ਮੰਤਰੀ ਬੀਬੀ ਭੱਠਲ ਨੇ ਕੀਤੀ ਸੀ। ਸਖ਼ੀਆਂ ਰਲ ਮਿਲ ਗੁੱਡੀ ਫੂਕੀ। ਗੁਲਜ਼ਾਰ ਵੀ ਸ਼ਰਧਾ 'ਚ ਗੁਣਗਣਾਏ ਸਨ.. 'ਅੱਲਾ ਮੇਘ ਦੇ..'।

ਨਵੀਂ ਪੀੜ੍ਹੀ ਨੂੰ ਨਹੀਂ ਪਤਾ ਕਿ ਸੋਕਾ ਪੈਣ 'ਤੇ ਕੁੜੀਆਂ ਗੁੱਡੀ ਫੂਕਦੀਆਂ ਨੇ। ਇੰਦਰ ਦੇਵਤਾ ਵੀ ਪਟਿਆਲਵੀ ਰਾਜੇ ਵਾਂਗੂ ਥੋੜਾ ਮਿਜਾਜ਼ੀ ਰੰਗ ਦੇ ਨੇ, ਰੰਗੀਨਪੁਣੇ ਦੇਖ ਪ੍ਰਸੰਨ ਹੁੰਦੇ ਨੇ । ਬਲਵੰਤ ਗਾਰਗੀ ਨੇ ਕੇਰਾਂ ਬਠਿੰਡੇ ਥਰਮਲ ਦੀਆਂ ਚਿਮਨੀਆਂ ਦੇਖ ਕਿਹਾ ਸੀ, 'ਬਈ! ਏਹ ਤਾਂ ਰੱਬ ਦਾ ਘੱਗਰਾ ਐ।' ਗਾਰਗੀ ਅੱਜ ਸਾਡੇ 'ਚ ਹੁੰਦੇ ਤਾਂ ਉਨ੍ਹਾਂ ਘੱਗਰ ਨੂੰ ਰੱਬ ਦੀ ਘੱਗਰੀ ਆਖ ਦੇਣਾ ਸੀ। ਪਰਲੋਕਪੁਰੀ 'ਚ ਗੂੰਜ ਪਈ ਹੋਣੀ ਐ, 'ਤੇਰੇ ਘੱਗਰੇ ਦੀ ਨੀਂ ਲੌਣ ਭਿੱਜ ਗਈ।' ਸਿਆਸਤਦਾਨ ਲੋੜ ਵੇਲੇ ਗਧੇ ਨੂੰ ਬਾਪ ਕਹਿਣੋ ਨਹੀਂ ਝਿਜਕਦੇ, ਘੱਗਰੀਆਂ ਪਾਉਣਾ ਇਨ੍ਹਾਂ ਲਈ ਕੀ ਔਖੈ। ਕਿਸਾਨਾਂ ਨੇ ਜ਼ਰੂਰ ਰੱਬ ਦੇ ਮਾਂਹ ਵਾਹੇ ਹੋਣੇ ਨੇ, ਤਾਹੀ" ਰੱਬ ਦਾ ਅੱਡਾ ਇੰਚਾਰਜ ਅੱਜ ਪੰਜਾਬ ਨਾਲ ਰੁੱਸਿਐ। 'ਕਦੇ ਡੋਬਾ, ਕਦੇ ਸੋਕਾ'।

'ਬੱਦਲ ਚੜਿਆ ਚੰਬਲੋਂ, ਡੰਗਰ ਵੱਛੇ ਸਾਂਭਲੋ'। ਸਤਲੁਜ ਤੇ ਘੱਗਰ ਕਿਥੋਂ ਸਾਂਭਣ ਦਿੰਦੇ ਆ। ਜੀਅ ਕਰਦੈ ਅਮਰਿੰਦਰ ਦੇ ਚਰਨ ਧੋਵਾਂ, ਜਿਨ੍ਹਾਂ ਤੋਂ ਪਰਜਾ ਦਾ ਦੁੱਖ ਝੱਲ ਨਹੀ" ਹੁੰਦਾ। 1993 'ਚ ਹੜ੍ਹ ਆਏ ਤਾਂ ਅਮਰਿੰਦਰ ਲੰਡਨੋਂ ਸਿੱਧੇ ਪਟਿਆਲੇ ਪੁੱਜੇ। ਪੁਰਾਣੀ ਮਿੱਥ ਹੈ ਕਿ ਜਦੋਂ ਪਟਿਆਲਾ ਨਦੀ ਚੜ੍ਹਦੀ ਹੈ, ਮਹਾਰਾਜਾ ਨਦੀ 'ਚ ਨੱਥ ਚੂੜਾ ਚੜ੍ਹਾਉਂਦੈ, ਨਦੀ ਉਤਰ ਜਾਂਦੀ ਹੈ।

ਕਹਿੰਦੇ ਕਿਸੇ ਫਕੀਰ ਨੇ ਸਰਾਪ ਦਿੱਤਾ ਸੀ। ਤਾਹੀਂ ਪਟਿਆਲਾ ਡੁੱਬਦੈ। 'ਔਖੇ ਵੇਲੇ ਸਾਥ ਜੋ ਦੇਵੇ, ਸੋਈ ਮੀਤ ਪਛਾਣੀਏ'। ਲੋਕ ਅਮਰਿੰਦਰ ਦੇ ਪੁਰਖਿਆਂ ਦੇ ਨਾਮ ਨਹੀਂ ਲੈਂਦੇ ਸਨ, ਉਨ੍ਹਾਂ ਨੂੰ ਸਰਕਾਰ ਆਖ ਬੁਲਾਉਂਦੇ ਸਨ। ਐਤਕੀਂ ਦੋਖੀਆਂ ਨੇ ਕੂੜ ਪ੍ਰਚਾਰ ਕੀਤਾ ਕਿ ਨਦੀ ਉਤਾਰਨ ਮਹਾਰਾਜਾ ਨਹੀਂ ਆਇਆ। ਇਨ੍ਹਾਂ ਬੁੱਧੂਆਂ ਨੂੰ ਕੌਣ ਸਮਝਾਏ ਕਿ ਉਹ ਦੁੱਖਾਂ ਦਾ ਦਰਦੀ, ਤੁਹਾਡੇ ਖਾਤਰ ਜ਼ਰੂਰ ਸਿਸਵਾਂ ਵਾਲੇ ਧੂਣੇ 'ਤੇ ਬੈਠ ਤਪੱਸਿਆ ਪਿਆ ਕਰਦਾ ਹੋਵੇਗਾ। ਮਹਾਰਾਣੀ ਪ੍ਰਨੀਤ ਕੌਰ ਕਿੰਨੀ ਖੈਰਖਵਾਹ ਹੈ ਜਿਨ੍ਹਾਂ ਪਟਿਆਲਾ ਨੂੰ ਹੱਥ ਦੇ ਕੇ ਰੱਖ ਲਿਆ। ਜੇ ਮਹਾਰਾਣੀ ਨਦੀ 'ਚ ਨੱਥ ਚੂੜਾ ਨਾ ਚੜ੍ਹਾਉਂਦੀ, ਸਭ ਵੋਟਾਂ ਨੇ ਰੁੜ੍ਹ ਜਾਣਾ ਸੀ। ਹਾਲੇ ਮੂੜ੍ਹਮੱਤੀਏ ਆਖਦੇ ਪਏ ਨੇ, ਏਹ ਤਾਂ ਅੰਧ ਵਿਸ਼ਵਾਸ ਐ।

ਮੂਰਖਦਾਸੋ ! ਜੇ ਧੰਨਾ ਭਗਤ ਪੱਥਰਾਂ ਚੋਂ ਰੱਬ ਨੂੰ ਪਾ ਸਕਦੈ, ਗਊ ਮੂਤਰ ਕਰੋਨਾ ਨੂੰ ਭਜਾ ਸਕਦੈ, ਮੋਦੀ ਦੇ ਜਹਾਜ਼ ਬੱਦਲਾਂ ਵਿਚ ਲੁਕ ਸਕਦੇ ਨੇ ਤਾਂ ਨੱਥ ਚੂੜਾ ਨਦੀ ਨੂੰ ਕਿਉਂ ਨਹੀਂ ਉਤਾਰ ਸਕਦਾ। ਇਤਿਹਾਸਿਕ ਤੇ ਮਿਥਹਾਸਿਕ ਤਜਰਬੇ ਨੇ ਇਸ 'ਤੇ ਵੱਡੀ ਮੋਹਰ ਲਾਈ ਹੈ। ਕੁਦਰਤ ਦਾ ਮਹਾਰਾਜੇ ਨਾਲ ਅਜੀਬ ਨੱਥ-ਜੋੜ ਹੈ, ਤਾਹੀਂ ਜਜਮਾਨ ਵੀ ਬਚਾਅ ਲਏ। ਭਗਵੰਤ ਮਾਨ ਤਾਂ ਐਵੇਂ ਟੱਕਰਾਂ ਮਾਰਦੈ ਫਿਰਦੈ, ਚੰਗਾ ਹੁੰਦਾ ਉਹ ਰਾਣੀ ਸਾਹਿਬਾਂ ਨੂੰ ਦੂਸਰੇ ਦਰਿਆਵਾਂ 'ਤੇ ਵੇਲੇ ਸਿਰ ਲੈ ਜਾਂਦਾ। ਘੱਟੋ ਘੱਟ ਪੰਜਾਬ ਤਾਂ ਬਚ ਜਾਂਦਾ। ਉਲਟਾ ਆਖਦਾ ਫਿਰਦੈ, ਇਨ੍ਹਾਂ ਨੇ ਤਾਂ ਪੰਜਾਬ ਡੋਬਿਐ। ਕਿਸੇ ਨੇ ਇਨ੍ਹਾਂ ਨੂੰ ਦੇਖ ਹੀ ਕਲਮ ਝਰੀਟੀ ਹੋਊ, 'ਕੁਛ ਤੋਂ ਲੋਗ ਕਹੇਗੇਂ, ਲੋਗੋਂ ਕਾ ਕਾਮ ਹੈ ਕਹਿਨਾ।'

ਕੌਣ ਕਹੇ ਰਾਣੀਏ ਅੱਗਾ ਢੱਕ। ਅੱਗੇ ਤਾਂ ਭਾਈ ਲੋਕ ਸਭਾ ਚੋਣਾਂ ਨੇ। ਰੰਜ ਤੇ ਤਨਜ਼ ਛੱਡੋ, ਦਾਸ ਦੀ ਮੰਨੋ ਤਾਂ ਮਹਾਰਾਣੀ ਨੂੰ ਉਨ੍ਹਾਂ ਟੈਕੀਆਂ ਕੋਲ ਵੀ ਲੈ ਕੇ ਜਾਓ, ਜਿਥੇ ਹੱਕ ਮੰਗਣ ਵਾਲੇ ਚੜ੍ਹੇ ਨੇ, ਸ਼ਾਇਦ ਨੱਥ ਚੂੜੇ ਨਾਲ ਹੀ ਉਤਰ ਜਾਣ। ਮੋਤੀ ਮਹਿਲ ਦੇ ਤਜਰਬੇ ਦਾ ਛਿੱਟਾ ਪੂਰੇ ਪੰਜਾਬ 'ਤੇ ਦੇਵੋ। ਮੁਫਤ ਦੀ ਸਲਾਹ ਮੰਨੋ ਤਾਂ ਪ੍ਰਨੀਤ ਕੌਰ ਨੂੰ 'ਨੌਲੇਜ ਸ਼ੇਅਰਿੰਗ ਪ੍ਰੋਗਰਾਮ' ਤਹਿਤ ਦਿੱਲੀ ਵੀ ਭੇਜੋ, ਯਮੁਨਾ ਦਾ ਪਾਣੀ ਤਾਂ ਉਤਰੂ। ਫਿਰ ਕੀ ਪਤੈ, ਮੋਦੀ ਸਰਕਾਰ ਕੋਈ ਨਵਾਂ 'ਨੱਥ ਮੰਤਰਾਲਾ' ਹੀ ਬਣਾ ਦੇਵੇ। ਪ੍ਰਨੀਤ ਕੌਰ ਦੀ ਵਜ਼ੀਰੀ ਪੱਕੀ।

ਦਾਨ ਪੁੰਨ 'ਚ ਮੋਤੀ ਮਹਿਲ ਦਾ ਕੋਈ ਸਾਨੀ ਨਹੀਂ। ਬਹੁਤਾ ਦੂਰ ਨਾ ਜਾਵੋ, 2022 ਦੀਆਂ ਚੋਣਾਂ ਤੋਂ ਐਨ ਪਹਿਲਾਂ ਅਮਰਿੰਦਰ ਨੇ ਪੰਡਤ ਬੁਲਾਏ, ਸਿਆਸੀ ਗੁਮਾਸ਼ਤੇ ਕਾਲਾ ਕੱਟਾ ਲੈ ਆਏ, ਪੰਡਤਾਂ ਨੇ ਮੰਤਰਾਂ ਦੀ ਝੜੀ ਲਾਈ, ਮਹਾਰਾਜੇ ਨੇ ਆਪਣੇ ਕਰ ਕਮਲਾਂ ਨਾਲ ਕੱਟਾ ਦਾਨ ਕੀਤਾ। ਮਹਾਰਾਜਵੀ ਹੱਥਾਂ ਦੀ ਛੋਹ ਪ੍ਰਾਪਤ ਹੋਣ ਨਾਲ ਕੱਟਾ ਸਾਹਿਬ ਧੰਨ ਹੋ ਗਏ। ਕੱਟਾ ਕੀ ਜਾਣੇ ਕਿ ਇਨ੍ਹਾਂ ਹੱਥਾਂ ਦੀ ਛੋਹ ਦਾ ਵਿਰਲਿਆਂ ਨੂੰ ਸੁਭਾਗ ਪ੍ਰਾਪਤ ਹੁੰਦੈ। ਮਰਹੂਮ ਕਾਂਗਰਸੀ ਨੇਤਾ ਰਤਨ ਦੇਵ ਭੰਡਾਰੀ ਦਾ ਸ਼ੇਅਰ ਹੈ, 'ਹਮ ਮਿਠਾਈ ਬਾਂਟਤੇ ਫਿਰਤੇ ਹੈਂ ਆਜ, ਹੈ ਹਮਾਰੀ ਭੈਂਸ ਨੇ ਕੱਟਾ ਦੀਆ'। ਸ਼ਾਇਦ ਇਹ ਭੰਡਾਰੀਆਂ ਦਾ ਹੀ ਕੱਟਾ ਹੋਵੇਗਾ ਜਿਹੜਾ ਰਾਜੇ ਦੀਆਂ ਅੱਖਾਂ 'ਚ ਅੱਖਾਂ ਗੱਡੀ ਖੜ੍ਹਾ ਸੀ। ਨਹੀਂ ਕਿਸੇ ਮਹਾਤੜ ਦੇ ਕੱਟੇ ਦੀ ਏਨੀ ਮਜਾਲ ਕਿਥੇ।

ਖੈਰ ਕਿਤੇ ਅਮਰਿੰਦਰ ਚੋਣ ਜਿੱਤ ਜਾਂਦੇ ਤਾਂ ਕੱਟਾ ਜਾਤੀ ਦਾ ਸਿਰ ਮਾਣ 'ਚ ਉੱਚਾ ਹੋਣਾ ਸੀ। ਹਾਰਪੁਣਾ ਇਕੱਲਾ ਮਹਾਰਾਜੇ ਪੱਲੇ ਨਹੀਂ ਪਿਆ ਬਲਕਿ ਕੱਟਾ ਜਾਤੀ ਵੀ ਮੂੰਹ ਦਿਖਾਉਣ ਜੋਗੀ ਨਹੀਂ ਰਹੀ। ਜਿੱਤ ਬਖਸ਼ਿਸ਼ ਹੁੰਦੀ ਤਾਂ ਸ਼ਾਹੀ ਸ਼ਹਿਰ ਨੇ 'ਕੱਟਿਆਂ ਵਾਲੇ ਪਟਿਆਲੇ'ਵਜੋਂ ਮਸ਼ਹੂਰ ਹੋਣਾ ਸੀ। ਮਹਾਰਾਜੇ ਨੂੰ ਗੱਦੀ ਮਿਲਦੀ ਤਾਂ ਕੱਟਾ ਜਾਤੀ' ਨੂੰ ਵੀ ਇੱਜ਼ਤ ਮਿਲਣੀ ਤੈਅ ਸੀ। ਹੋ ਸਕਦੈ ਸਰਕਾਰ ਕੱਟੇ ਨੂੰ 'ਰਾਜ ਪਸ਼ੂ' ਐਲਾਨ ਦਿੰਦੀ। ਲੋਕਾਂ ਨੇ ਫੇਰ ਸ਼ਾਹੀ ਸ਼ਹਿਰ ਨੂੰ ਪਟਿਆਲਾ ਨਹੀਂ, 'ਕਟਿਆਲਾ' ਕਹਿਣਾ ਸੀ।

ਮੋਦੀ ਬੰਦਿਆ! ਤੁਸੀਂ ਵੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ। ਤੁਹਾਨੂੰ ਡਰ ਮਾਰ ਗਿਆ ਹੋਊ ਕਿ ਜੇ ਅਮਰਿੰਦਰ ਨੂੰ ਗਵਰਨਰ ਲਾ'ਤਾ ਤਾਂ ਰਾਜ ਭਵਨ ਵਿਚ ਗਊ ਦੀ ਥਾਂ ਕੱਟੇ ਨੇ ਲੈ ਲੈਣੀ ਹੈ। ਚਲੋ ਕੱਟਾ ਬਾਣੀ ਛੱਡੀਏ, ਉਨ੍ਹਾਂ ਕੋਲ ਚੱਲੀਏ

ਜਿਨ੍ਹਾਂ ਨੂੰ ਹੜ੍ਹਾਂ ਅੱਗੇ ਗੋਡੇ ਟੇਕਣੇ ਪਏ ਨੇ, ਜਿਨ੍ਹਾਂ ਨੂੰ ਨਿੱਤ ਨਵੀਂ ਜੰਗ ਲੜਨੀ ਪੈ ਰਹੀ ਹੈ। ਲਤਾ ਮੰਗੇਸ਼ਕਰ ਠੀਕ ਫਰਮਾ ਰਹੀ ਹੈ.. 'ਜ਼ਿੰਦਗੀ ਹਰ ਕਦਮ ਇੱਕ ਨਈ ਜੰਗ ਹੈ ।' ਨੇਤਾਵਾਂ ਦਾ ਢਿੱਡ ਅਤੇ ਗਰੀਬ ਦਾ ਭੜੋਲਾ ਕਦੇ ਨਹੀਂ ਭਰਦੇ। ' ਚਿੜੀਆਂ ਦਾ ਮਰਨ, ਗਵਾਰਾਂ ਦਾ ਹਾਸਾ'। ਸੱਚਮੁੱਚ ਨੇਤਾਵਾਂ ਨੇ ਹੜਾਂ ਨੂੰ ਤਮਾਸ਼ਾ ਬਣਾ ਰੱਖਿਆ ਹੈ। ਕਿਤੇ ਕਾਮਰੇਡ ਗੁੱਸਾ ਨਾ ਕਰ ਜਾਣ, ਹੜ੍ਹ ਝੱਲਣ ਵਾਲਿਓ! ਨੇਤਾਵਾਂ ਤੋਂ ਨਹੀਂ, ਉਸ ਮਾਲਕ ਤੋਂ ਮੰਗੋ..'ਇਤਨੀ ਸ਼ਕਤੀ ਹਮੇ ਦੇਨਾ ਦਾਤਾ..'।

# ਮਰਦੀ ਨੇ ਅੱਕ ਚੱਬਿਆ-ਮਨੀਪੁਰ ਵਾਰੇ ਪ੍ਰਧਾਨ ਸੇਵਕ ਨੂੰ ਬੋਲਣਾ ਹੀ ਪਿਆ

ਮਨੀਪੁਰ ਵਿਚਲੇ ਸ਼ਰਮਨਾਕ ਕਾਂਡ ਦੇ 77ਵੇਂ ਦਿਨ ਸਾਡੇ 'ਮੋਨੀ ਬਾਬਾ' ਪ੍ਰਧਾਨ ਸੇਵਕ ਨੂੰ ਆਖਿਰਕਾਰ ਮੂੰਹ ਖੋਲ੍ਹਣਾ ਹੀ ਪਿਆ, ਪਰ ਮਨੀਪੁਰ ਦੀ ਕਰਤੂਤ ਉਪਰ ਆਪਣੀ 'ਪੀੜਾ' ਬਿਆਨ ਕਰਦੇ ਕਰਦੇ ਵੀ ਉਹ ਸਿਆਸੀ ਠੁਲ੍ਹਾ ਲਾਉਣੋਂ ਬਾਝ ਨਹੀਂ ਆਏ।

ਕਿਸ ਗੱਲ ਨੇ ਸਾਡੇ 'ਮੋਨੀ ਬਾਬਾ ਜੀ' ਨੂੰ ਬੋਲਣ ਲਈ ਮਜਬੂਰ ਕੀਤਾ?

ਸੁਪਰੀਮ ਕੋਰਟ ਦੀ ਤਾੜਨਾ, ਵਿਰੋਧੀ ਧਿਰ ਦੇ ਜੁਟਵੇਂ ਜ਼ੋਰਦਾਰ ਵਿਰੋਧ, ਲੋਕਾਂ ਦੇ ਰੋਹ, ਸੋਸ਼ਲ ਮੀਡੀਆ ਉਪਰ ਅਤੇ ਵਿਦੇਸ਼ਾਂ ਵਿਚ ਹੋ ਰਹੀ ਸਰਕਾਰ ਦੀ ਕਿਰਕਿਰੀ ਨੇ 'ਮਰਦੀ ਨੂੰ ਅੱਕ ਚੱਬਣ' ਲਈ ਮਜਬੂਰ ਕੀਤਾ!



ਮਾਮਲਾ ਮਨੀਪੁਰ ਵਿਚ ਕੂੱਕੀ ਕਬੀਲੇ ਦੀਆਂ ਦੋ ਕੁੜੀਆਂ ਨੂੰ ਮਨੀਪੁਰ ਦੇ ਬਹੁਮਤ ਵਾਲੇ ਕਬੀਲੇ ਦੇ ਗੁੰਡਿਆਂ ਵਲੋਂ 4 ਮਈ ਨੂੰ ਨਿਰਵਸਤਰ ਕਰ ਕੇ ਪੁਲਿਸ ਦੀ ਹਾਜ਼ਰੀ ਵਿਚ ਸੜਕਾਂ ਉਪਰ ਨੰਗੇ ਪਰੇਡ ਕਰਵਾਏ ਜਾਣ ਅਤੇ ਇਕ ਦੇ ਗੈਂਗਰੇਪ ਜਿਹੀ ਸ਼ਰਮਨਾਕ ਕਰਤੂਤ ਅਤੇ ਉਸ ਦੇ ਭਰਾ ਦੇ ਨਿਰਦੈਤਾ ਨਾਲ ਕੀਤੇ ਗਏ ਕਤਲ ਦਾ ਹੈ।

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਮਨੀਪੁਰ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਕੇਂਦਰ ਵਿਚ ਵੀ ਇਸੇ ਹੀ ਪਾਰਟੀ ਦੀ ਸਰਕਾਰ ਹੈ। ਇਹ ਗੱਲ ਜੱਗ ਜ਼ਾਹਿਰ ਹੈ ਕਿ ਮਨੀਪੁਰ ਵਿਚ ਪਿਛਲੇ ਦੋ-ਢਾਈ ਮਹੀਨਿਆਂ ਤੋਂ ਦੋ ਕਬਾਇਲੀ ਬਿਰਾਦਰੀਆਂ ਵਿਚ ਇਕ ਕਿਸਮ ਦੀ ਜੰਗ ਵਰਗੇ ਹਾਲਾਤ ਬਣੇ ਹੋਏ ਹਨ। ਸਾਡੇ ਪ੍ਰਧਾਨ ਸੇਵਕ ਵਿਦੇਸ਼ਾਂ ਦੇ ਦੌਰੇ ਕਰ ਰਹੇ ਹਨ, ਫਰਾਂਸ ਅਤੇ ਸੰਯੁਕਤ ਅਰਬ ਅਮੀਰਾਤ ਦੇ ਪ੍ਰਮੁੱਖਾਂ ਨਾਲ ਬਗਲਗੀਰ ਹੋ ਰਹੇ ਹਨ, ਸਨਮਾਨ ਪ੍ਰਾਪਤ ਕਰ ਰਹੇ ਹਨ। ਭਾਰਤ ਮਹਾਨ 'ਸ਼ਾਈਨ' (ਲਿਸ਼ਕ ਰਿਹੈ) ਕਰ ਰਿਹੈ ਅਤੇ ਬਸ ਸਮਝੋ ਵਿਸ਼ਵ ਗੁਰੂ ਬਣਿਆ ਕਿ ਬਣਿਆ।

ਏਧਰ ਮਨੀਪੁਰ ਵਿਚ ਕਹਿਰ ਜਾਰੀ ਹੈ। ਘੱਟ-ਗਿਣਤੀ ਕਬੀਲੇ ਉਪਰ ਬਹੁ-ਗਿਣਤੀ ਕਬੀਲੇ ਵਲੋਂ ਸੱਤਾਧਾਰੀਆਂ ਦੀ ਪੁਸ਼ਤਪਨਾਹੀ ਨਾਲ ਜਬਰ ਢਾਏ ਜਾ ਰਹੇ ਹਨ। ਪਰ ਪ੍ਰਧਾਨ ਸੇਵਕ ਦੀ ਨਿਰੰਤਰ ਚੁੱਪ ਇਸ ਗੱਲ ਦਾ ਸੰਕੇਤ ਹੈ ਕਿ 'ਸਭ ਅੱਛਾ' ਹੈ। ਵਿਦੇਸ਼ੀ ਦੌਰਿਆਂ ਦਾ ਮਤਲਬ ਵੀ ਇਹੀ ਹੈ। ਆਹ ਤਾਂ 'ਬੇੜਾ ਬੈਠੇ' ਇੰਟਰਨੈੱਟ ਦਾ, ਜਿਸ ਨੇ 4 ਮਈ ਦੀ ਸ਼ਰਮਨਾਕ ਵੀਡੀਓ ਵਾਇਰਲ ਕਰ ਦਿੱਤੀ (ਭਾਵੇਂ ਇਹ ਰਿਕਾਰਡਿਡ 3 ਮਈ ਦੀ ਹੈ)। ਦੇਸ਼ ਵਿਚ ਕੁਹਰਾਮ ਮਚ ਗਿਆ।

ਸੁਪਰੀਮ ਕੋਰਟ ਦੇ 3-ਮੈਂਬਰੀ ਬੈਂਚ, ਜਿਸ ਦੀ ਅਗਵਾਈ ਦੇਸ਼ ਦੀ ਸਰਬ-ਉੱਚ ਅਦਾਲਤ ਦੇ ਮੁੱਖ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਕਰ ਰਹੇ ਸਨ, ਨੇ ਇਸ ਗੱਲ ਦਾ ਆਪਣੇ ਆਪ (ਸੂਓ ਮੋਟੋ) ਨੋਟਿਸ ਲੈਂਦਿਆਂ ਕੇਂਦਰ ਅਤੇ ਮਨੀਪੁਰ ਦੀਆਂ ਸਰਕਾਰਾਂ ਨੂੰ ਤਾੜਨਾ ਕੀਤੀ ਕਿ ਕੀ ਉਹ ਇਸ ਸਬੰਧੀ ਆਪ ਕੋਈ ਕਾਰਵਾਈ ਕਰਨਗੇ ਕਿ ਜਾਂ ਉਹ (ਸਿਖਰਲੀ ਅਦਾਲਤ) ਖੁਦ ਕੋਈ ਕਾਰਵਾਈ ਕਰੇ?

ਜਸਟਿਸ ਚੰਦਰਚੂੜ ਨੇ ਕਿਹਾ, 'ਅਦਾਲਤ ਵੀਡੀਓ ਦੇਖ ਕੇ ਬਹੁਤ ਬੇਚੈਨ ਤੇ ਪ੍ਰੇਸ਼ਾਨ ਹੋਈ ਹੈ। ਹਿੰਸਾ ਕਰਨ ਲਈ ਔਰਤਾਂ ਨੂੰ ਇਕ ਸੰਦ ਵਜੋਂ ਵਰਤਣਾ ਬਿਲਕੁਲ ਹੀ ਨਾਮਨਜ਼ੂਰ ਹੈ। ਘਟਨਾ ਸੰਵਿਧਾਨਕ ਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਇਹੋ ਜਿਹੀਆਂ ਘਟਨਾਵਾਂ ਸਹਿਣ ਨਹੀਂ ਕਰਾਂਗੇ। ਜੇ ਬਣਦੀ ਕਾਰਵਾਈ ਨਾ ਹੋਈ ਤਾਂ ਅਸੀਂ ਸਖਤ ਕਦਮ ਚੁੱਕਾਂਗੇ'।

ਬੈਂਚ, ਜਿਸ ਵਿਚ ਜਸਟਿਸ ਪੀ.ਐਸ.ਨਰਸਿਮ੍ਹਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਿਲ ਸਨ, ਨੇ ਕਿਹਾ, 'ਮਨੀਪੁਰ ਵਿਚ ਦੋ ਔਰਤਾਂ ਦੀ ਨਗਨ ਪਰੇਡ ਸੰਵਿਧਾਨਕ ਜਮਹੂਰੀਅਤ ਵਿਚ ਨਾ-ਬਰਦਾਸ਼ਤ ਕਰਨਯੋਗ ਹਰਕਤ ਹੈ। ਕੇਂਦਰ ਅਤੇ ਰਾਜ ਸਰਕਾਰਾਂ ਅਪਰਾਧੀਆਂ ਵਿਰੁਧ ਫੌਰੀ ਕਦਮ ਚੁੱਕਣ ਅਤੇ ਕੋਰਟ ਨੂੰ ਇਹ ਦੱਸਣ ਕਿ ਅਪਰਾਧੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ। ਅਦਾਲਤ ਸਰਕਾਰ ਨੂੰ ਕਾਰਵਾਈ ਕਰਨ ਲਈ ਕੁਝ ਸਮਾਂ ਦੇਵੇਗੀ ਅਤੇ ਜੇ ਜ਼ਮੀਨੀ ਪੱਧਰ ਉਪਰ ਕੋਈ ਕਾਰਵਾਈ ਨਾ ਹੋਈ ਤਾਂ ਉਸ ਵਲੋਂ ਖੁਦ ਕਾਰਵਾਈ ਕੀਤੀ ਜਾਵੇਗੀ'।

ਜਸਟਿਸ ਚੰਦਰਚੂੜ ਨੇ ਤਾਂ ਇਥੋਂ ਤਕ ਕਿਹਾ,'ਅਸੀਂ ਗਏ ਦਿਨ ਸਾਹਮਣੇ ਆਏ ਵੀਡੀਓਜ਼ ਤੋਂ ਬਹੁਤ ਬੇਚੈਨ ਹਾਂ। ਫਿਰਕੂ ਵਿਵਾਦ ਵਾਲੇ ਇਲਾਕੇ ਵਿਚ ਹਿੰਸਾ ਨੂੰ ਹਵਾ ਦੇਣ ਲਈ ਔਰਤਾਂ ਦੀ ਵਰਤੋਂ ਕਰਨਾ ਬਹੁਤ ਬੇਚੈਨ ਕਰਨ ਵਾਲਾ ਅਤੇ ਅਸਵੀਕਾਰਯੋਗ ਹੈ। ਇਹ ਸੰਵਿਧਾਨਕ ਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਮੇਰਾ ਮੰਨਣਾ ਹੈ ਹੁਣ ਸਮਾਂ ਹੈ ਜਦੋਂ ਸਰਕਾਰ ਨੂੰ ਸੱਚਮੁੱਚ ਦਖਲ ਦੇਣਾ ਅਤੇ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਇਹ ਕੁਦਰਤੀ ਤੌਰ 'ਤੇ ਅਸਵੀਕਾਰਨਯੋਗ ਹੈ। ਅਸੀਂ ਸਰਕਾਰ ਨੂੰ ਕਾਰਵਾਈ ਲਈ ਥੋੜਾ ਸਮਾਂ ਦਿੰਦੇ ਹਾਂ, ਅਤੇ ਜੇ ਜ਼ਮੀਨੀ ਪੱਧਰ 'ਤੇ ਕੁਝ ਨਾ ਹੋਇਆ ਤਾਂ ਅਸੀਂ ਆਪ ਕਾਰਵਾਈ ਕਰਾਂਗੇ। ਕੋਰਟ ਇਸ ਗੱਲ ਤੋਂ ਭਲੀਭਾਂਤ ਜਾਣੂੰ ਹੈ ਕਿ ਸਬੰਧਤ ਵੀਡੀਓ, ਜੋ ਬੁੱਧਵਾਰ ਨੂੰ ਸਾਹਮਣੇ ਆਈ ਹੈ, 4 ਮਈ ਦੀ ਹੈ, ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ"।

ਬੈਂਚ, ਜਿਸ ਨੇ ਇਸ ਸ਼ਰਮਨਾਕ ਘਟਨਾ ਦਾ ਖੁਦ 20 ਜੁਲਾਈ ਨੂੰ ਨੋਟਿਸ ਲਿਆ, ਨੇ ਹੋਰ ਸਬੰਧਤ ਕੇਸਾਂ ਲਈ ਬੈਠਦਿਆਂ ਸਾਰ ਹੀ ਦੇਸ਼ ਦੇ ਅਟਾਰਨੀ ਜਨਰਲ ਆਰ. ਵੈਂਕਟਰਮਾਨੀ ਅਤੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਅਦਾਲਤ ਆਉਣ ਲਈ ਕਿਹਾ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਦੋਵਾਂ ਨੂੰ ਸੰਬੋਧਨ ਕਰਦਿਆਂ ਪੁੱਛਿਆ, "ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜਾ ਕਰਨ ਲਈ ਮਈ ਤੋਂ ਹੁਣ ਤਕ ਕੀ ਕਾਰਵਾਈ ਕੀਤੀ ਹੈ ਅਤੇ ਅਜਿਹੀਆਂ ਘਟਨਾਵਾਂ ਨੂੰ ਮੁੜ ਨਾ ਹੋਣ ਤੋਂ ਰੋਕਣ ਲਈ ਸਰਕਾਰ ਇਸ ਨੂੰ ਯਕੀਨੀ ਬਣਾਉਣ ਲਈ ਕੀ ਕਦਮ ਚੁੱਕ ਰਹੀ ਹੈ, ਕਿਉਂਕਿ ਕੌਣ ਜਾਣਦੈ ਕਿ ਇਹ ਵੱਖਰਾ ਹੋ ਸਕਦੈ, ਇਹ ਵੱਖਰਾ ਨਹੀਂ ਹੋ ਸਕਦਾ, ਇਕ ਪੈਟਰਨ ਵੀ ਹੋ ਸਕਦੈ ਹੈ"।

ਚੀਫ ਜਸਟਿਸ ਨੇ ਕਿਹਾ ਕਿ ਇਤਿਹਾਸ ਅਤੇ ਕੁੱਲ ਆਲਮ ਵਿਚ ਅਜਿਹੇ ਹਾਲਾਤ ਵਿਚ ਹਿੰਸਾ ਭੜਕਾਉਣ ਲਈ ਔਰਤਾਂ ਦੀ ਸੰਦ ਵਜੋਂ ਵਰਤੋਂ ਹੁੰਦੀ ਰਹੀ ਹੈ, ਪਰ ਸੰਵਿਧਾਨਕ ਜਮਹੂਰੀਅਤ ਵਿਚ ਇਹ ਸਹਿਣਯੋਗ ਨਹੀਂ"।

ਓਧਰ ਵਿਰੋਧੀ ਪਾਰਟੀਆਂ ਨੇ ਇਸ ਸ਼ਰਮਨਾਕ ਘਟਨਾ ਵਿਰੁੱਧ ਖੂਬ ਹੋ-ਹੱਲਾ ਮਚਾਇਆ। 26 ਵਿਰੋਧੀ ਪਾਰਟੀਆਂ ਨੇ 'ਇੰਡੀਆ' (ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ) ਨਾਮ ਦਾ ਇਕ ਫਰੰਟ ਵੀ ਖੜਾ ਕਰ ਲਿਆ। 'ਛੱਪਨ ਇੰਚ' ਦੇ ਸੀਨੇ ਵਾਲੇ ਅਤੇ 'ਮੈਂ ਅਕੇਲਾ ਹੀ ਸਭ ਪੇ ਭਾਰੀ' ਦੀਆਂ ਫੜਾਂ ਮਾਰਨ ਵਾਲਾ ਸਾਡਾ ਪ੍ਰਧਾਨ ਸੇਵਕ ਐਨਾ ਘਬਰਾ ਗਿਆ ਕਿ ਉਸ ਨੂੰ ਆਪਣੇ 38-ਪਾਰਟੀਆਂ ਦੇ ਗੱਠਜੋੜ ਨੈਸ਼ਨਲ ਡੈਮੋਕਰੈਟਿਕ ਅਲਾਇੰਸ ਦਾ ਚਾਣਚੱਕ ਚੇਤਾ ਆ ਗਿਆ!



ਖੈਰ ਇਹ ਤਾਂ ਇਕ ਵੱਖਰਾ ਮਾਮਲਾ ਹੈ।

ਪ੍ਰਧਾਨ ਸੇਵਕ ਸਰਬ-ਉੱਚ ਅਦਾਲਤ ਵਲੋਂ ਮਨੀਪੁਰ ਦੀ ਸ਼ਰਮਨਾਕ ਘਟਨਾ ਦਾ ਖੁਦ ਨੋਟਿਸ (ਜਿਸ ਨੂੰ ਭਾਜਪਾਈ 'ਸੰਗਿਆਨ' ਕਹਿੰਦੇ ਹਨ) ਅਤੇ ਬੜਾ ਸਖਤ ਨੋਟਿਸ ਲਏ ਜਾਣ, ਵਿਰੋਧੀਆਂ ਦੇ ਹੋ-ਹੱਲੇ, ਦੇਸ਼ ਵਿਚ ਪਈ ਹਾਹਾਕਾਰ ਅਤੇ ਵਿਦੇਸ਼ਾਂ ਵਿਚ ਸਾਡੇ 'ਵਿਸ਼ਵ ਗੁਰੂ' ਦੀ ਹੋ ਰਹੀ ਲੱਸੀ ਉਪਰੰਤ ਬੋਲੇ, "ਮਨੀਪੁਰ ਦੀ ਘਟਨਾ ਨੇ 140 ਕਰੋੜ ਭਾਰਤੀਆਂ ਨੂੰ ਸ਼ਰਮਸਾਰ ਕੀਤਾ ਹੈ"। ਵਾਹ, ਪ੍ਰਧਾਨ ਸੇਵਕ ਜੀ, ਬੜੀ ਜਲਦ ਪਤਾ ਲੱਗਾ 140 ਕਰੋੜ ਦੇਸ਼ ਵਾਸੀਆਂ ਦੇ ਦਰਦ ਦਾ! ਚਲੋ, 'ਕੁਫਰ ਟੂਟਾ ਖੁਦਾ ਖੁਦਾ ਕਰਕੇ'!

ਜ਼ਰਾ ਮਾਅਨੀਖੇਜ਼ ਮੌਕਾ-ਮੇਲ ਤਾਂ ਦੇਖੋ, ਜਿਸ ਦਿਨ ਸੁਪਰੀਮ ਕੋਰਟ ਦੇ ਬੈਂਚ ਨੇ ਇਸ ਘਟਨਾ ਦਾ ਨੋਟਿਸ ਲਿਆ ਓਸੇ ਦਿਨ ਸੰਸਦ ਦੇ ਅਹਾਤੇ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਸੇਵਕ ਨੇ ਇਸ ਘਟਨਾ ਉਪਰ ਟਿੱਪਣੀ ਕੀਤੀ। ਆਪ ਜੀ ਨੇ ਹੋਰ ਫੁਰਮਾਇਆ, 'ਅੱਜ ਜਦੋਂ ਮੈਂ ਜਮਹੂਰੀਅਤ ਦੇ ਇਸ ਮੰਦਰ ਕੋਲ ਖੜ੍ਹਾ ਹਾਂ ਤਾਂ ਮੇਰਾ ਦਿਲ ਪੀੜ ਤੇ ਗੁੱਸੇ ਨਾਲ ਭਰਿਆ ਹੈ'।

ਦੇਸ਼ਵਾਸੀਆਂ ਨੂੰ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਦਾ ਭਰੋਸਾ ਦਿੰਦਿਆਂ ਅਤੇ ਇਹ ਭਾਵੁਕਤਾ ਭਰਪੂਰ ਗੱਲ ਕਹਿੰਦਿਆਂ ਕਿ ਮਨੀਪੁਰ ਦੀਆਂ ਇਨ੍ਹਾ ਧੀਆਂ ਨਾਲ ਜੋ ਕੁਝ ਹੋਇਆ ਕਦੀ ਭੁਲਿਆ ਨਹੀਂ ਜਾ ਸਕਦਾ, ਪ੍ਰਧਾਨ ਸੇਵਕ ਜੀ ਸਿਆਸਤ ਕਰਨਾ ਨਹੀਂ ਭੁੱਲੇ। ਉਨ੍ਹਾਂ ਭਾਜਪਾ ਦੀ ਸੱਤਾ ਵਾਲੇ ਮਨੀਪੁਰ ਦੇ ਨਾਲ ਕਾਂਗਰਸੀ-ਸੱਤਾ ਵਾਲੇ ਪ੍ਰਾਂਤਾਂ ਛੱਤੀਸਗੜ੍ਹ ਅਤੇ ਰਾਜਸਥਾਨ ਨੂੰ ਵੀ ਨਾਲ ਹੀ ਨੱਥੀ ਕਰ ਲਿਆ ਅਤੇ ਬੜੇ ਮਾਸੂਮ ਜਿਹੇ ਲਹਿਜ਼ੇ ਵਿਚ ਅਸਿੱਧੇ ਤੌਰ 'ਤੇ ਇਹ ਕਹਿ ਗਏ ਕਿ ਔਰਤਾਂ ਵਿਰੁੱਧ ਜੁਰਮ ਤਾਂ ਇਨ੍ਹਾਂ ਪ੍ਰਾਂਤਾਂ ਵਿਚ ਵੀ ਹੁੰਦੇ ਹਨ।

ਸੰਸਦ ਦਾ ਮੌਨਸੂਨ ਇਜਲਾਸ ਜਾਰੀ ਹੈ। ਸ਼ੁਰੂ ਵਾਲੇ ਦਿਨ ਤਾਂ ਇਸ ਰੌਲੇ-ਰੱਪੇ ਵਿਚ ਲੰਘ ਗਏ ਕਿ ਪ੍ਰਧਾਨ ਮੰਤਰੀ ਸੰਸਦ ਦੇ ਬਾਹਰ ਮੀਡੀਆ ਕੋਲ ਤਾਂ ਮਨੀਪੁਰ ਉਪਰ ਲਗਭਗ ਢਾਈ ਮਹੀਨੇ ਖਾਮੋਸ਼ ਰਹਿਣ ਉਪਰੰਤ ਬੋਲੇ ਹਨ ਪਰ ਸੰਸਦ ਦੇ ਅੰਦਰ ਵੀ ਇਸ ਸਬੰਧੀ ਹੁਣ ਬਿਆਨ ਦੇਣ। ਸੰਗਠਤ ਵਿਰੋਧੀ ਧਿਰ 'ਇੰਡੀਆ' ਦੇ ਬੈਨਰ ਹੇਠ ਡਟੀ ਹੋਈ ਹੈ, ਦੇਖੋ ਕੀ ਬਣਦੈ।


ਮਨੀਪੁਰ ਵਿਚ ਇਸ ਕੇਸ ਨਾਲ ਸਬੰਧਤ ਕੁਝ ਗ੍ਰਿਫਤਾਰੀਆਂ ਵੀ ਹੋਈਆਂ ਹਨ।

ਪਰ ਬਲਿਹਾਰੇ ਜਾਈਏ ਭਾਰਤ ਮਹਾਨ ਦੇ ਪ੍ਰਧਾਨ ਸੇਵਕ ਦੇ! ਮਨੀਪੁਰ ਬਾਰੇ ਪਹਿਲੀ ਵਾਰ ਮੂੰਹ ਖੋਲ੍ਹਣ ਵੇਲੇ ਵੀ ਸਿਆਸਤ ਕਰਨੋਂ ਨਹੀਂ ਖੁੰਝੇ! ਮਲਕੜੇ ਜਿਹੇ ਆਪਣੀ ਗੱਲ ਕਹਿ ਗਏ!

ਦਾਮਨ ਪੇ ਕੋਈ ਛੀਂਟ ਨ ਖੰਜਰ ਪੇ ਕੋਈ ਦਾਗ,
ਤੁਮ ਕਤਲ ਕਰੋ ਹੋ ਕਿ ਕਰਾਮਾਤ ਕਰੋ ਹੋ।-ਕਲੀਮ ਆਜਿਜ਼

# ਸਮਾਜਵਾਦੀ ਸੋਵੀਅਤ ਯੂਨੀਅਨ ਨੇ ਬੇਰੁਜ਼ਗਾਰੀ ਨੂੰ ਕਿਵੇਂ ਖਤਮ ਕੀਤਾ?

ਬੇਰੁਜ਼ਗਾਰੀ ਦਾ ਖਾਤਮਾ ਸੋਵੀਅਤ ਯੂਨੀਅਨ ਜਿਹੇ ਵੱਡੇ ਮੁਲਕ ਦਾ ਅਹਿਮ ਹਾਸਲ ਸੀ। ਪੀੜ੍ਹੀਆਂ ਤੋਂ ਚੱਲੀ ਆਉਂਦੀ ਸਰਮਾਏਦਾਰਾ ਪ੍ਰਬੰਧ ਦੀ ਇਸ ਅਲਾਮਤ ਨੂੰ ਖਤਮ ਕਰਨ ਲਈ ਸੋਵੀਅਤ ਸਮਾਜਵਾਦੀ ਹਕੂਮਤ (1917-56) ਨੂੰ ਸਿਰਫ 13 ਸਾਲਾਂ ਦਾ ਸਮਾਂ ਲੱਗਾ। ਨਵੰਬਰ 1917 ਦੇ ਰੂਸੀ ਇਨਕਲਾਬ ਦੇ ਨਾਲ਼ ਹੀ ਇਸ ਕੋਹੜ ਖ਼ਿਲਾਫ਼ ਨਵੇਂ ਮਜ਼ਦੂਰ ਰਾਜ ਨੇ ਜੰਗ ਵਿੱਢ ਦਿੱਤੀ ਸੀ ਤੇ ਤੀਜੇ ਦਹਾਕੇ ਦੇ ਅਖੀਰ ਤੱਕ ਆਖਰੀ ਰੁਜ਼ਗਾਰ ਦਫਤਰ ਦੇ ਬੰਦ ਹੋਣ ਨਾਲ਼ ਹੀ ਇਸ ਅਲਾਮਤ 'ਤੇ ਫਤਹਿ ਪਾ ਲਈ ਗਈ। ਬੇਰੁਜ਼ਗਾਰੀ ਉੱਪਰ ਸਮਾਜਵਾਦੀ ਨਿਜ਼ਾਮ ਦੀ ਜਿੱਤ ਨੇ ਸਮਾਜਵਾਦੀ ਪ੍ਰਬੰਧ ਦੀ ਸਰਮਾਏਦਾਰੀ ਉੱਪਰ ਉੱਤਮਤਾ ਨੂੰ ਸਿੱਧ ਕੀਤਾ। ਆਧੁਨਿਕ ਇਤਿਹਾਸ ਵਿਚ ਪਹਿਲੀ ਵਾਰੀ ਹੋਇਆ ਸੀ ਕਿ ਮਨੁੱਖਤਾ ਨੂੰ ਬੇਰੁਜ਼ਗਾਰੀ ਤੇ ਇਸ ਨਾਲ਼ ਜੁੜੀਆਂ ਹੋਰ ਅਲਾਮਤਾਂ ਤੋਂ ਛੁਟਕਾਰਾ ਦੁਆਇਆ ਗਿਆ ਸੀ। ਸੋਵੀਅਤ ਯੂਨੀਅਨ ਦੀ ਮਿਸਾਲ 'ਤੇ ਚਲਦੇ



**ਮਾਨਵ**
**ਫੋਨ: 98888-08188**

ਹੋਏ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਇਨਕਲਾਬੀ ਚੀਨ (1949-76) ਨੇ ਵੀ ਕਰੋੜਾਂ ਲੋਕਾਂ ਨੂੰ ਇਸ ਸਰਮਾਏਦਾਰਾ ਕੋਹੜ ਤੋਂ ਮੁਕਤੀ ਦੁਆਈ। ਪਰ ਸੋਵੀਅਤ ਯੂਨੀਅਨ ਵਿਚ ਬੇਰੁਜ਼ਗਾਰੀ ਦਾ ਖਾਤਮਾ ਕੋਈ ਸਿੱਧੀ-ਸੌਖੀ ਲੜਾਈ ਨਹੀਂ ਸੀ। ਇਨਕਲਾਬ ਤੋਂ ਪਹਿਲਾਂ ਦੇ ਜਾਰਸ਼ਾਹੀ ਦੌਰ ਵਿਚ ਬੇਰੁਜ਼ਗਾਰੀ ਇਕ ਵੱਡਾ ਮਸਲਾ ਸੀ।

**ਇਨਕਲਾਬ ਤੋਂ ਪਹਿਲਾਂ ਦਾ ਖੌਫਨਾਕ ਵਿਰਸਾ:** ਨਵੰਬਰ 1917 ਦੇ ਇਨਕਲਾਬ ਤੋਂ ਬਾਅਦ ਤੋਂ ਹੀ ਰੂਸ ਵਿਚ ਵਸਣ ਵਾਲ਼ੀਆਂ ਸਭੇ ਕੌਮਾਂ ਨੂੰ ਨਾ ਸਿਰਫ ਪਿਛਲੀ ਜਾਰਸ਼ਾਹੀ ਹਕੂਮਤ ਦੀਆਂ ਦਿੱਤੀਆਂ ਮੁਸ਼ਕਲਾਂ ਨਾਲ਼ ਦੋ-ਚਾਰ ਹੋਣਾ ਪਿਆ ਸਗੋਂ ਪਹਿਲੀ ਸੰਸਾਰ ਜੰਗ ਵਿਚ ਰੂਸ ਦੀ ਹੋਈ ਭਾਰੀ ਤਬਾਹੀ ਤੋਂ ਪੈਦਾ ਹੋਈ ਆਰਥਿਕ ਬਦਨਿਜ਼ਾਮੀ ਤੇ ਅਫਰਾ-ਤਫਰੀ ਦਾ ਵੀ ਸਾਹਮਣਾ ਕਰਨਾ ਪਿਆ। ਇਸ ਤੋਂ ਬਿਨਾਂ ਨਵੇਂ ਮਜ਼ਦੂਰ ਰਾਜ ਨੇ ਅਜੇ ਪੈਰ ਵੀ ਨਹੀਂ ਜਮਾਏ ਸਨ ਕਿ ਗੱਦੀਓਂ ਲਾਹ ਦਿੱਤੀ ਗਈ ਸਰਮਾਏਦਾਰਾ ਜਮਾਤ ਨੇ ਪੱਛਮ ਦੇ 19 ਸਰਮਾਏਦਾਰਾ ਮੁਲਕਾਂ ਦੀ ਮਦਦ ਨਾਲ਼ ਇਸ ਉੱਪਰ ਤਬਾਹਕੁੰਨ ਘਰੇਲੂ ਜੰਗ ਥੋਪ ਦਿੱਤੀ।

ਹੋਰਨਾਂ ਸਰਮਾਏਦਾਰਾ ਮੁਲਕਾਂ ਵਾਂਗੂ ਰੂਸ ਵਿਚ ਵੀ ਬੇਰੁਜ਼ਗਾਰੀ ਦਾ ਕਾਰਨ ਸਰਮਾਏਦਾਰਾ ਨਿਜ਼ਾਮ ਸੀ। ਆਰਥਿਕ ਮੰਦਹਾਲੀ ਦੇ ਸਮੇਂ ਕਾਰਖਾਨਿਆਂ ਦੇ ਬੰਦ ਹੋਣ ਨਾਲ਼ ਸਥਿਤੀ ਹੋਰ ਗੰਭੀਰ ਹੁੰਦੀ ਗਈ। ਸਰਕਾਰੀ ਰਿਪੋਰਟਾਂ ਮੁਤਾਬਕ ਰੂਸ ਵਿਚ 1900-03 ਦੇ ਆਰਥਿਕ ਸੰਕਟ ਦੌਰਾਨ ਤਿੰਨ ਹਜ਼ਾਰ ਅਜਿਹੇ ਕਾਰਖਾਨੇ ਬੰਦ ਹੋਏ ਜਿਨ੍ਹਾਂ ਵਿਚ ਇੱਕ ਲੱਖ ਤੋਂ ਵੱਧ ਮਜ਼ਦੂਰ ਕੰਮ ਕਰਦੇ ਸਨ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਹੋਣ ਤੱਕ ਬੇਰੁਜ਼ਗਾਰਾਂ ਦੀ ਔਸਤ ਗਿਣਤੀ ਪੰਜ ਲੱਖ ਸੀ ਪਰ ਇਹ ਅਧੂਰਾ ਅੰਕੜਾ ਸੀ। ਰੂਸ ਦਾ ਵੱਡਾ ਇਲਾਕਾ ਦਿਹਾਤੀ ਸੀ ਜਿੱਥੇ ਲੁਕਵੀਂ ਬੇਰੁਜ਼ਗਾਰੀ ਬਹੁਤ ਵਿਆਪਕ ਸੀ। ਇਸ ਭਿਆਨਕ ਹਾਲਤ ਤੋਂ ਮੁਲਕੀ/ਗੈਰ-ਮੁਲਕੀ, ਦੋਹਾਂ ਸਰਮਾਏਦਾਰਾਂ ਨੇ ਅਥਾਹ ਫਾਇਦਾ ਲਿਆ। ਇਹ ਮਾਲਕ ਮਜਬੂਰੀ ਦੇ ਮਾਰੇ ਕਾਮਿਆਂ ਤੋਂ ਬੇਹੱਦ ਘੱਟ ਤਨਖਾਹ 'ਤੇ ਬੇਹੱਦ ਜ਼ਿਆਦਾ ਕੰਮ ਕਰਵਾਉਂਦੇ ਸਨ ਤੇ ਔਰਤਾਂ, ਬੱਚਿਆਂ ਤੇ ਕੈਦੀਆਂ ਦੀ ਕਿਰਤ ਦੀ ਤਾਂ ਖਾਸਕਰ ਭਾਰੀ ਲੁੱਟ ਹੁੰਦੀ ਸੀ ਤੇ ਤਨਖਾਹ ਵੀ ਨਿਗੂਣੀ ਹੁੰਦੀ ਸੀ। ਜੇ ਮਜ਼ਦੂਰ ਇਸ ਅਨਿਆਈਂ ਹਾਲਤ ਖ਼ਿਲਾਫ਼ ਇਕੱਠੇ ਹੋਣ ਦੀ ਕੋਸ਼ਿਸ਼ ਕਰਦੇ ਤਾਂ ਉਨ੍ਹਾਂ ਨੂੰ ਪੁਲਿਸ ਤੇ ਫੌਜ ਦੀ ਮਦਦ ਨਾਲ਼ ਤੁਰੰਤ ਦਬਾ ਦਿੱਤਾ ਜਾਂਦਾ।

ਪਹਿਲੀ ਸੰਸਾਰ ਜੰਗ ਵਿਚ ਭਾਵੇਂ ਲੱਖਾਂ ਨੌਜਵਾਨਾਂ ਨੂੰ ਫੌਜ ਵਿਚ ਭਰਤੀ ਕੀਤਾ ਗਿਆ ਤੇ ਮਜਬੂਰੀ ਦੇ ਮਾਰੇ ਇਹ ਨੌਜਵਾਨ ਵੀ ਵੱਡੀ ਗਿਣਤੀ ਵਿਚ ਫੌਜ ਅੰਦਰ ਭਰਤੀ ਹੋਏ। ਪਰ ਜੰਗ ਦੀ ਬਦਨਿਜ਼ਾਮੀ, ਕੱਚੇ ਮਾਲ ਦੀ ਥੁੜ੍ਹ ਆਦਿ ਕਾਰਨ ਬੰਦ ਹੋਏ ਕਾਰਖਾਨਿਆਂ ਨੇ ਤੇ ਖਾਸਕਰ ਜੰਗੀ ਇਲਾਕਿਆਂ ਵਿਚੋਂ ਹਿਜਰਤ ਕਰ ਕੇ ਆਏ ਸ਼ਰਨਾਰਥੀਆਂ ਨੇ ਬੇਰੁਜ਼ਗਾਰਾਂ ਦੀ ਫੌਜ ਵਿਚ ਵੱਡਾ ਵਾਧਾ ਕਰ ਦਿੱਤਾ। ਅੰਦਾਜ਼ੇ ਮੁਤਾਬਕ 30 ਲੱਖ ਤੋਂ ਵੱਧ ਸ਼ਰਨਾਰਥੀ ਜੰਗ ਕਾਰਨ ਆਪਣੇ ਘਰ-ਬਾਰ ਛੱਡਣ ਨੂੰ ਮਜਬੂਰ ਹੋਏ ਤੇ ਰੂਸ ਦੇ ਵੱਖੋ-ਵੱਖਰੇ ਇਲਾਕਿਆਂ ਵਿਚ ਪਨਾਹ ਲਈ। ਮਜ਼ਦੂਰਾਂ ਨੇ ਇਨ੍ਹਾਂ ਔਖੀਆਂ ਹਾਲਤਾਂ ਖ਼ਿਲਾਫ਼ ਅਨੇਕਾਂ ਸ਼ਹਿਰਾਂ ਵਿਚ ਜਥੇਬੰਦ ਹੋ ਕੇ ਮੁਜ਼ਾਹਰੇ ਵੀ ਕੀਤੇ ਤੇ ਕੰਮ ਬੰਦ ਕਰ ਰਹੇ ਮਾਲਕਾਂ ਖ਼ਿਲਾਫ਼ ਕਾਰਵਾਈ ਜਿਹੀਆਂ ਮੰਗਾਂ ਵੀ ਕੀਤੀਆਂ। ਜਾਰਸ਼ਾਹੀ ਨੂੰ ਮਜਬੂਰ ਹੋ ਕੇ ਰੁਜ਼ਗਾਰ ਦਫਤਰ ਖੋਲ੍ਹਣੇ ਪਏ ਪਰ ਸੱਚਾਈ ਇਹ ਸੀ ਕਿ ਨਵੰਬਰ 1917 ਦੇ ਇਨਕਲਾਬ ਤੋਂ ਐਨ ਪਹਿਲਾਂ ਤੱਕ ਰੂਸ ਵਿਚ ਬੇਰੁਜ਼ਗਾਰੀ ਲਗਾਤਾਰ ਵਧਦੀ ਗਈ।

ਇਨਕਲਾਬ ਤੋਂ ਬਾਅਦ ਗੱਦੀਓਂ ਲਾਹੀ ਸਰਮਾਏਦਾਰਾ ਜਮਾਤ ਨੇ ਭੂਤਰ ਕੇ ਨਵੇਂ ਮਜ਼ਦੂਰ ਰਾਜ ਖ਼ਿਲਾਫ਼ ਭੰਨ-ਤੋੜ ਦੀਆਂ ਕਾਰਵਾਈਆਂ ਤੇਜ਼ ਕਰ ਦਿੱਤੀਆਂ। ਇਨਕਲਾਬ ਦੇ ਸ਼ੁਰੂਆਤੀ ਦੌਰ ਵਿਚ ਅਜੇ ਕਈ ਕਾਰਖਾਨੇ ਸਰਮਾਏਦਾਰਾਂ ਕੋਲ਼ ਹੀ ਸਨ ਜਿਨ੍ਹਾਂ ਨੇ ਜਾਣਬੁੱਝ ਕੇ ਪੈਦਾਵਾਰ ਬੰਦ ਕਰ ਕੇ ਨਵੀਂ ਹਕੂਮਤ ਦਾ ਗਲ਼ ਘੋਟਣ ਦੀ ਕੋਸ਼ਿਸ਼ ਕੀਤੀ। ਨਵੀਂ ਇਨਕਲਾਬੀ ਹਕੂਮਤ ਨੂੰ ਇੱਕੋ ਵੇਲ਼ੇ ਦੋ ਮੁਸੀਬਤਾਂ ਨਾਲ਼ ਸਿੱਝਣਾ ਪੈਣਾ ਸੀ; ਪਹਿਲਾ ਸੀ, ਸਾਮਰਾਜੀ ਜੰਗ ਤੇ ਦੁਸ਼ਮਣਾਂ ਵੱਲੋਂ ਪੈਦਾ ਕੀਤੀ ਬਦਨਿਜ਼ਾਮੀ ਕਾਰਨ ਜ਼ਰੂਰੀ ਵਸਤਾਂ ਦੀ ਹੋਈ ਭਾਰੀ ਕਿੱਲਤ ਨੂੰ ਪੂਰਾ ਕਰਨਾ ਤੇ ਦੂਜਾ ਸਰਮਾਏਦਾਰਾ ਮਾਹਿਰਾਂ ਤੇ ਤਕਨੀਸ਼ਨਾਂ ਦੇ ਇਕ ਹਿੱਸੇ ਵੱਲੋਂ ਕੰਮ ਵਿਚ ਰੁਕਾਵਟ ਪਾ ਕੇ ਨਵੀਂ ਹਕੂਮਤ ਨੂੰ ਸਾਬੋਤਾਜ ਕਰਨ ਦੀਆਂ ਕੋਸ਼ਿਸ਼ਾਂ ਨਾਲ਼ ਸਿੱਝਣਾ।

**ਇਨਕਲਾਬੀ ਹਕੂਮਤ ਵੱਲੋਂ ਹੰਗਾਮੀ ਕਦਮ:** ਨਵੰਬਰ 1917 ਦੇ ਇਨਕਲਾਬ ਦੇ ਤਿੰਨ ਹਫਤਿਆਂ ਬਾਅਦ ਹੀ ਨਵੀਂ ਹਕੂਮਤ ਨੇ ਮਜ਼ਦੂਰਾਂ ਦੇ ਕੰਟਰੋਲ ਬਾਰੇ ਇਕ ਕਾਨੂੰਨ ਪਾਸ ਕੀਤਾ। ਜਲਦ ਹੀ ਨਿੱਜੀ ਤੇ ਗੈਰ-ਰੂਸੀ ਕੰਪਨੀਆਂ ਦੇ ਕਾਰਖਾਨਿਆਂ ਵਿਚ ਸਰਕਾਰ ਦੀ ਨਿਗਰਾਨੀ ਹੇਠ ਮਜ਼ਦੂਰਾਂ ਦਾ ਕੰਟਰੋਲ ਸਥਾਪਿਤ ਕੀਤਾ। ਮਜ਼ਦੂਰਾਂ ਨੂੰ ਮਨਚਾਹੇ ਢੰਗ ਨਾਲ਼ ਨੌਕਰੀ ਤੋਂ ਬਰਖਾਸਤ ਕਰਨ ਦੀ ਪੁਰਾਣੀ ਨੀਤੀ ਵੀ ਖਤਮ ਕਰ ਦਿੱਤੀ ਗਈ। ਕਾਰਖਾਨਿਆਂ ਦੇ ਕੌਮੀਕਰਨ ਦੀ ਨੀਤੀ ਨੇ ਇਨਕਲਾਬ ਦੁਸ਼ਮਣਾਂ ਨੂੰ ਦਬਾਉਣ ਵਿਚ ਹੋਰ ਵੀ ਅਹਿਮ ਭੂਮਿਕਾ ਨਿਭਾਈ। ਇਨਕਲਾਬ ਦੇ ਕੁਝ ਮਹੀਨਿਆਂ ਮਗਰੋਂ ਹੀ ਵੱਡੀਆਂ ਸਨਅਤਾਂ, ਬੈਂਕਾਂ ਤੇ ਗੈਰ-ਮੁਲਕੀ ਵਪਾਰ ਦਾ ਕੌਮੀਕਰਨ ਕਰ ਦਿੱਤਾ ਗਿਆ ਜਦਕਿ ਛੋਟੇ ਕਾਰਖਾਨਿਆਂ ਵਿਚ ਮਜ਼ਦੂਰਾਂ ਦਾ ਕੰਟਰੋਲ ਸਥਾਪਿਤ ਕੀਤਾ ਗਿਆ। ਬੇਰੁਜ਼ਗਾਰਾਂ ਦੀ ਮਦਦ ਲਈ ਫੰਡ ਕਾਇਮ ਕੀਤੇ ਗਏ ਜਿਨ੍ਹਾਂ ਲਈ ਸਰਕਾਰ ਤੋਂ ਬਿਨਾਂ ਰੁਜ਼ਗਾਰਸ਼ੁਦਾ ਮਜ਼ਦੂਰਾਂ ਤੇ ਦਫਤਰੀ ਮੁਲਾਜ਼ਮਾਂ ਨੇ ਅੱਗੇ ਹੋ ਕੇ ਹਿੱਸਾ ਪਾਇਆ। ਇਸ ਤੋਂ ਬਿਨਾਂ ਰੁਜ਼ਗਾਰਸ਼ੁਦਾ ਮਜ਼ਦੂਰਾਂ/ਮੁਲਾਜ਼ਮਾਂ ਨੇ ਅਜਿਹੇ ਬੇਰੁਜ਼ਗਾਰਾਂ ਨੂੰ ਆਪਣੀ ਥਾਂ 'ਤੇ ਕੁਝ ਦਿਨ ਕੰਮ ਕਰਨ ਦਾ ਮੌਕਾ ਵੀ ਦਿੱਤਾ ਤੇ ਇਸ ਤਰ੍ਹਾਂ ਨਵੀਂ ਸਮਾਜਵਾਦੀ ਨੈਤਿਕਤਾ ਦੀ ਉੱਨਤ ਮਿਸਾਲ ਕਾਇਮ ਕੀਤੀ।

ਇਸੇ ਤਰ੍ਹਾਂ ਦਿਹਾਤੀ ਇਲਾਕਿਆਂ ਵਿਚ ਵੀ ਬੇਰੁਜ਼ਗਾਰੀ ਦਾ ਖਾਤਮਾ ਕਰਨ ਲਈ ਫੌਰੀ ਕਦਮ ਚੁੱਕੇ ਗਏ। ਅਕਤੂਬਰ ਇਨਕਲਾਬ ਦੇ ਦਿਨ ਹੀ ਜਿਹੜਾ ਫਰਮਾਨ ਜਾਰੀ ਕੀਤਾ ਗਿਆ ਉਸ ਵਿਚ ਜ਼ਮੀਨ ਦੇ ਕੌਮੀਕਰਨ ਦਾ ਐਲਾਨ ਵੀ ਸ਼ਾਮਲ ਸੀ ਜਿਸ ਤਹਿਤ 10 ਕਰੋੜ ਹੈਕਟੇਅਰ ਜ਼ਮੀਨ ਕਿਸਾਨਾਂ ਨੂੰ ਮੁਫਤ ਦਿੱਤੀ ਗਈ ਤੇ ਇਸ ਤਰ੍ਹਾਂ ਕਰੋੜਾਂ ਕਿਸਾਨ ਆਪਣੇ ਲਈ ਜ਼ਮੀਨ ਵਾਹੁਣ ਲੱਗੇ। ਇਸ ਤੋਂ ਬਿਨਾਂ ਗਰੀਬ ਕਿਸਾਨਾਂ ਨੂੰ ਸਬਸਿਡੀ ਤਹਿਤ ਹੋਰ ਸਹੂਲਤਾਂ ਵੀ ਦਿੱਤੀਆਂ ਗਈਆਂ। ਇਸ ਇਤਿਹਾਸਕ ਕਦਮ ਨੇ ਪੇਂਡੂ ਖਿੱਤੇ ਵਿਚ ਬੇਰੁਜ਼ਗਾਰੀ ਦੇ ਦਬਾਅ ਨੂੰ ਕਾਫੀ ਘੱਟ ਕੀਤਾ ਤੇ ਕੰਮ ਦੀ ਭਾਲ਼ ਵਿਚ ਸ਼ਹਿਰਾਂ ਵੱਲ ਪਰਵਾਸ ਲਈ ਆਉਣ ਵਾਲ਼ੇ ਗਰੀਬ ਕਿਸਾਨਾਂ ਦੀ ਆਮਦ ਨੂੰ ਵੀ ਇਕ ਹੱਦ ਤਕ ਠੱਲ੍ਹ ਪਾਈ ਤੇ ਸ਼ਹਿਰਾਂ ਵਿਚੋਂ ਬੇਰੁਜ਼ਗਾਰੀ ਦੇ ਖਾਤਮੇ ਦੀ ਲੜਾਈ ਨੂੰ ਹੋਰ ਤਾਕਤ ਮਿਲ਼ੀ।

ਜਾਰਸ਼ਾਹੀ ਦੌਰ ਵਿਚ ਮਜ਼ਦੂਰਾਂ ਤੋਂ 15-16 ਘੰਟੇ ਤਕ ਕੰਮ ਕਰਵਾਇਆ ਜਾਂਦਾ ਸੀ। ਸੋਵੀਅਤ ਹਕੂਮਤ ਦੀ ਕਿਰਤ ਕਮਿਸਾਰੀਅਤ (ਵਜਾਰਤ) ਨੇ ਫਰਮਾਨ ਜਾਰੀ ਕਰ ਕੇ ਅੱਠ ਘੰਟੇ ਕੰਮ ਦਾ ਦਿਨ ਬੰਨ੍ਹਿਆ ਜਿਸ ਕਰਕੇ ਸੁਭਾਵਿਕ ਹੀ ਰੁਜ਼ਗਾਰ ਦੀ ਮੰਗ ਵਿਚ ਵੀ ਤੇਜ਼ੀ ਆਈ। ਇਨਕਲਾਬ ਦੇ ਫੌਰਨ ਮਗਰੋਂ ਆਗੂ ਲੈਨਿਨ ਦੀ ਦੇਖ-ਰੇਖ ਵਿਚ ਬੇਰੁਜ਼ਗਾਰੀ ਤੋਂ ਸੁਰੱਖਿਆ ਲਈ ਲਾਜ਼ਮੀ ਬੀਮੇ ਦਾ ਫਰਮਾਨ ਜਾਰੀ ਕੀਤਾ ਗਿਆ ਤੇ ਇਸ ਲਈ ਵੀ ਫੰਡ ਜੁਟਾਇਆ ਗਿਆ। ਆਪਣੇ ਬੇਰੁਜ਼ਗਾਰ ਸਾਥੀਆਂ ਲਈ ਭਰੱਪਣ ਦੀ ਮਿਸਾਲ ਦਿੰਦਿਆਂ ਕਿਸੇ ਸ਼ਹਿਰ ਵਿਚ ਮਜ਼ਦੂਰਾਂ ਨੇ ਐਤਵਾਰ ਜਾਂ ਛੁੱਟੀ ਵਾਲ਼ੇ ਦਿਨ ਹੋਣ ਵਾਲ਼ੇ ਨਾਟਕਾਂ, ਫਿਲਮਾਂ ਦੀ ਸਾਰੀ ਕਮਾਈ ਫੰਡ ਲਈ ਦਿੱਤੀ, ਕਿਸੇ ਸ਼ਹਿਰ ਵਿਚ ਮਨੋਰੰਜਨ ਦੇ ਸਭ ਅਦਾਰਿਆਂ ਨੂੰ ਆਪਣੀ ਕਮਾਈ ਦਾ ਇਕ ਹਿੱਸਾ ਫੰਡਾਂ ਲਈ



ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਤੇ ਕਿਸੇ ਵਿਚ ਖਾਸ ਨਾਟਕ, ਭਾਸ਼ਣ, ਸੰਗੀਤ ਸਮਾਗਮ ਆਦਿ ਕਰਵਾਏ ਗਏ। ਇਸ ਤੋਂ ਬਿਨਾਂ ਹਕੂਮਤ ਵੱਲੋਂ ਰੁਜ਼ਗਾਰ ਹਾਸਲ ਕਰਨ ਵਿਚ ਮਦਦ ਕਰਨ ਲਈ ਪੂਰੇ ਮੁਲਕ ਵਿਚ ਰੁਜ਼ਗਾਰ ਦਫਤਰਾਂ ਦਾ ਜਾਲ਼ ਵਿਛਾ ਦਿੱਤਾ ਗਿਆ ਜਿੱਥੇ ਬੇਰੁਜ਼ਗਾਰਾਂ ਦਾ ਰਿਕਾਰਡ ਤੇ ਉਪਲੱਬਧ ਕੰਮ ਦੀ ਜਾਣਕਾਰੀ ਦਿੱਤੀ ਜਾਂਦੀ ਸੀ। 1924-25 ਦੇ ਮਾਲੀ ਸਾਲ ਵਿਚ ਹੀ ਇਨ੍ਹਾਂ ਦਫਤਰਾਂ ਰਾਹੀਂ 20 ਲੱਖ ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ। ਜਦੋਂ ਤੱਕ ਬੇਰੁਜ਼ਗਾਰੀ ਖਤਮ ਨਾ ਹੋਈ ਉਦੋਂ ਤੱਕ ਬੇਰੁਜ਼ਗਾਰੀ ਭੱਤੇ ਤੇ ਬੀਮੇ ਤੋਂ ਬਿਨਾਂ ਬੇਰੁਜ਼ਗਾਰਾਂ ਨੂੰ ਦੂਜੀ ਤਰ੍ਹਾਂ ਦੀ ਮਦਦ ਵੀ ਦਿੱਤੀ ਗਈ ਜਿਸ ਵਿਚ ਸਰਕਾਰੀ ਹੋਟਲਾਂ ਵਿਚ ਮੁਫਤ ਖਾਣਾ ਤੇ ਰਿਹਾਇਸ਼ ਲਈ ਹੋਸਟਲ ਆਦਿ ਸ਼ਾਮਲ ਸਨ।

**ਪੰਜ ਸਾਲਾ ਯੋਜਨਾ, ਸਮੂਹੀਕਰਨ ਤੇ ਬੇਰੁਜ਼ਗਾਰੀ:** ਪਰ ਬੇਰੁਜ਼ਗਾਰੀ ਖਤਮ ਕਰਨ ਲਈ ਇਹ ਹੰਗਾਮੀ ਕਦਮ ਹੀ ਕਾਫੀ ਨਹੀਂ ਸਨ। ਇਸ ਲਈ ਵਿਉਂਤਬੱਧ ਢੰਗ ਨਾਲ਼ ਵੱਡਾ ਆਰਥਿਕ ਤਾਣਾ-ਬਾਣਾ ਖੜ੍ਹਾ ਕਰਨ ਦੀ ਲੋੜ ਸੀ ਤੇ ਇਹ ਬੁਨਿਆਦ ਰੱਖੀ ਗਈ ਮੁਲਕ ਦੇ ਸਨਅਤੀਕਰਨ ਦੀ ਨੀਤੀ ਨਾਲ਼ ਜਿਸ ਨੂੰ ਕਮਿਊਨਿਸਟ ਪਾਰਟੀ ਦੀ 1925 ਦੀ ਕਾਂਗਰਸ ਵਿਚ ਮਨਜ਼ੂਰ ਕੀਤਾ ਗਿਆ। ਉਦੋਂ ਤੱਕ ਪਹਿਲੀ ਸੰਸਾਰ ਜੰਗ ਤੇ ਘਰੇਲੂ ਜੰਗ ਕਾਰਨ ਤਬਾਹ ਹੋਏ ਅਰਥਚਾਰੇ ਨੂੰ ਠੀਕ-ਠਾਕ ਹੱਦ ਤੱਕ ਬਹਾਲ ਕਰ ਲਿਆ ਗਿਆ ਸੀ ਤੇ ਹੁਣ ਇਸ ਤੋਂ ਅੱਗੇ ਵੱਡੀ ਪੁਲਾਂਘ ਭਰਨ ਦੀ ਲੋੜ ਸੀ। ਪਰ ਅਹਿਮ ਸਵਾਲ ਸੀ ਕਿ ਇਸ ਵੱਡੀ ਤਬਦੀਲੀ ਲਈ ਪੈਸਾ ਕਿੱਥੋਂ ਆਵੇ? ਇਹ ਤੈਅ ਕੀਤਾ ਗਿਆ ਕਿ ਮੁਲਕ ਦੇ ਸਾਰੇ ਅੰਦਰੂਨੀ ਵਸੀਲਿਆਂ ਨੂੰ ਇਸ ਮਕਸਦ ਲਈ ਵਰਤਿਆ ਜਾਵੇ, ਫੰਡਾਂ ਨੂੰ ਬੇਹੱਦ ਕਿਫਾਇਤ ਨਾਲ਼ ਖਰਚਿਆ ਜਾਵੇ ਤੇ ਸਾਰੇ ਸਰਕਾਰੀ ਅਦਾਰਿਆਂ ਨੂੰ ਮੁਨਾਫਾ ਬਖਸ਼ ਬਣਾਇਆ ਜਾਵੇ। ਇਸ ਕਾਰਜ ਨੂੰ ਆਪਣਾ ਕਾਰਜ ਸਮਝਦਿਆਂ ਸੋਵੀਅਤ ਲੋਕਾਂ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਮਜ਼ਦੂਰਾਂ, ਕਿਸਾਨਾਂ ਤੇ ਦਫਤਰੀ ਮੁਲਾਜ਼ਮਾਂ ਨੇ ਆਪਣੀ ਕਮਾਈ ਵਿਚੋਂ ਹਿੱਸੇ ਕੱਟ ਕੇ ਸਰਕਾਰੀ ਬਾਂਡ ਖਰੀਦੇ ਜਿਸ ਨਾਲ਼ ਸਰਕਾਰ ਕੋਲ਼ ਅਥਾਹ ਫੰਡ ਜਮ੍ਹਾਂ ਹੋਏ; ਇਸੇ ਤਰ੍ਹਾਂ ਕਿਸਾਨੀ ਨੇ ਸਨਅਤੀਕਰਨ ਲਈ ਵੱਡੀ ਪੱਧਰ 'ਤੇ ਯੋਗਦਾਨ ਦਿੱਤਾ। ਗੈਰ-ਮੁਲਕੀ ਸਨਅਤਾਂ ਤੇ ਵਪਾਰ ਜਿਨ੍ਹਾਂ ਨੂੰ ਸਰਕਾਰ ਨੇ ਆਪਣੇ ਕੰਟਰੋਲ ਹੇਠ ਲੈ ਲਿਆ ਸੀ ਉਨ੍ਹਾਂ ਤੋਂ ਵੀ ਕਰੋੜਾਂ ਰੂਬਲ ਇਕੱਠਾ ਹੋਏ। ਜਿਹੜਾ ਪੈਸਾ ਪਹਿਲਾਂ ਵਿਦੇਸ਼ੀ ਸਰਮਾਏਦਾਰਾਂ ਦੇ ਸੰਦੂਕਾਂ ਵਿਚ ਜਮ੍ਹਾਂ ਹੋ ਜਾਂਦਾ ਸੀ ਉਹ ਹੁਣ ਸੋਵੀਅਤ ਯੂਨੀਅਨ ਦੇ ਆਮ ਲੋਕਾਂ ਦੀ ਭਲਾਈ ਲਈ ਇਕੱਠਾ ਕਰ ਲਿਆ ਗਿਆ। ਇਸ ਸਭ ਨਾਲ਼ ਸਨਅਤੀਕਰਨ ਦੀ ਨੀਤੀ ਨੂੰ ਅੱਗੇ ਵਧਾਇਆ ਗਿਆ। ਦਿਓਕਾਰੀ ਸਨਅਤਾਂ ਨੇ ਸਾਲਾਂ ਵਿਚ ਹੀ ਮੁਲਕ ਦਾ ਨਕਸ਼ਾ ਬਦਲ ਦਿੱਤਾ। ਵੱਡੇ ਬਿਜਲੀਘਰ, ਲੋਹੇ ਤੇ ਹੋਰ ਬੁਨਿਆਦੀ ਧਾਤਾਂ ਦੇ ਪਲਾਂਟ, ਟਰੈਕਟਰ ਦੇ ਵੱਡੇ ਕਾਰਖਾਨੇ, ਸਾਇਬੇਰਿਆ ਤੋਂ ਕੇਂਦਰੀ ਏਸ਼ੀਆ ਤੱਕ ਲੰਬੀ ਰੇਲ ਲਾਈਨ, ਰਸਾਇਣਕ ਕਾਰਖਾਨੇ ਆਦਿ ਕਿੰਨਾ ਕੁੱਝ ਹੀ ਸਾਲਾਂ ਵਿਚ ਖੜ੍ਹਾ ਕਰ ਦਿੱਤਾ ਗਿਆ ਤੇ ਇਸ ਮਕਸਦ ਲਈ ਆਮ ਲੋਕਾਈ ਨੇ ਕਈ-ਕਈ ਦਿਨਾਂ ਦੀ ਬਿਨਾਂ ਤਨਖਾਹ ਕਿਰਤ ਨਾਲ਼ ਆਪਣਾ ਹਿੱਸਾ ਪਾਇਆ। ਇਸੇ ਜੋਸ਼ ਸਦਕਾ ਹੀ ਪਹਿਲੀ ਪੰਜ ਸਾਲਾ ਯੋਜਨਾ (1928-32) ਦੇ ਟੀਚਿਆਂ ਨੂੰ ਤਿੰਨ ਕੁ ਸਾਲਾਂ ਵਿਚ ਹੀ ਪੂਰਾ ਕਰ ਲਿਆ ਗਿਆ। ਇਸ ਯੋਜਨਾ ਤਹਿਤ 1500 ਦੇ ਕਰੀਬ ਵੱਡੇ ਕਾਰਖਾਨੇ ਕਾਇਮ ਕੀਤੇ ਗਏ ਤੇ ਕਿੰਨੇ ਹੀ ਹੋਰ ਹਜ਼ਾਰਾਂ ਪ੍ਰੋਜੈਕਟ ਨੇਪਰੇ ਚਾੜ੍ਹੇ ਗਏ। 1927-28 ਜਾਣੀ ਇਸ ਯੋਜਨਾ ਦੀ ਸ਼ੁਰੂਆਤ ਵੇਲ਼ੇ ਬੇਰੁਜ਼ਗਾਰਾਂ ਦੀ ਗਿਣਤੀ ਤਕਰੀਬਨ 11 ਲੱਖ ਸੀ ਤੇ ਟੀਚਾ ਰੱਖਿਆ ਗਿਆ ਸੀ ਕਿ ਯੋਜਨਾ ਦੇ ਅੰਤ ਤੱਕ ਇਸ ਵਿਚ 50% ਦੀ ਕਮੀ ਲਿਆਂਦੀ ਜਾਵੇ। ਪਰ ਲੋਕਾਂ ਦੇ ਜਜ਼ਬੇ ਤੇ ਸਮਾਜਵਾਦੀ ਰਾਜ ਦੀ ਵਿਉਂਤਬੰਦੀ ਨੇ ਯੋਜਨਾ ਦੇ ਖਤਮ ਹੋਣ ਤੋਂ ਪਹਿਲਾਂ ਹੀ ਬੇਰੁਜ਼ਗਾਰੀ ਦਾ ਫਸਤਾ ਪੂਰੀ ਤਰ੍ਹਾਂ ਵੱਢ ਦਿੱਤਾ।

ਬੇਰੁਜ਼ਗਾਰੀ ਦਾ ਕੋਹੜ ਖਤਮ ਕਰਨ ਵਿਚ ਖੇਤੀ ਦੀ ਕੀਤੀ ਕਾਇਆਪਲਟੀ ਦੀ ਵੀ ਅਹਿਮ ਥਾਂ ਸੀ। ਵੱਡੀ ਪੱਧਰ 'ਤੇ ਹੋ ਰਹੇ ਸਨਅਤੀਕਰਨ ਨਾਲ਼ ਪੁਰਾਣੀਆਂ ਲੀਹਾਂ 'ਤੇ ਚੱਲ ਰਹੀ ਨਿੱਜੀ ਮਲਕੀਅਤ ਵਾਲ਼ੀ ਖੇਤੀ ਪੂਰੀ ਤਰ੍ਹਾਂ ਬੇਮੇਲ ਸੀ। ਇਸ ਲਈ ਅਮਲੀ ਢੰਗ ਨਾਲ਼ ਕਿਸਾਨੀ ਨੂੰ ਪ੍ਰੇਰ ਕੇ ਪਹਿਲਾਂ ਉਨ੍ਹਾਂ ਨੂੰ ਸਹਿਕਾਰੀ ਖੇਤੀ ਲਈ ਉਤਸ਼ਾਹਿਤ ਕੀਤਾ ਗਿਆ ਤੇ ਜਦੋਂ ਕਿਸਾਨੀ ਦਾ ਵੱਡਾ ਹਿੱਸਾ ਸਹਿਕਾਰੀ ਖੇਤੀ ਵੱਲ ਆ ਗਿਆ ਤਾਂ ਖੇਤੀ ਨੂੰ ਵੱਡੇ ਸਮੂਹਿਕ ਖੇਤਾਂ ਵਿਚ ਤੇ ਫੇਰ ਰਾਜਕੀ ਫਾਰਮਾਂ ਵਿਚ ਜਥੇਬੰਦ ਕਰ ਦਿੱਤਾ ਗਿਆ। ਇਸ ਤਰ੍ਹਾਂ ਖੇਤੀ ਨੂੰ ਆਧੁਨਿਕ ਲੀਹਾਂ 'ਤੇ ਜਥੇਬੰਦ ਕਰਨ ਨਾਲ਼ ਵੱਡੇ ਪੈਮਾਨੇ ਦੀ ਉੱਨਤ ਖੇਤੀ ਸੰਭਵ ਹੋਈ ਤੇ ਵੱਡੀ ਪੱਧਰ 'ਤੇ ਖੇਤੀ ਵਿਚ ਸਨਅਤੀ ਸਾਜ਼ੋ-ਸਾਮਾਨ ਦੀ ਖਪਤ ਵਧੀ ਜਿਸ ਨੇ ਅੱਗੇ ਸਨਅਤੀ ਪੈਦਾਵਾਰ ਨੂੰ ਤੇ ਨਤੀਜਤਨ ਰੁਜ਼ਗਾਰ ਨੂੰ ਵੱਡੀ ਹੱਲਾਸ਼ੇਰੀ ਦਿੱਤੀ।

ਬੇਰੁਜ਼ਗਾਰੀ ਖ਼ਿਲਾਫ਼ ਜੰਗ ਦਾ ਇੱਕ ਹੋਰ ਅਹਿਮ ਪੱਖ ਸੀ ਸੱਭਿਆਚਾਰਕ ਤਰੱਕੀ। ਮੁਲਕ ਵਿਚ ਸਿੱਖਿਆ ਤੇ ਸੱਭਿਆਚਾਰਕ ਅਦਾਰਿਆਂ ਨੂੰ ਉੱਚਾ ਚੁੱਕੇ ਬਿਨਾਂ ਨਵੇਂ ਸਮਾਜ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ ਸੀ। ਜਦੋਂ ਰੂਸ ਵਿਚ 1917 ਦਾ ਇਨਕਲਾਬ ਹੋਇਆ ਉਦੋਂ ਅਨਪੜ੍ਹਤਾ ਦੀ ਦਰ ਬੇਹੱਦ ਜ਼ਿਆਦਾ ਸੀ। ਸ਼ਹਿਰਾਂ ਵਿਚ 60% ਤੱਕ ਤੇ ਪੇਂਡੂ ਖੇਤਰਾਂ ਵਿਚ 80% ਤੱਕ ਲੋਕ ਅਨਪੜ੍ਹ ਸਨ। ਸਰਹੱਦੀ ਇਲਾਕਿਆਂ ਦਾ (ਜਿਨ੍ਹਾਂ ਵਿਚ ਕਜਾਕ, ਉਜ਼ਬੇਕ, ਤਾਜਿਕ ਆਦਿ ਕੌਮਾਂ ਦੇ ਇਲਾਕੇ ਸ਼ਾਮਲ ਸਨ) ਹੋਰ ਵੀ ਮਾੜਾ ਹਾਲ ਸੀ ਜਿੱਥੇ ਬਾਮੁਸ਼ਕਲ 5-10% ਲੋਕ ਹੀ ਪੜ੍ਹੇ-ਲਿਖੇ ਸਨ। ਇਸ ਲਈ ਨਵੀਂ ਮਜ਼ਦੂਰ ਹਕੂਮਤ ਨੇ ਇਸ ਕੋਹੜ ਖ਼ਿਲਾਫ਼ ਇਨਕਲਾਬ ਦੇ ਸ਼ੁਰੂਆਤੀ ਸਾਲਾਂ ਤੋਂ ਹੀ ਜੰਗ ਛੇੜ ਦਿੱਤੀ। ਲੱਖਾਂ ਨਵੇਂ ਅਧਿਆਪਕ, ਨਵੇਂ ਮੁਲਾਜ਼ਮ, ਨਵੀਆਂ ਕਿਤਾਬਾਂ ਤੇ ਹੋਰ ਜ਼ਰੂਰੀ ਸਾਜ਼ੋ-ਸਾਮਾਨ ਰਾਹੀਂ ਮੁਲਕ ਨੂੰ ਸਾਖਰ ਬਣਾਇਆ ਗਿਆ। ਇਸ ਕੰਮ ਲਈ ਵੀ ਜਿੱਥੇ ਪੜ੍ਹੇ-ਲਿਖੇ ਆਮ ਲੋਕਾਂ ਨੇ ਵੱਡੀ ਪੱਧਰ 'ਤੇ ਵਾਲੰਟੀਅਰ ਸੇਵਾਵਾਂ ਦਿੱਤੀਆਂ ਓਥੇ ਹੀ ਇਸ ਕਾਰਜ ਨੂੰ ਪੂਰਾ ਕਰਨ ਲਈ ਹਜ਼ਾਰਾਂ ਨਵੇਂ ਸਕੂਲ, ਨਵੇਂ ਛਾਪੇਖਾਨੇ, ਨਵੀਆਂ ਇਮਾਰਤਾਂ ਬਣਾਈਆਂ ਗਈਆਂ ਤੇ ਨਵਾਂ ਅਮਲਾ ਫੈਲਾ ਭਰਤੀ ਕੀਤਾ ਗਿਆ। ਇਸ ਉੱਦਮ ਨੇ ਨਵੇਂ ਰੁਜ਼ਗਾਰ ਪੈਦਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਜਿੱਥੇ ਪੁਰਾਣੇ ਸਮਾਜ ਵਿਚ ਬਹੁਤ ਸਾਰੇ ਬੱਚੇ ਤੇ ਨੌਜਵਾਨ ਉਚੇਰੀ ਪੜ੍ਹਾਈ ਮਹਿੰਗੀ ਹੋਣ ਕਾਰਨ ਇਸ ਨੂੰ ਵਿਚਾਲਿਓਂ ਛੱਡ ਜਾਂਦੇ ਸਨ ਓਥੇ ਹੀ ਸੋਵੀਅਤ ਹਕੂਮਤ ਨੇ ਆਪਣੇ ਸਾਰੇ ਨਾਗਰਿਕਾਂ ਨੂੰ ਸਿੱਖਿਆ ਮੁਫਤ ਮੁਹੱਈਆ ਕਰਵਾਈ। ਇਸੇ ਤਰ੍ਹਾਂ ਨਵੇਂ ਨਾਟਘਰਾਂ, ਸਿਨੇਮਿਆਂ, ਲਾਇਬ੍ਰੇਰੀਆਂ, ਕਾਲਜਾਂ-ਯੂਨੀਵਰਸਿਟੀਆਂ ਆਦਿ ਦੇ ਮਿਸਾਲੀ ਫੈਲਾਅ ਨੇ ਬੇਰੁਜ਼ਗਾਰੀ ਖ਼ਿਲਾਫ਼ ਜੰਗ ਵਿਚ ਅਹਿਮ ਭੂਮਿਕਾ ਨਿਭਾਈ। ਇਸੇ ਤਰ੍ਹਾਂ ਸਿਹਤ ਸਹੂਲਤਾਂ ਦੇ ਵਿਸਥਾਰ ਜਿਨ੍ਹਾਂ ਵਿਚ ਨਵੇਂ ਹਸਪਤਾਲਾਂ, ਡਿਸਪੈਂਸਰੀਆਂ, ਜੱਚਾ ਕੇਂਦਰਾਂ ਆਦਿ ਦਾ ਬਣਨਾ ਸ਼ਾਮਲ ਸੀ, ਨੇ ਲੱਖਾਂ ਹੀ ਮਾਹਿਰ ਨੌਜਵਾਨਾਂ, ਮੁਲਾਜ਼ਮਾਂ ਆਦਿ ਨੂੰ ਸਟਾਫ ਵਜੋਂ ਰੁਜ਼ਗਾਰ ਦਿੱਤਾ। ਇਨ੍ਹਾਂ ਪੇਸ਼ਕਦਮੀਆਂ ਦੀ ਬਦੌਲਤ ਹੀ 1930 ਦੇ ਅਖੀਰ ਤੱਕ ਸੋਵੀਅਤ ਯੂਨੀਅਨ ਦੇ ਆਖਰੀ ਰੁਜ਼ਗਾਰ ਦਫਤਰ ਨੂੰ ਵੀ ਬੰਦ ਕਰ ਦਿੱਤਾ ਗਿਆ ਕਿਉਂਕਿ ਹੁਣ ਇਸ ਦੀ ਕੋਈ ਲੋੜ ਨਹੀਂ ਰਹਿ ਗਈ ਸੀ।

ਸੋਵੀਅਤ ਯੂਨੀਅਨ ਦੇ ਤਜਰਬੇ ਨੇ ਕੀ ਸਾਬਤ ਕੀਤਾ ਤੇ ਭਾਰਤ ਦੇ ਕਿਰਤੀਆਂ ਲਈ ਇਸਦਾ ਕੀ ਸਬਕ ਹੈ?

1930 ਦੇ ਅਖੀਰ ਵਿਚ ਸੋਵੀਅਤ ਯੂਨੀਅਨ ਦੇ ਆਖਰੀ ਰੁਜ਼ਗਾਰ ਦਫਤਰ ਦਾ ਬੰਦ ਹੋਣਾ ਤੇ ਉਸੇ ਵੇਲ਼ੇ ਸੰਯੁਕਤ ਰਾਜ ਅਮਰੀਕਾ, ਜਰਮਨੀ, ਫਰਾਂਸ, ਬਰਤਾਨੀਆ ਜਿਹੇ ਦਿੱਗਜ ਪੱਛਮੀ ਮੁਲਕਾਂ ਦਾ ਹੁਣ ਤਕ ਦੇ ਸਭ ਤੋਂ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੋਣਾ ਇਹ ਦੋ ਸਮਾਨਾਂਤਰ ਵਰਤਾਰੇ ਦੋ ਵੱਖੋ-ਵੱਖਰੇ ਨਿਜਾਮਾਂ ਸਮਾਜਵਾਦੀ ਨਿਜ਼ਾਮ ਤੇ ਸਰਮਾਏਦਾਰਾ ਨਿਜ਼ਾਮ ਵਿਚਾਲੇ ਫਰਕ ਨੂੰ ਐਨ ਸਪੱਸ਼ਟ ਕਰ ਦਿੰਦੇ ਹਨ। ਸੋਵੀਅਤ ਯੂਨੀਅਨ ਤੇ ਚੀਨ ਦੇ ਸਮਾਜਵਾਦੀ ਦੌਰ ਦੇ ਤਜਰਬੇ ਨੇ ਪੂਰੀ ਦੁਨੀਆਂ ਅੱਗੇ ਸਾਬਤ ਕਰ ਦਿੱਤਾ ਕਿ ਸਰਮਾਏਦਾਰਾਂ ਦੇ ਮੁਨਾਫੇ ਦੀ ਹਵਸ 'ਤੇ ਟਿਕਿਆ ਸਰਮਾਏਦਾਰਾ ਨਿਜ਼ਾਮ ਨਹੀਂ ਸਗੋਂ ਮਜ਼ਦੂਰਾਂ ਦੇ ਰਾਜ ਵਾਲ਼ਾ ਸਮਾਜਵਾਦੀ ਨਿਜ਼ਾਮ ਹੀ ਮਨੁੱਖਤਾ ਨੂੰ ਬੇਰੁਜ਼ਗਾਰੀ ਦੇ ਕੋਹੜ ਤੋਂ ਨਿਜ਼ਾਤ ਦਿਵਾ ਸਕਦਾ ਹੈ।

ਭਾਰਤ ਨੇ 1947 ਵਿਚ ਅੰਗਰੇਜ਼ਾਂ ਕੋਲ਼ੋਂ ਆਜ਼ਾਦ ਹੋਣ ਤੋਂ ਬਾਅਦ ਸਰਮਾਏਦਾਰਾ ਰਾਹ ਅਪਣਾਇਆ ਤੇ ਅੱਜ ਅਸੀਂ ਉਸਦਾ ਨਤੀਜਾ ਦੇਖ ਸਕਦੇ ਹਾਂ। 75 ਸਾਲਾਂ ਬਾਅਦ ਵੀ ਅੱਜ ਲੱਖਾਂ-ਕਰੋੜਾਂ ਲੋਕ ਬੇਰੁਜ਼ਗਾਰ ਹਨ ਤੇ ਜਿਹੜੇ ਕਰੋੜਾਂ ਨੌਕਰੀਸ਼ੁਦਾ ਹਨ ਵੀ ਉਹ ਵੀ ਬਿਨਾਂ ਨੌਕਰੀ ਦੀ ਗਾਰੰਟੀ, ਬਿਨਾਂ ਬੋਨਸ ਭੱਤੇ, ਬਿਨਾਂ ਪੈਨਸ਼ਨ, ਬਿਨਾਂ ਸਾਲਾਨਾ ਛੁੱਟੀਆਂ ਆਦਿ ਤੋਂ ਭਾਰੀ ਬੇਯਕੀਨੀ ਵਿਚ ਕੰਮ ਕਰ ਰਹੇ ਹਨ। ਐਥੋਂ ਦੀਆਂ ਹਕੂਮਤਾਂ ਨੇ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਅੰਜ਼ਾਮ ਦਿੱਤਾ ਹੈ ਜਿਨ੍ਹਾਂ ਵਿਚ ਮੋਦੀ ਹਕੂਮਤ ਸਭ ਤੋਂ ਅੱਗੇ ਹੈ। ਅੱਜ ਅੰਕੜਿਆਂ ਮੁਤਾਬਕ ਭਾਰਤ ਵਿਚ ਬੇਰੁਜ਼ਗਾਰੀ ਚਾਲ਼ੀ ਸਾਲਾਂ ਦੇ ਰਿਕਾਰਡ ਪੱਧਰ 'ਤੇ ਹੈ। ਸਰਕਾਰੀ ਖੇਤਰ ਵਿਚ ਹੀ ਸੂਬਿਆਂ ਤੇ ਕੇਂਦਰ ਸਰਕਾਰ ਦੀਆਂ ਖਾਲੀ ਪਈਆਂ ਅਸਾਮੀਆਂ ਮਿਲ਼ਾ ਲਈਆਂ ਜਾਣ ਤਾਂ ਇਕ ਕਰੋੜ ਦੇ ਕਰੀਬ ਸਰਕਾਰੀ ਨੌਕਰੀਆਂ ਖਾਲੀ ਪਈਆਂ ਹਨ। ਪਰ ਮੋਦੀ ਹਕੂਮਤ ਤੇ ਸੂਬਿਆਂ ਦੀਆਂ ਲੋਟੂ ਸਰਕਾਰਾਂ ਇਨ੍ਹਾਂ ਨੂੰ ਭਰਨ ਦੀ ਥਾਂ ਸਰਕਾਰੀ ਅਦਾਰਿਆਂ ਨੂੰ ਹੀ ਵੇਚਣ ਲੱਗੀਆਂ ਹਨ ਕਿਉਂਜੋ ਇਨ੍ਹਾਂ 'ਤੇ ਅਜਾਰੇਦਾਰ ਸਰਮਾਏਦਾਰਾਂ ਦੀ ਗਿਰਝ ਅੱਖ ਟਿਕੀ ਹੋਈ ਹੈ।

ਬੇਸ਼ੱਕ ਸਾਨੂੰ ਸਰਕਾਰਾਂ ਕੋਲ਼ੋਂ ਖਾਲ਼ੀ ਪਈਆਂ ਅਸਾਮੀਆਂ ਭਰਨ ਦੀ ਜ਼ੋਰਦਾਰ ਮੰਗ ਕਰਨੀ ਚਾਹੀਦੀ ਹੈ ਪਰ ਨਾਲ਼ ਹੀ ਇਹ ਵੀ ਸਮਝਣਾ ਪੈਣਾ ਹੈ ਕਿ ਬੇਰੁਜ਼ਗਾਰੀ ਦੀ ਸਮਾਜਿਕ ਲਾਹਨਤ ਤੇ ਸਰਮਾਏਦਾਰੀ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਆਮ ਬੇਰੁਜ਼ਗਾਰੀ ਸਰਮਾਏਦਾਰਾ ਪੈਦਾਵਾਰ ਤੇ ਇਸਦੇ ਇਕੱਤਰੀਕਰਨ ਦਾ ਅਟੱਲ ਨਤੀਜਾ ਹੈ। ਤੇ ਜਦੋਂ-ਜਦੋਂ ਇਹ ਪ੍ਰਬੰਧ ਆਰਥਿਕ ਸੰਕਟ ਦਾ ਸ਼ਿਕਾਰ ਹੁੰਦਾ ਹੈ ਉਦੋਂ ਬੇਰੁਜ਼ਗਾਰੀ ਦੀ ਇਸ ਅਲਾਮਤ ਵਿਚ ਬੇਤਹਾਸ਼ਾ ਵਾਧਾ ਹੋ ਜਾਂਦਾ ਹੈ। ਇਸ ਲਈ ਇਸ ਕੋਹੜ ਦਾ ਅੰਤਿਮ ਹੱਲ ਇਕ ਸਮਾਜਵਾਦੀ ਨਿਜ਼ਾਮ ਹੀ ਹੈ ਜਿਹੜਾ ਸਭ ਨੂੰ ਸਨਮਾਨਯੋਗ ਕੰਮ ਦੇ ਸਕਦਾ ਹੈ ਤੇ ਕਿਰਤੀ ਲੋਕਾਂ ਨੂੰ ਇਸ ਵੱਡੀ ਚਿੰਤਾ ਤੋਂ ਮੁਕਤ ਕਰ ਉਨ੍ਹਾਂ ਦੀ ਊਰਜਾ ਹੋਰ ਚੰਗੇ, ਉਸਾਰੂ ਕੰਮਾਂ ਵੱਲ ਸੇਧਿਤ ਕਰ ਸਕਦਾ ਹੈ।

# ਸਿਨੇਮਾ ਵਿਚ ਸੰਘੀ ਲਾਣੇ ਦਾ ਵਧਦਾ ਦਖਲ

ਸਮਾਜ ਦੀਆਂ ਬਹੁਤੀਆਂ ਖੋਜਾਂ ਮਨੁੱਖੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀਆਂ ਅਥਾਹ ਸੰਭਾਵਨਾਵਾਂ ਲੈ ਕੇ ਆਉਂਦੀਆਂ ਹਨ। ਪਰ ਮੌਜੂਦਾ ਸਰਮਾਏਦਾਰਾ ਪ੍ਰਬੰਧ ਅੰਦਰ ਵਿਗਿਆਨ ਦੀ ਹਰ ਖੋਜ ਮਨੁੱਖਤਾ ਦੀ ਬਿਹਤਰੀ ਦੀ ਬਜਾਏ ਮੁੱਠੀ ਭਰ ਸਰਮਾਏਦਾਰਾਂ ਵੱਲੋਂ ਆਪਣੇ ਸੌੜੇ ਹਿੱਤਾਂ ਲਈ ਵਰਤੀ ਜਾਂਦੀ ਹੈ। ਕਲਾ ਦੇ ਖੇਤਰ ਵਿਚ ਵੀ ਇਹੋ ਕੁੱਝ ਹੋ ਰਿਹਾ ਹੈ। ਕਲਾ ਦਾ ਬੇਹਤਰੀਨ ਨਮੂਨਾ ਸਿਨੇਮਾ, ਜਿਸ ਦੇ ਵੱਡੇ ਹਿੱਸੇ ਉੱਤੇ ਅੱਜ ਮੁੱਖ ਤੌਰ 'ਤੇ ਕਲਾ ਤੇ ਮੀਡੀਆ ਦੇ ਹੋਰਾਂ ਸਾਧਨਾਂ ਵਾਂਗ ਸਰਮਾਏਦਾਰੀ ਦਾ ਹੀ ਕਬਜ਼ਾ ਹੈ, ਸਰਮਾਏਦਾਰਾ ਸੱਭਿਆਚਾਰ ਨੂੰ ਲੋਕ ਮਨਾਂ ਵਿਚ ਭਰਨ ਦਾ ਇਕ ਸਾਧਨ ਹੈ। ਭਾਰਤ ਵਿਚ ਭਾਜਪਾ ਵਰਗੀ ਫਿਰਕੂ ਫਾਸ਼ੀਵਾਦੀ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਤਾਂ ਆਰ ਐਸ ਐਸ ਵੱਲੋਂ ਇਸ ਰਾਹੀਂ ਆਪਣੀ ਫਿਰਕੂ ਫਾਸ਼ੀਵਾਦੀ ਮੁਸਲਿਮ ਵਿਰੋਧੀ ਮੁਹਿੰਮ ਨੂੰ ਲੋਕਾਂ ਦੀ ਆਮ ਚੇਤਨਾ ਦਾ ਹਿੱਸਾ ਬਣਾਉਣ ਦੇ ਯਤਨ ਹੋਰ ਜ਼ੋਰਾਂ ਸ਼ੋਰਾਂ ਨਾਲ਼ ਕੀਤੇ ਜਾ ਰਹੇ ਹਨ।



ਇਹੋ ਕਾਰਨ ਹੈ ਕਿ 2014 ਤੋਂ ਬਾਅਦ, ਜਦੋਂ ਤੋਂ ਭਾਜਪਾ ਸੱਤਾ

**ਡਾ. ਅਮਨ ਸੰਤਨਗਰ**
**ਫੋਨ: 99918-54101**

ਵਿਚ ਆਈ ਹੈ, ਅੰਨ੍ਹੀ ਕੌਮਪ੍ਰਸਤੀ ਦੇ ਏਜੰਡੇ ਹੇਠ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਸਥਾਪਤ ਕਰਦੀਆਂ ਫਿਲਮਾਂ ਦੀ ਝੜੀ ਹੀ ਲੱਗ ਗਈ ਹੈ। ਇਸ ਸਮੇਂ ਦੌਰਾਨ ਹਿੰਦੀ ਸਿਨੇਮਾ ਵਿਚ ਇਤਿਹਾਸਕ ਫਿਲਮਾਂ ਦੇ ਨਾਂ ਹੇਠ ਫਾਸ਼ੀਵਾਦੀ ਪ੍ਰਚਾਰ ਵਾ਼ਲੀਆਂ ਫਿਲਮਾਂ ਦਾ ਰੁਝਾਨ ਵਧਿਆ ਹੈ। ਪਿੱਛੇ ਜਿਹੇ ਆਈ ਸੰਜੇ ਲੀਲਾ ਭੰਸਾਲੀ ਦੀ ਫਿਲਮ ਬਾਜੀਰਾਓ ਮਸਤਾਨੀ ਵਿਚ "ਹਿੰਦੂ ਸਵਰਾਜ" ਨੂੰ ਛਤਰਪਤੀ ਸ਼ਿਵਾਜੀ ਦੇ ਇਕੋ ਇਕ ਮਕਸਦ ਵਜੋਂ ਪੇਸ਼ ਕੀਤਾ ਗਿਆ ਹੈ ਅਤੇ ਇਸੇ ਨੂੰ ਉਸ ਵੱਲੋਂ ਲੜੀਆਂ ਜੰਗਾਂ ਦੇ ਅਸਲ ਮਕਸਦ ਵਜੋਂ ਪੇਸ਼ ਕੀਤਾ ਗਿਆ ਹੈ ਜਦਕਿ ਇਤਿਹਾਸਕ ਤੱਥ ਇਹ ਸਾਫ ਦੱਸਦੇ ਹਨ ਕਿ ਸ਼ਿਵਾਜੀ ਵੱਲੋਂ ਲੜੀਆਂ ਜੰਗਾਂ ਪਿੱਛੇ ਫਿਰਕੂ ਮਨਸੂਬੇ ਕਿਤੇ ਨੇੜੇ ਤੇੜੇ ਵੀ ਨਹੀਂ ਸਨ ਅਤੇ ਉਸਦਾ ਮਕਸਦ ਸਿਰਫ ਆਪਣੇ ਰਾਜ ਦੀਆਂ ਭੂਗੋਲਿਕ ਹੱਦਾਂ ਦਾ ਵਿਸਥਾਰ ਸੀ।

ਫਿਲਮ 'ਤਾਨ੍ਹਾਜੀ: ਦਿ ਅਨਸੰਗ ਹੀਰੋ' ਵਿਚ ਵੀ ਲਗਭਗ ਇਸੇ ਤਰ੍ਹਾਂ ਦੇ ਯਤਨ ਕੀਤੇ ਗਏ ਹਨ। ਤਾਨ੍ਹਾਜੀ ਮਾਲੁਸਰੇ ਅਤੇ ਉਸਦੀ ਪਤਨੀ ਸਾਵਿਤਰੀ ਮਾਲੂਸਰੇ, ਮਛੇਰਾ ਜਾਤੀ ਵਿਚੋਂ ਸਨ ਜਦਕਿ ਫਿਲਮ ਵਿਚ ਉਨ੍ਹਾਂ ਨੂੰ ਬ੍ਰਾਹਮਣ ਵਜੋਂ ਪੇਸ਼ ਕੀਤਾ ਗਿਆ ਹੈ। ਫਿਲਮ ਵਿਚ ਸਾਵਿੱਤਰੀ ਦੇ ਕਿਰਦਾਰ ਦੇ ਮੂਹੋਂ ਇਹ ਡਾਇਲਾਗ ਵੀ ਕਹਾਇਆ ਜਾਂਦਾ ਹੈ ਕਿ "ਜਦੋਂ ਸ਼ਿਵਾਜੀ ਆਪਣੀ ਤਲਵਾਰ ਕੱਢਦਾ ਹੈ ਤਾਂ ਉਹ ਔਰਤਾਂ ਦੀ ਇੱਜ਼ਤ ਅਤੇ ਬ੍ਰਾਹਮਣ ਦੇ ਪਵਿੱਤਰ ਧਾਗੇ ਦੀ ਰੱਖਿਆ ਕਰਦਾ ਹੈ"। ਬਾਲੀਵੁੱਡ ਅਤੇ ਹਿੰਦੀ ਫਿਲਮ ਸਨਅਤ ਤੋਂ ਬਿਨਾਂ ਹੋਰਨਾਂ ਫਿਲਮਾਂ ਵਿਚ ਵੀ ਇਸ ਤਰ੍ਹਾਂ ਦੇ ਰੁਝਾਨ ਦੀਆਂ ਕੁੱਝ ਮਿਸਾਲਾਂ ਮਿ਼ਲਦੀਆਂ ਹਨ, ਜਿਵੇਂ ਕਿ ਆਰ.ਆਰ.ਆਰ., ਜਿਸ ਵਿਚ ਇਕ ਕ੍ਰਾਂਤੀਕਾਰੀ (ਅਲੂਰੀ ਸੀਤਾਰਾਮ ਰਾਜੂ, ਜਿਸਨੇ ਅੰਗਰੇਜ਼ ਸਾਮਰਾਜ ਨਾ਼ਲ ਲੜਨ ਲਈ ਇਕ ਸੰਨਿਆਸੀ ਦੇ ਭੇਸ ਵਿਚ ਗੁਰੀਲਾ ਯੁੱਧਨੀਤੀ ਦੀ ਵਰਤੋਂ ਕੀਤੀ), ਨੂੰ ਹਿੰਦੂ ਦੇਵਤਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਨਾ਼ਲ ਹੀ ਪਿਛੋਕੜ ਵਿਚ ਜੈ ਸ੍ਰੀ ਰਾਮ ਦੀ ਗੂੰਜ ਲਗਾਤਾਰ ਮੌਜੂਦ ਰਹਿੰਦੀ ਹੈ। ਗਾਜ਼ੀ ਅਟੈਕ, ਸਰਬਜੀਤ, ਫੈਂਟਮ, ਬਜਰੰਗੀ ਭਾਈਜਾਨ, ਸੁਲਤਾਨ, ਜੌਲੀ ਐਲ ਐਲ ਬੀ, ਡਿਸ਼ੂਮ, ਐਮ.ਐਸ. ਧੋਨੀ, ਮੈਰੀ ਕੌਮ, ਏਅਰਲਿਫ਼ਟ ਆਦਿ ਫਿਲਮਾਂ ਬੀਤੇ ਸਮੇਂ ਵਿਚ ਅੰਨ੍ਹੇ ਕੌਮਪ੍ਰਸਤ ਅਤੇ ਮੁਸਲਿਮ ਵਿਰੋਧੀ ਭਾਵਨਾ ਪੈਦਾ ਕਰਨ ਵਾ਼ਲੀਆਂ ਫਿਲਮਾਂ ਦੀਆਂ ਕੁੱਝ ਚੋਣਵੀਆਂ ਮਿਸਾਲਾਂ ਹਨ। ਆਰ ਐਸ ਐਸ ਦੇ ਰਸਾਲੇ ਪੰਚਜੱਨਿਆ ਅਤੇ ਆਰਗੇਨਾਈਜ਼ਰ ਵਿਚ ਐਵੇਂ ਹੀ ਨਹੀਂ ਦੰਗਲ ਫਿਲਮ ਦੀ ਸਿਫਤ ਕੀਤੀ ਗਈ ਅਤੇ ਮੋਹਨ ਭਾਗਵਤ ਵੱਲੋਂ ਆਮਿਰ ਖਾਨ ਦੀ। ਇਸੇ ਤਰ੍ਹਾਂ ਪਿਛਲੇ ਸਮੇਂ ਆਈ ਫਿਲਮ ਕਸ਼ਮੀਰ ਫਾਈਲਜ਼ ਭਾਜਪਾ-ਸੰਘ ਦੀ ਇਕ ਅਜਿਹੀ ਹੀ ਪ੍ਰਚਾਰ ਫਿਲਮ ਸੀ ਜਿਸਦੀ ਮੋਦੀ ਨੇ ਰੱਜ ਕੇ ਮਸ਼ਹੂਰੀ ਕੀਤੀ। ਸਰਕਾਰ ਵੱਲੋਂ ਇਸ ਫਿਲਮ ਨੂੰ ਖੂਬ ਪ੍ਰਚਾਰਿਆ ਗਿਆ। ਸਰਕਾਰੀ ਮੁਲਾਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਇਹ ਫਿਲਮ ਵੇਖਣ ਲਈ ਪ੍ਰੇਰਿਆ ਗਿਆ। ਕਸ਼ਮੀਰੀ ਪੰਡਤਾਂ ਦੇ ਮਸਲੇ ਨੂੰ ਕਸ਼ਮੀਰ ਦੇ ਇਤਿਹਾਸ ਤੋਂ ਤੋੜ ਕੇ ਪੇਸ਼ ਕਰਦੀ ਇਹ ਫਿਲਮ ਕਸ਼ਮੀਰ ਵਿਚ ਹੁਣ ਤੱਕ 90,000 ਤੋਂ ਵੱਧ ਮਾਰੇ ਗਏ ਤੇ 10,000 ਤੋਂ ਵੱਧ ਲਾਪਤਾ ਲੋਕਾਂ ਦੇ ਮਸਲੇ ਉੱਤੇ ਕੋਈ ਗੱਲ ਨਹੀਂ ਕਰਦੀ। ਬੱਸ ਕਸ਼ਮੀਰੀ ਪੰਡਤਾਂ ਦੇ ਮਸਲੇ ਨੂੰ ਫਿਰਕੂ ਤਰੀਕੇ ਨਾ਼ਲ ਪੇਸ਼ ਕਰਦੀ ਹੈ। ਇਹ ਫਿਲਮ ਕਸ਼ਮੀਰੀ ਪੰਡਤਾਂ ਦੀ ਹਿਜਰਤ ਲਈ ਕਸ਼ਮੀਰੀ ਮੁਸਲਮਾਨਾਂ ਨੂੰ ਦੋਸ਼ੀ ਗਰਦਾਨ ਕੇ ਫਿਰਕੂ ਨਫਰਤ ਫੈਲਾਉਂਦੀ ਹੈ ਤੇ ਇਸ ਸਭ ਕਾਸੇ ਲਈ ਮੁੱਖ ਦੋਸ਼ੀ ਭਾਰਤ ਸਰਕਾਰ ਅਤੇ ਉਹਦੀ ਕੌਮੀ ਜਬਰ ਦੀ ਨੀਤੀ ਨੂੰ ਬਰੀ ਕਰਦੀ ਹੈ।

ਅਜਿਹੀਆਂ ਫਿਲਮਾਂ ਦੀ ਇਹ ਖਾਸੀਅਤ ਹੁੰਦੀ ਹੈ ਕਿ ਇਨ੍ਹਾਂ ਵਿਚ ਫਾਸ਼ੀਵਾਦੀਆਂ ਵੱਲੋਂ ਨਿਸ਼ਾਨੇ 'ਤੇ ਰੱਖੇ ਸਮੂਹ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਨਾਜ਼ੀਆਂ ਵੱਲੋਂ ਯਹੂਦੀਆਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਸੀ ਅਤੇ ਭਾਰਤ ਵਿਚ ਆਰ ਐਸ ਐਸ ਵੱਲੋਂ ਮੁਸਲਮਾਨਾਂ ਨੂੰ ਅਜਿਹੇ ਖਲਨਾਇਕ ਵਜੋਂ ਪੇਸ਼ ਕੀਤਾ ਜਾਂਦਾ ਹੈ। ਲੋਕਾਂ ਵਿਚ ਘੱਟ-ਗਿਣਤੀ ਭਾਈਚਾਰਿਆਂ ਬਾਰੇ ਪ੍ਰਚੱਲਤ ਬਹੁਤ ਸਾਰੇ ਰੂੜ੍ਹੀਵਾਦੀ ਵਿਚਾਰ ਉਨ੍ਹਾਂ ਦੇ ਵਿਰੁੱਧ ਘੜੇ ਗਏ ਅਜਿਹੇ ਬਿਰਤਾਂਤਾਂ 'ਤੋਂ ਹੀ ਪੈਦਾ ਹੁੰਦੇ ਹਨ। ਸਿਨੇਮਾ ਦੇ ਨਾ਼ਲ-ਨਾ਼ਲ ਭਾਰਤ ਵਿਚ ਗੋਦੀ ਮੀਡੀਆ ਅਜਿਹੇ ਬਿਰਤਾਂਤ ਸਿਰਜਣ ਵਿਚ ਸਰਕਾਰ ਦੀ ਪੂਰੀ ਮਦਦ ਕਰ ਰਿਹਾ ਹੈ। ਇਸ ਮਾਮਲੇ ਵਿਚ ਵੀ ਸੰਘੀ ਲਾਣਾ ਹਿਟਲਰ ਦੀ ਲੀਹ ਉੱਤੇ ਹੀ ਚੱਲ ਰਿਹਾ ਹੈ। ਹਿਟਲਰ ਅਕਸਰ ਅਜਿਹੇ ਵਿਚਾਰਾਂ ਨੂੰ ਦਬਾਉਣ ਲਈ, ਜੋ ਉਸ ਲਈ ਜਾਂ ਉਸਦੀ ਵਿਚਾਰਧਾਰਾ ਲਈ ਖਤਰਾ ਸਨ, ਖ਼ਬਰਾਂ ਅਤੇ ਫਿਲਮਾਂ ਵਰਗੇ ਮਾਧਿਅਮਾਂ ਨੂੰ ਕੰਟਰੋਲ ਕਰਦਾ ਸੀ ਅਤੇ ਮੋਦੀ ਵੀ ਗੋਦੀ ਮੀਡੀਆ ਰਾਹੀਂ ਅਤੇ 'ਦ ਕੇਰਲਾ ਸਟੋਰੀ' ਅਤੇ 'ਕਸ਼ਮੀਰ ਫਾਈਲਜ਼' ਵਰਗੀਆਂ ਮੁਸਲਿਮ ਵਿਰੋਧੀ ਜ਼ਹਿਰ ਘੋ਼ਲਦੀਆਂ ਫਾਸ਼ੀਵਾਦੀ ਏਜੰਡੇ ਵਾ਼ਲੀਆਂ ਫਿਲਮਾਂ ਰਾਹੀਂ ਇਹੋ ਕੁੱਝ ਕਰ ਰਿਹਾ ਹੈ।

ਸਿਨੇਮਾ ਰਾਹੀਂ ਕੀਤੇ ਜਾਂਦੇ ਅਜਿਹੇ ਖਤਰਨਾਕ ਝੂਠੇ ਪ੍ਰਚਾਰ ਵਿਚ ਜਿਸ ਆਮ ਵਰਤਾਰੇ ਨੂੰ ਨੋਟ ਕਰਨਾ ਬੇਹੱਦ ਮਹੱਤਵਪੂਰਨ ਹੈ। ਉਹ ਇਹ ਕਿ ਇਸ ਵਿਚ ਘੱਟ ਗਿਣਤੀ ਭਾਈਚਾਰਿਆਂ ਨੂੰ ਨਾ ਸਿਰਫ ਬਹੁ-ਗਿਣਤੀ ਲਈ ਖਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ, ਸਗੋਂ ਇਸਨੂੰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀਆਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਇਕ ਖਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਸੰਘ ਭਾਜਪਾ ਵੱਲੋਂ ਪ੍ਰਚਾਰਿਆ ਜਾਂਦਾ "ਲਵ ਜਿਹਾਦ" ਵੀ ਇਸੇ ਦੀ ਇਕ ਵੰਨਗੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਨਸਲੀ ਨਫਰਤ ਫੈਲਾਉਣ ਲਈ ਵੀ ਅਜਿਹੇ ਹੀ ਤਰੀਕੇ ਵਰਤੇ ਜਾਂਦੇ ਹਨ। ਕੁਝ ਚੋਣਵੇਂ ਤੱਥਾਂ ਨੂੰ ਤੋੜ-ਮਰੋੜ ਕੇ ਝੂਠ ਨੂੰ ਸੱਚ ਬਣਾ ਕੇ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਸਰੋਤੇ ਉਸ ਉੱਤੇ ਸੌਖਿਆਂ ਹੀ ਭਰੋਸਾ ਕਰ ਲੈਣ। ਆਲੋਚਨਾਤਮਕਤਾ ਦੀ ਅਜਿਹੀਆਂ ਫਿਲਮਾਂ ਵਿਚ ਕੋਈ ਥਾਂ ਨਹੀਂ ਹੁੰਦੀ। ਇਨ੍ਹਾਂ ਵਿਚ ਦੋ ਧਿਰਾਂ ਵਿਚ ਇਕ ਨੂੰ ਪੀੜਤ ਅਤੇ ਦੂਸਰੇ ਨੂੰ ਹਮਲਾਵਰ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਹਿਲੇ ਵਿਚ ਸਾਰਿਆਂ ਨੂੰ ਹੀ ਚੰਗੇ ਵਿਖਾਇਆ ਜਾਂਦਾ ਹੈ ਤੇ ਮਗਰਲੇ ਵਿਚ ਸਾਰਿਆਂ ਨੂੰ ਹੀ ਮਾੜੇ। ਮਿਸਾਲ ਵਜੋਂ, 'ਦ ਕੇਰਲਾ ਸਟੋਰੀ' ਵਿਚ ਹਰ ਮੁਸਲਿਮ ਪਾਤਰ ਨੂੰ ਦੁਸ਼ਟ ਜਾਂ ਹੇਰਾ-ਫੇਰੀ ਕਰਨ ਵਾ਼ਲੇ ਆਦਿ ਦੇ ਰੂਪ ਵਿਚ ਦਿਖਾਇਆ ਗਿਆ ਹੈ ਅਤੇ ਹਿੰਦੂ ਪਾਤਰਾਂ ਖਾਸਕਰ ਲੜਕੀਆਂ ਨੂੰ ਪੀੜਤ ਅਤੇ ਭੋ਼ਲੇਪਣ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਰਾਹੀਂ ਵੀ ਮੁਸਲਮਾਨਾਂ ਖ਼ਿਲਾਫ ਲੋਕਾਂ ਦੇ ਮਨਾਂ ਵਿਚ ਨਫ਼ਰਤ ਪੈਦਾ ਕਰਨ ਦਾ ਪੂਰਾ ਯਤਨ ਕੀਤਾ ਗਿਆ ਹੈ। ਹੁਣੇ-ਹੁਣੇ ਆਈ ਆਦੀਪੁਰਸ਼ ਫਿਲਮ ਰਾਹੀਂ ਵੀ ਇਸੇ ਹਿੰਦੂਤਵੀ ਏਜੰਡੇ ਨੂੰ ਪਰੋਸਿਆ ਗਿਆ ਹੈ।

ਸਿਨੇਮਾ ਪ੍ਰਚਾਰ ਦਾ ਇਕ ਏਡਾ ਪ੍ਰਭਾਵਸ਼ਾਲੀ ਸਾਧਨ ਹੈ ਕਿ ਇਸ ਵਿਚ ਜਦ ਅਜਿਹਾ ਝੂਠ ਲੋਕਾਂ ਸਾਹਮਣੇ ਕਲਾ ਦੇ ਅੱਤ ਵਿਕਸਤ ਰੂਪਾਂ ਰਾਹੀਂ ਪਰੋਸਿਆ ਜਾਂਦਾ ਹੈ ਤਾਂ ਲੋਕ ਕਈ ਵਾਰ ਉਸਨੂੰ ਇਕ ਬਾਹਰਮੁਖੀ ਸੱਚਾਈ ਮੰਨ ਲੈਂਦੇ ਹਨ। ਸਨਸਨੀਖੇਜ਼ ਤਰੀਕੇ ਨਾ਼ਲ ਪੇਸ਼ ਕੀਤੇ ਗਏ ਤੱਥ ਅਸਲੀਅਤ ਦੀ ਥਾਂ ਲੈ ਲੈਂਦੇ ਹਨ, ਅਤੇ ਇਕ ਮਿੱਥ ਚੇਤਨਾ ਦੀ ਉਸਾਰੀ ਕਰਦੇ ਹਨ। ਮਿਸਾਲ ਵਜੋਂ, ਭਾਵੇਂ 'ਦ ਕੇਰਲਾ ਸਟੋਰੀ' ਦੇ ਹਦਾਇਤਕਾਰ ਸੁਦੀਪਤੋ ਸੇਨ ਨੇ ਵਿਰੋਧ ਤੋਂ ਬਾਅਦ ਆਪਣੀ ਫਿਲਮ ਦੇ ਵੇਰਵਿਆਂ ਵਿਚ ਕੇਰਲਾ ਦੀਆਂ ਆਈ ਐਸ ਆਈ ਐਸ ਵਿਚ ਭਰਤੀ ਹੋਣ ਵਾ਼ਲੀਆਂ ਲੜਕੀਆਂ ਦੇ ਅੰਕੜਿਆਂ ਨੂੰ 32,000 ਤੋਂ ਬਦਲ ਕੇ '3' ਕਰ ਦਿੱਤਾ ਹੈ, ਪਰ ਸੋਸ਼ਲ ਮੀਡੀਆ 'ਤੇ ਬਹੁਤੀ ਚਰਚਾ ਪਹਿਲੇ 32000 ਦੇ ਅੰਕੜੇ ਉੱਤੇ ਹੀ ਹੁੰਦੀ ਰਹੀ ਹੈ। ਇਸ ਤਰ੍ਹਾਂ ਫਿਲਮ ਲੋਕਾਂ ਨੂੰ ਇਹ ਭਰੋਸਾ ਦਿਵਾਉਂਦੀ ਹੈ ਕਿ ਕੇਰਲਾ ਆਈ ਐਸ ਆਈ ਐਸ ਭਰਤੀ ਲਈ ਇਕ ਹੌਟਸਪੌਟ ਹੈ। ਇਹ ਤੁਹਾਨੂੰ ਵਿਸ਼ਵਾਸ ਕਰਵਾਉਂਦੀ ਹੈ ਕਿ ਇੱਥੇ ਕਿਤੇ ਕੋਈ ਸਹਿਮਤੀ ਨਾ਼ਲ ਅੰਤਰਜਾਤੀ ਵਿਆਹ ਨਹੀਂ ਹੁੰਦੇ ਅਤੇ ਸਾਰੇ ਮੁਸਲਮਾਨ ਦੁਸ਼ਟ ਅਤੇ ਸਾਜ਼ਿਸ਼ੀ ਹੁੰਦੇ ਹਨ।

ਪਰ ਇਸ ਸਭ ਕਾਸੇ ਦੇ ਬਾਵਜੂਦ ਸਿਨੇਮਾ ਦੀ ਬੇਹੱਦ ਹਾਂਦਰੂ ਭੂਮਿਕਾ ਰਹੀ ਹੈ ਅਤੇ ਸਦਾ ਰਹੇਗੀ। ਸੋਵੀਅਤ ਸਿਨੇਮਾ ਅਤੇ ਆਇਜ਼ੈਂਸਤਾਈਨ ਨੇ ਇਸ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਭਾਰਤ ਵਿਚ ਆਜ਼ਾਦੀ ਲਈ ਘੋ਼ਲ ਦੇ ਦੌਰ ਵੇ਼ਲੇ ਅਤੇ ਉਸ ਤੋਂ ਬਾਅਦ ਦੇ ਸਿਨੇਮਾ ਵਿਚ ਵੀ ਅਸੀਂ ਕਈ ਅਗਾਂਹਵਧੂ ਫਿਲਮਾਂ ਵੇਖ ਸਕਦੇ ਹਾਂ। 'ਡਾ. ਕੋਟਨੀਸ ਕੀ ਅਮਰ ਕਹਾਣੀ' ਜਿਹੀਆਂ ਲੋਕਪੱਖੀ ਫਿਲਮਾਂ ਦੀ ਸਿਫਤ ਕੀਤੀ ਜਾਣੀ ਬਣਦੀ ਹੈ। ਭਾਰਤ ਦੇ ਸਿਨੇਮਾ ਵਿਚ, ਸਥਾਪਤੀ ਨੂੰ ਚੁਣੌਤੀ ਦੇਣ ਵਾ਼ਲੀਆਂ ਅਤੇ ਘੱਟ ਗਿਣਤੀਆਂ ਦੇ ਜਬਰ 'ਤੇ ਸਵਾਲ ਕਰਨ ਵਾ਼ਲੀਆਂ ਫਿਲਮਾਂ ਵੀ ਮੌਜੂਦ ਹਨ, ਭਾਵੇਂ ਉਹ ਮੁਕਾਬਲਤਨ ਘੱਟ ਗਿਣਤੀ ਵਿਚ ਹਨ। ਇੱਕ ਪਾਸੇ ਸੋਵੀਅਤ ਯੂਨੀਅਨ ਵੇ਼ਲੇ ਦੀਆਂ ਫਿਲਮਾਂ ਸਨ ਜਿਨ੍ਹਾਂ ਦੀ 1917 ਦੇ ਅਕਤੂਬਰ ਇਨਕਲਾਬ ਤੋਂ ਬਾਅਦ, ਵਲਾਦੀਮੀਰ ਲੈਨਿਨ ਦੀ ਅਗਵਾਈ ਵਾ਼ਲੀ ਬਾਲਸ਼ਵਿਕ ਸਰਕਾਰ ਨੇ ਲੋਕਾਈ ਨੂੰ ਸਿੱਖਿਅਤ ਕਰਨ ਲਈ ਅਤੇ ਲੋਕ ਪੱਖੀ ਸਮਾਜ, ਸਮਾਜਵਾਦ ਦੀ ਉਸਾਰੀ ਦੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਵਰਤੋਂ ਕੀਤੀ। ਦੂਜੇ ਪਾਸੇ ਨਾਜ਼ੀਆਂ ਵੱਲੋਂ ਬਣਾਈਆਂ ਫਿਲਮਾਂ ਰਾਹੀਂ ਆਰਿਅਨਾਂ ਨੂੰ ਵਡਿਆਉਣ ਅਤੇ ਯਹੂਦੀਆਂ ਨੂੰ ਬਦਨਾਮ ਕਰਨ ਅਤੇ ਹਿਟਲਰ ਵੱਲੋਂ ਯਹੂਦੀਆਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਵਜੋਂ ਪੇਸ਼ ਕੀਤਾ ਗਿਆ।

ਭਾਰਤ ਵਿਚ ਸਿਨੇਮਾ ਉੱਤੇ ਇਨ੍ਹਾਂ ਦੋਵੇਂ ਰੁਝਾਨਾਂ ਦਾ ਹੀ ਅਸਰ ਵੇਖਿਆ ਜਾ ਸਕਦਾ ਹੈ। 1940-50 ਦੇ ਦਹਾਕੇ ਵਿਚ ਭਾਰਤ ਅੰਦਰ ਰਚੇ ਸਿਨੇਮਾ ਉੱਤੇ ਸੋਵੀਅਤ ਸਿਨੇਮਾ ਦਾ ਵੀ ਕਿਸੇ ਹੱਦ ਤੱਕ ਪ੍ਰਭਾਵ ਸੀ। ਪਰ ਅੱਜ ਸਿਨੇਮਾ ਵਿਚ ਫਿਰਕੂ ਫਾਸ਼ੀਵਾਦੀ, ਮੁਸਲਿਮ ਵਿਰੋਧੀ, ਅੰਨ੍ਹੀ ਕੌਮਪ੍ਰਸਤੀ ਆਦਿ ਦਾ ਨਫਰਤ ਭਰਿਆ ਪ੍ਰਚਾਰ ਭਾਰਤ ਦੇ ਸਿਨੇਮਾ ਵਿਚ ਲਗਾਤਾਰ ਵਧਦਾ ਜਾ ਰਿਹਾ ਹੈ। ਕਸ਼ਮੀਰ ਫਾਈਲਜ਼ ਅਤੇ ਦ ਕੇਰਲਾ ਸਟੋਰੀ ਵਰਗੀਆਂ ਫਿਲਮਾਂ ਦੀ ਮੋਦੀ ਸਮੇਤ ਹੋਰਨਾਂ ਭਾਜਪਾ ਦੇ ਬੁਲਾਰਿਆਂ ਨੇ ਸ਼ਰ੍ਹੇਆਮ ਹਮਾਇਤ ਕੀਤੀ ਹੈ। ਏਸੇ ਲਈ ਤਾਂ ਮੋਦੀ ਲਾਣੇ ਵੱਲੋਂ ਪਹਿਲਾਜ ਨਿਹਲਾਨੀ, ਗਜੇਂਦਰ ਚੌਹਾਨ ਅਤੇ ਮੁਕੇਸ਼ ਖੰਨਾ ਵਰਗੇ ਸੰਘੀਆਂ ਨੂੰ ਕੇਂਦਰੀ ਫਿਲਮ ਸਰਟੀਫਿਕੇਟ ਬੋਰਡ, ਫਿਲਮ ਅਤੇ ਟੈਲੀਵੀਜਨ ਇੰਸਟੀਚਿਊਟ ਆਫ ਇੰਡੀਆ ਅਤੇ ਬਾਲ ਫਿਲਮ ਸੋਸਾਇਟੀ ਦੇ ਮਹੱਤਵਪੂਰਨ ਅਹੁਦੇ ਦਿੱਤੇ ਜਾਂਦੇ ਰਹੇ ਹਨ।

ਇਸ ਤਰ੍ਹਾਂ ਅਜਿਹੀਆਂ ਫਿਰਕੂ ਏਜੰਡੇ ਵਾ਼ਲੀਆਂ ਫਿਲਮਾਂ, ਸਮਾਜ ਵਿਚਲੇ ਗੰਭੀਰ ਮਸਲਿਆਂ ਅਤੇ ਉਨ੍ਹਾਂ ਦੇ ਅਸਲ ਕਾਰਨਾਂ ਨੂੰ ਸੰਬੋਧਤ ਹੋਣ ਦੀ ਥਾਂ ਲੋਕਾਂ ਨੂੰ ਫਿਰਕੂ ਲੀਹਾਂ ਉੱਤੇ ਆਪਸ ਵਿਚ ਭੜਕਾਉਂਦੀਆਂ ਹਨ। ਪਰ ਅਜਿਹੀਆਂ ਫਿਲਮਾਂ (ਕਸ਼ਮੀਰ ਫਾਈਲਜ਼ ਤੇ ਕੇਰਲਾ ਸਟੋਰੀ ਵਰਗੀਆਂ) ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ ਕਿਉਂਕਿ ਇਹ ਫਿਲਮਾਂ ਇਕ ਤਾਂ ਰਾਜ ਸੱਤਾ ਦੇ ਨਿਰਦੇਸ਼ ਹੇਠ ਬਣਦੀਆਂ ਹਨ ਜਿਸ ਕਰਕੇ ਫਿਲਮ ਹਦਾਇਤਕਾਰ, ਫਿਲਮ ਕਥਾ ਲੇਖਕ ਦੀ ਕਲਾ ਆਪਣੇ ਪੂਰੇ ਜਲੌਅ ਵਿਚ ਨਿਖਰ ਕੇ ਸਾਹਮਣੇ ਨਹੀਂ ਆਉਂਦੀ ਤੇ ਦੂਜਾ ਜੋ ਇਨ੍ਹਾਂ ਫਿਲਮਾਂ ਨੇ ਪਰੋਸਿਆ ਹੈ ਲੋਕਾਂ ਦੀ ਜ਼ਿੰਦਗੀ ਦੀਆਂ ਅਸਲ ਹਕੀਕਤਾਂ ਉਸ ਦੀ ਪੁਸ਼ਟੀ ਨਹੀਂ ਕਰਦੀਆਂ। ਖੁਦ ਕਸ਼ਮੀਰੀ ਪੰਡਤਾਂ ਅਤੇ ਉਨ੍ਹਾਂ ਦੀਆਂ ਕਈ ਜਥੇਬੰਦੀਆਂ ਨੇ ਕਸ਼ਮੀਰ ਫਾਈਲਜ਼ ਵਰਗੀਆਂ ਫਿਲਮਾਂ ਨੂੰ ਗਲਤ ਕਿਹਾ ਸੀ। ਪਰ ਇਸਦੇ ਬਾਵਜੂਦ ਇਨ੍ਹਾਂ ਫਿਲਮਾਂ ਦੇ ਲੋਕਾਂ ਉੱਤੇ ਪੈਣ ਵਾ਼ਲੇ ਅਸਰ ਨੂੰ ਘਟਾ ਕੇ ਵੀ ਨਹੀਂ ਵੇਖਣਾ ਚਾਹੀਦਾ ਅਤੇ ਸਮੇਂ ਸਮੇਂ 'ਤੇ ਇਨ੍ਹਾਂ ਦੀ ਅਸਲੀਅਤ ਲੋਕਾਂ ਸਾਹਮਣੇ ਲਿਜਾਣੀ ਚਾਹੀਦੀ ਹੈ ਅਤੇ ਇੱਕ ਮਜ਼ਬੂਤ ਬਦਲਵਾਂ ਲੋਕ ਪੱਖੀ ਸਿਨੇਮਾ ਦਾ ਮਾਡਲ ਖੜ੍ਹਾ ਕਰਨ ਦਾ ਯਤਨ ਵਿੱਢਣਾ ਚਾਹੀਦਾ ਹੈ।

## ਦੇਵੀਪ੍ਰਸਾਦ ਮਿਸ਼ਰ ਦੀ ਕਵਿਤਾ
## 'ਉਹ ਮੁਸਲਮਾਨ ਸਨ'

ਉਹ ਕੱਪੜੇ ਬੁਣਦੇ ਸੀ
ਉਹ ਕੱਪੜੇ ਸਿਊਂਦੇ ਸੀ
ਉਹ ਜਿੰਦਰੇ ਬਣਾਉਂਦੇ ਸੀ
ਉਹ ਬਕਸੇ ਬਣਾਉਂਦੇ ਸੀ।

ਉਨ੍ਹਾਂ ਦੀ ਮਿਹਨਤ ਦੀਆਂ ਅਵਾਜ਼ਾਂ
ਪੂਰੇ ਸ਼ਹਿਰ 'ਚ ਗੂੰਜਦੀਆਂ ਰਹਿੰਦੀਆਂ ਸੀ
ਉਹ ਸ਼ਹਿਰ ਦੇ ਬਾਹਰ ਰਹਿੰਦੇ ਸੀ
ਉਹ ਮੁਸਲਮਾਨ ਸਨ
ਪ੍ਰੰਤੂ ਦਮਿਸ਼ਕ ਉਨ੍ਹਾਂ ਦਾ ਸ਼ਹਿਰ ਨਹੀਂ ਸੀ।

ਉਹ ਮੁਸਲਮਾਨ ਸਨ
ਅਰਬ ਦਾ ਪਟਰੌਲ ਉਨ੍ਹਾਂ ਦਾ ਨਹੀਂ ਸੀ
ਉਹ ਦਜ਼ਲਾ ਦਾ ਨਹੀਂ ਜਮਨਾ ਦਾ ਪਾਣੀ ਪੀਂਦੇ ਸਨ
ਉਹ ਮੁਸਲਮਾਨ ਸਨ।

ਉਹ ਮੁਸਲਮਾਨ ਸਨ
ਇਸ ਲਈ ਬਚਕੇ ਨਿਕਲਦੇ ਸਨ
ਉਹ ਮੁਸਲਮਾਨ ਸਨ
ਕੁੱਝ ਕਹਿੰਦੇ ਸੀ ਤਾਂ ਝਿਜਕਦੇ ਸੀ।

ਦੇਸ਼ ਦੇ ਬਹੁਤੇ ਅਖ਼ਬਾਰ ਇਹ ਕਹਿੰਦੇ ਸੀ
ਕਿ ਮੁਸਲਮਾਨਾਂ ਕਰਕੇ ਕਰਫ਼ਿਊ ਲਗਦੇ ਹਨ
ਕਰਫ਼ਿਊ ਲਗਦੇ ਸਨ ਤਾਂ
ਇਕ ਤੋਂ ਬਾਅਦ
ਦੂਸਰੇ ਹਾਦਸੇ ਦੀਆਂ ਖ਼ਬਰਾਂ ਆਉਂਦੀਆਂ ਸੀ
ਉਨ੍ਹਾਂ ਦੀਆਂ ਔਰਤਾਂ
ਬਿਨਾਂ ਦਹਾੜ ਮਾਰੇ ਪਿਛਾੜਾਂ ਖਾਂਦੀਆਂ ਸੀ
ਬੱਚੇ ਕੰਧਾਂ ਨਾਲ ਲੱਗੇ ਰਹਿੰਦੇ ਸੀ

ਉਹ ਮੁਸਲਮਾਨ ਸਨ।
ਉਹ ਮੁਸਲਮਾਨ ਸਨ ਇਸ ਲਈ
ਜਰ ਲੱਗੇ ਜਿੰਦਰਿਆਂ ਦੀ ਤਰ੍ਹਾਂ ਉਹ ਖੁਲ੍ਹਦੇ ਨਹੀਂ ਸੀ

ਉਹ ਜੇ ਪੰਜ ਬਾਰ ਨਮਾਜ਼ ਪੜ੍ਹਦੇ ਸਨ
ਤਾਂ ਉਸ ਤੋਂ ਕਈ ਗੁਣਾਂ ਵੱਧ ਬਾਰ
ਸਿਰ ਪਟਕਦੇ ਸੀ
ਉਹ ਮੁਸਲਮਾਨ ਸਨ।

ਉਹ ਪੁੱਛਣਾ ਚਾਹੁੰਦੇ ਸਨ ਕਿ
ਇਸ ਲਾਲ ਕਿਲੇ ਦਾ ਅਸੀਂ ਕੀ ਕਰੀਏ
ਉਹ ਪੁੱਛਣਾ ਚਾਹੁੰਦੇ ਸਨ ਕਿ
ਇਸ ਹਿੰਮਾਂਯੂ ਦੇ ਮਕਬਰੇ ਦਾ
ਅਸੀਂ ਕੀ ਕਰੀਏ
ਅਸੀਂ ਕੀ ਕਰੀਏ ਇਸ ਮਸੀਤ ਦਾ ਜਿਸ ਦਾ ਨਾਮ
ਕੁਵਤ-ਉਲ-ਇਸਲਾਮ ਹੈ
ਇਸਲਾਮ ਦੀ ਤਾਕਤ।

ਅਦਰਕ ਦੀ ਤਰ੍ਹਾਂ ਉਹ ਬਹੁਤ ਕੌੜੇ ਸੀ
ਉਹ ਮੁਸਲਮਾਨ ਸਨ
ਉਹ ਸੋਚਦੇ ਸੀ ਕਿ ਕਿਧਰੇ ਹੋਰ ਚਲੇ ਜਾਣ
ਪਰ ਨਹੀਂ ਜਾ ਸਕਦੇ ਸਨ
ਉਹ ਸੋਚਦੇ ਸੀ ਇਥੇ ਹੀ ਰਹਿ ਜਾਣ
ਤਾਂ ਨਹੀਂ ਰਹਿ ਸਕਦੇ ਸਨ
ਉਹ ਅੱਧੇ ਜਿਬਾਹ ਕੀਤੇ ਬੱਕਰੇ ਵਾਂਗ ਦਰਦ ਦੇ ਝਟਕੇ
ਮਹਿਸੂਸ ਕਰਦੇ ਸੀ।

ਉਹ ਮੁਸਲਮਾਨ ਸਨ ਇਸ ਲਈ
ਤੂਫ਼ਾਨ ਵਿਚ ਫਸੇ ਜਹਾਜ਼ ਦੇ ਮੁਸਾਫ਼ਰਾਂ ਵਾਂਗ
ਇਕ ਦੂਸਰੇ ਨੂੰ ਭਚੀੜੀ ਰੱਖਦੇ ਸਨ।

ਕੁਝ ਲੋਕਾਂ ਨੇ ਇਹ ਬਹਿਸ ਚਲਾਈ ਸੀ ਕਿ
ਉਨ੍ਹਾਂ ਨੂੰ ਸੁੱਟ ਦਿੱਤਾ ਜਾਵੇ ਤਾਂ
ਕਿਸ ਸਮੁੰਦਰ ਵਿਚ ਸੁੱਟਿਆ ਜਾਵੇ
ਬਹਿਸ ਇਹ ਸੀ
ਕਿ ਉਨ੍ਹਾਂ ਨੂੰ ਧੱਕਿਆ ਜਾਵੇ
ਤਾਂ ਕਿਸ ਪਹਾੜ ਤੋਂ ਧੱਕਿਆ ਜਾਵੇ?
ਉਹ ਮੁਸਲਮਾਨ ਸਨ ਪਰ ਕੀੜੀਆਂ ਨਹੀਂ ਸਨ
ਉਹ ਮੁਸਲਮਾਨ ਸਨ ਪਰ ਚੂਚੇ ਨਹੀਂ ਸਨ।

ਸਾਵਧਾਨ!
ਸਿੰਧ ਦੇ ਦੱਖਣ ਵਿਚ
ਸੈਂਕੜੇ ਸਾਲਾਂ ਦੀ ਨਾਗਰਿਕਤਾ ਦੇ ਬਾਅਦ
ਮਿੱਟੀ ਦੇ ਢੇਲੇ ਨਹੀਂ ਸਨ ਉਹ।

ਉਹ ਚਟਾਨ ਅਤੇ ਉਸ ਵਾਂਗ ਸੱਚ ਸਨ
ਉਹ ਸਿੰਧ ਅਤੇ ਹਿੰਦੂਕੁਸ਼ ਦੀ ਤਰ੍ਹਾਂ ਸੱਚ ਸਨ
ਸੱਚ ਨੂੰ ਜਿਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੋਵੇ
ਉਸ ਤਰ੍ਹਾਂ ਉਹ ਸੱਚ ਸਨ।
ਉਹ ਸੱਭਿਅਤਾ ਦਾ ਜ਼ਰੂਰੀ ਨੇਮ ਸਨ
ਉਹ ਮੁਸਲਮਾਨ ਸਨ ਅਫ਼ਵਾਹ ਨਹੀਂ ਸਨ।

ਉਹ ਮੁਸਲਮਾਨ ਸਨ
ਉਹ ਮੁਸਲਮਾਨ ਸਨ
ਉਹ ਮੁਸਲਮਾਨ ਸਨ

ਉਹ ਨਾ ਹੁੰਦੇ ਤਾਂ ਲਖਨਊ ਨਾ ਹੁੰਦਾ
ਅੱਧਾ ਇਲਾਹਾਬਾਦ ਨਾ ਹੁੰਦਾ
ਮਹਿਰਾਬਾਂ ਨਾ ਹੁੰਦੀਆਂ, ਗੁੰਬਦ ਨਾ ਹੁੰਦਾ
ਆਦਾਬ ਨਾ ਹੁੰਦਾ।
ਮੀਰ ਮਕਦੂਮ ਮੋਮਨ ਨਾ ਹੁੰਦੇ
ਸ਼ਬਾਨਾ ਨਾ ਹੁੰਦੀ।

ਉਹ ਨਾ ਹੁੰਦੇ ਤਾਂ
ਉਪਮਹਾਂਦੀਪ ਦੇ ਸੰਗੀਤ ਨੂੰ ਸੁਣਨ ਵਾਲਾ
ਖ਼ੁਸਰੋ ਨਾ ਹੁੰਦਾ।
ਉਹ ਨਾ ਹੁੰਦੇ ਤਾਂ
ਪੂਰੇ ਦੇਸ਼ ਦੇ ਗੁੱਸੇ ਨਾਲ ਬੇਚੈਨ ਹੋਣ ਵਾਲਾ
ਕਬੀਰ ਨਾ ਹੁੰਦਾ।

ਉਹ ਨਾ ਹੁੰਦੇ ਤਾਂ
ਭਾਰਤੀ ਉਪਮਹਾਂਦੀਪ ਦੇ ਦੁੱਖ ਨੂੰ
ਕਹਿਣ ਵਾਲਾ ਗ਼ਾਲਿਬ ਨਾ ਹੁੰਦਾ।
ਮੁਸਲਮਾਨ ਨਾ ਹੁੰਦੇ ਤਾਂ
ਅਠਾਰਾਂ ਸੌ ਸਤਵੰਜਾ ਨਾ ਹੁੰਦਾ

ਉਹ ਸਨ ਤਾਂ ਚਾਚਾ ਹਸਨ ਸੀ
ਉਹ ਸਨ ਤਾਂ ਪਤੰਗਾਂ ਨਾਲ ਰੰਗੀਨ ਹੁੰਦੇ ਅਸਮਾਨ ਸਨ
ਉਹ ਮੁਸਲਮਾਨ ਸਨ।

**ਭਾਰਤ ਵਿਚ ਲੰਮੇ ਸਮੇਂ ਤੋਂ ਵੱਖ-ਵੱਖ ਪਾਰਟੀਆਂ ਅਤੇ ਇਨ੍ਹਾਂ ਦੇ ਆਗੂਆਂ ਨੇ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਕਿ ਹੌਲੀ-ਹੌਲੀ ਸਿਆਸਤ ਅਤੇ ਲੋਕਤੰਤਰ ਵਿਚ ਨਿਘਾਰ ਆਉਂਦਾ ਗਿਆ। ਕੁਝ ਲੀਡਰਾਂ ਦੇ ਸਮੇਂ ਦੌਰਾਨ ਇਹ ਨਿਘਾਰ ਸਭ ਹੱਦਾਂ ਬੰਨੇ ਪਾਰ ਕਰ ਗਿਆ ਅਤੇ ਆਮ ਮਨੁੱਖ ਲਗਾਤਾਰ ਪੀੜਤ ਹੁੰਦਾ ਗਿਆ। ਉਘੇ ਵਿਦਵਾਨ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਭਾਰਤੀ ਸਿਆਸਤ, ਵੱਖ-ਵੱਖ ਪਾਰਟੀਆਂ ਅਤੇ ਆਗੂਆਂ ਬਾਰੇ ਚੀਰ-ਫਾੜ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਭਾਰਤੀ ਸਿਆਸਤ ਦੇ ਭਵਿੱਖ ਬਾਰੇ ਵੀ ਕੁਝ ਅਹਿਮ ਟਿੱਪਣੀਆਂ ਕੀਤੀਆਂ ਹਨ।**

# ਭਾਰਤੀ ਸਿਆਸਤ ਦਾ ਭਵਿੱਖ: ਕੁਝ ਖਾਸ ਨੁਕਤੇ







2009 ਦੀਆਂ ਆਮ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਮੈਂ ਦਿੱਲੀ ਦੇ ਇੱਕ ਰਸਾਲੇ ਲਈ ਲੇਖ ਲਿਖਿਆ ਸੀ ਜਿਸ ਵਿਚ ਭਾਰਤ ਵਿਚ ਜਮਹੂਰੀ ਸਿਲਸਿਲੇ 'ਚ ਨਵੀਂ ਜਾਨ ਪਾਉਣ ਲਈ ਚਾਰ ਜ਼ਰੂਰੀ ਚੀਜ਼ਾਂ ਹੋਣ ਦੀ ਕਾਮਨਾ ਕੀਤੀ ਗਈ ਸੀ।

ਪਹਿਲੀ, ਮੈਂ ਚਾਹੁੰਦਾ ਸੀ ਕਿ ਅਜਿਹੀ ਕਾਂਗਰਸ ਬਣੇ ਜੋ ਪੂਰੀ ਤਰ੍ਹਾਂ ਪਰਿਵਾਰ ਦੇ ਚੁੰਗਲ ਵਿਚ ਨਾ ਫਸੀ ਹੋਵੇ। ਦੂਜੀ; ਮੈਂ ਚਾਹੁੰਦਾ ਸੀ, ਅਜਿਹੀ ਭਾਜਪਾ ਜੋ ਆਪਣੇ ਆਪ ਨੂੰ



ਆਰ.ਐੱਸ.ਐੱਸ. ਅਤੇ ਹਿੰਦੂ ਰਾਸ਼ਟਰ ਦੇ ਵਿਚਾਰ ਤੋਂ ਦੂਰ ਕਰੇ। ਤੀਜੀ, ਮੈਂ ਚਾਹੁੰਦਾ ਸੀ ਕਿ ਇਕਜੁੱਟ ਅਤੇ ਸੁਧਾਰਮੁਖੀ ਖੱਬੀ ਧਿਰ ਉੱਭਰੇ ਜੋ ਹਿੰਸਾ ਨੂੰ ਪੂਰੀ ਤਰ੍ਹਾਂ ਰੱਦ

ਰਾਮਚੰਦਰ ਗੁਹਾ

ਕਰੇ ਅਤੇ ਅਰਥਚਾਰੇ ਉਪਰ ਸਟੇਟ/ਰਿਆਸਤ ਦੇ ਕੰਟਰੋਲ ਨੂੰ ਦਰਕਿਨਾਰ ਕਰਦੀ ਹੋਵੇ। ਚੌਥੀ ਤੇ ਆਖ਼ਰੀ ਇਹ ਕਿ ਦੇਸ਼ ਅੰਦਰ ਵਧ-ਫੁੱਲ ਰਹੇ ਮੱਧਵਰਗ ਦੀਆਂ ਉਮੰਗਾਂ ਦੇ ਆਧਾਰ 'ਤੇ ਅਸਲੋਂ ਨਵੀਂ ਪਾਰਟੀ ਦੀ ਸਿਰਜਣਾ ਹੋਵੇ ਜੋ ਹਰ ਜਾਤ ਜਾਂ ਧਰਮ ਲਈ ਬਾਹਾਂ ਪਸਾਰਦੀ ਹੋਵੇ ਅਤੇ ਅਜਿਹੀਆਂ ਨੀਤੀਆਂ ਨੂੰ ਹੱਲਾਸ਼ੇਰੀ ਦੇਵੇ ਜੋ ਕਿਸੇ ਵਿਸ਼ੇਸ਼ ਫ਼ਿਰਕੇ ਜਾਂ ਨਸਲੀ ਸਮੂਹ 'ਤੇ ਕੇਂਦਰਿਤ ਨਾ ਹੋਣ।

ਪੰਦਰਾਂ ਸਾਲਾਂ ਦੇ ਅਰਸੇ ਅਤੇ ਤਿੰਨ ਆਮ ਚੋਣਾਂ ਤੋਂ ਬਾਅਦ ਮੈਂ ਬਹੁਤ ਆਜਜ਼ੀ ਨਾਲ ਆਪਣੀ ਇੱਛਾ ਸੂਚੀ ਨੂੰ ਚੇਤੇ ਕਰਦਿਆਂ ਦੇਖਣਾ ਚਾਹੁੰਦਾ ਹਾਂ ਕਿ ਇਹ ਸਾਕਾਰ ਹੋਣ ਤੋਂ ਅਜੇ ਕਿੰਨੀ ਕੁ ਦੂਰ ਹੈ। ਹਾਲਾਂਕਿ ਗਾਂਧੀ ਪਰਿਵਾਰ ਤੋਂ ਬਾਹਰਲਾ ਇੱਕ ਆਗੂ ਕਾਂਗਰਸ ਦਾ ਪ੍ਰਧਾਨ ਬਣ ਚੁੱਕਿਆ ਹੈ ਪਰ ਇਹ ਪਾਰਟੀ ਅਜੇ ਵੀ ਪਰਿਵਾਰ ਦੇ ਕੰਟਰੋਲ ਹੇਠ ਹੈ। ਦਰਅਸਲ, ਕਾਂਗਰਸ ਪ੍ਰਧਾਨ ਬਣਨ ਤੋਂ ਥੋੜ੍ਹੀ ਦੇਰ ਬਾਅਦ ਹੀ ਮਲਿਕਾਰਜੁਨ ਖੜਗੇ ਨੇ 'ਭਾਰਤ ਜੋੜੋ ਯਾਤਰਾ' ਵਿਚ ਸ਼ਾਮਿਲ ਹੋ ਕੇ ਆਖਿਆ ਸੀ ਕਿ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਰਾਹੁਲ ਗਾਂਧੀ ਹੋਣਾ ਚਾਹੀਦਾ ਹੈ। ਯਾਤਰਾ ਸ਼ੁਰੂ ਹੋਣ ਨਾਲ ਹੀ ਸੋਸ਼ਲ ਮੀਡੀਆ 'ਤੇ 'ਰਾਹੁਲ ਫਾਰ ਪੀ.ਐਮ.' (ਪ੍ਰਧਾਨ ਮੰਤਰੀ ਦੇ ਅਹੁਦੇ ਲਈ ਰਾਹੁਲ) ਦੀ ਮੁਹਿੰਮ ਵਿੱਢ ਦਿੱਤੀ ਗਈ ਸੀ; ਕਰਨਾਟਕ ਵਿਚ ਕਾਂਗਰਸ ਦੀ ਜਿੱਤ ਤੋਂ ਬਾਅਦ ਇਹ ਸੋਸ਼ਲ ਮੀਡੀਆ ਕਾਰਕੁਨ ਹੋਰ ਵੀ ਸਰਗਰਮ ਹੋ ਗਏ ਸਨ। ਇਹ ਠੀਕ ਹੈ ਕਿ ਪਾਰਟੀ ਸਫ਼ਾਂ ਅੰਦਰ ਕੁਝ ਵਿਰੋਧੀ ਸੁਰਾਂ ਸੁਣਦੀਆਂ ਰਹਿੰਦੀਆਂ ਹਨ ਜੋ ਕਦੇ ਕਦਾਈਂ ਪ੍ਰਧਾਨ ਮੰਤਰੀ ਲਈ ਬਦਲਵੇਂ ਕਾਂਗਰਸੀ ਉਮੀਦਵਾਰ ਦਾ ਸੁਝਾਅ ਦਿੰਦੀਆਂ ਰਹਿੰਦੀਆਂ ਹਨ ਤੇ ਇਹ ਕੋਈ ਹੋਰ ਨਹੀਂ ਸਗੋਂ ਰਾਹੁਲ ਦੀ ਭੈਣ ਪ੍ਰਿਅੰਕਾ ਗਾਂਧੀ ਹੈ।

ਜਿੱਥੋਂ ਤੱਕ ਭਾਜਪਾ ਦਾ ਤਾਅਲੁਕ ਹੈ ਤਾਂ ਇਹ ਆਰ.ਐੱਸ.ਐੱਸ. ਅਤੇ ਹਿੰਦੂਤਵ ਤੋਂ ਦੂਰੀ ਅਖਤਿਆਰ ਕਰਨ ਦੇ ਸਵਾਲ ਤੋਂ ਬਹੁਤ ਦੂਰ ਨਜ਼ਰ ਆ ਰਹੀ ਹੈ ਅਤੇ ਅਸਲ ਵਿਚ ਇਹ ਪਹਿਲਾਂ ਨਾਲੋਂ ਵੀ ਜ਼ਿਆਦਾ ਇਸ ਦੀ ਜਕੜ ਵਿਚ ਆ ਚੁੱਕੀ ਹੈ। ਲੋਕ ਸਭਾ ਵਿਚ ਪਾਰਟੀ ਦੇ 300 ਸੰਸਦ ਮੈਂਬਰਾਂ 'ਚੋਂ ਇੱਕ ਵੀ ਮੁਸਲਮਾਨ ਨਹੀਂ ਹੈ ਤੇ ਇਹ ਤੱਥ ਹੀ ਆਮ ਤੌਰ 'ਤੇ ਘੱਟਗਿਣਤੀਆਂ, ਖ਼ਾਸਕਰ ਮੁਸਲਮਾਨਾਂ ਨਾਲ ਸਲੂਕ ਦੇ ਇਸ ਦੇ ਫਲਸਫ਼ੇ ਨੂੰ ਬਿਆਨ ਕਰ ਦਿੰਦਾ ਹੈ ਜਿਨ੍ਹਾਂ ਨੂੰ ਇਹ ਬਰਾਬਰ ਦਾ ਨਾਗਰਿਕ ਮੰਨਣ ਲਈ ਤਿਆਰ ਨਹੀਂ ਹੈ। ਪਾਠ ਪੁਸਤਕਾਂ ਅਤੇ ਸਕੂਲੀ ਸਿਲੇਬਸ ਨੂੰ ਨਵੇਂ ਸਿਰਿਓਂ ਲਿਖਣ ਦਾ ਏਜੰਡਾ ਸੱਤਾਧਾਰੀ ਪਾਰਟੀ ਦੀ ਬਹੁਗਿਣਤੀਪ੍ਰਸਤ ਮਾਨਸਿਕਤਾ ਦਾ ਇੱਕ ਹੋਰ ਪ੍ਰਗਟਾਵਾ ਹੈ।

ਐੱਨ.ਡੀ.ਏ. ਦੀ ਪਹਿਲੀ ਸਰਕਾਰ 1998 ਤੋਂ 2004 ਤੱਕ ਚੱਲੀ ਸੀ। ਇਸ ਦੌਰਾਨ ਵੀ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਹਿੰਦੂਤਵੀ ਪ੍ਰਭਾਵ ਤੋਂ ਅਛੂਤੇ ਨਹੀਂ ਸਨ। ਉਂਝ, ਇਹ ਪ੍ਰਭਾਵ ਕਾਫ਼ੀ ਹੱਦ ਤੱਕ ਦਬਵੇਂ ਸਨ ਜਦੋਂਕਿ 2014 ਵਿਚ ਕੇਂਦਰ ਵਿਚ ਐੱਨ.ਡੀ.ਏ. ਦੇ ਦੂਜੀ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਇਹ ਬਹੁਤ ਉੱਘੜਵੇਂ ਰੂਪ 'ਚ ਸਾਹਮਣੇ ਆਉਣ ਲੱਗੇ। ਇਸ ਤੋਂ ਇਲਾਵਾ, ਨਾ ਸਿਰਫ਼ ਭਾਜਪਾ ਦਾ ਹੋਰ ਜ਼ਿਆਦਾ ਹਿੰਦੂਤਵੀਕਰਨ ਹੋ ਗਿਆ ਸਗੋਂ ਇਹ ਸ਼ਖ਼ਸੀ ਪੂਜਾ ਦੀ ਗ਼ੁਲਾਮ ਵੀ ਬਣ ਗਈ। ਅਤੀਤ ਵਿਚ ਇੱਕ ਹੱਦ ਤੱਕ ਇੰਦਰਾ ਗਾਂਧੀ ਦੀ ਕਾਂਗਰਸ ਨਾਲੋਂ ਆਪਣੇ ਆਪ ਨੂੰ ਵੱਖਰੀ ਦਰਸਾਉਣ ਖ਼ਾਤਰ ਭਾਜਪਾ 'ਸ਼ਖ਼ਸੀ ਪੂਜਾ' ਵਿਰੋਧੀ ਪੈਂਤੜਾ ਲੈਂਦੀ ਰਹੀ ਸੀ। ਬਹਰਹਾਲ, ਉਹ ਪੈਂਤੜਾ ਹੁਣ ਤਿਆਗ ਦਿੱਤਾ ਗਿਆ ਹੈ ਅਤੇ ਸੰਸਦ ਮੈਂਬਰਾਂ ਤੇ ਕੈਬਨਿਟ ਮੰਤਰੀਆਂ ਅੰਦਰ ਖੁਸ਼ਾਮਦੀ ਢੰਗ ਨਾਲ ਪ੍ਰਧਾਨ ਮੰਤਰੀ ਦੇ ਸੋਹਲੇ ਗਾਉਣ ਦੀ ਹੋੜ ਲੱਗੀ ਰਹਿੰਦੀ ਹੈ।

ਹਾਲ ਹੀ ਵਿਚ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਗਮ ਮੌਕੇ ਹੋਈਆਂ ਰਸਮਾਂ ਵਿਚ ਧਾਰਮਿਕ ਬਹੁਗਿਣਤੀਵਾਦ ਅਤੇ ਸ਼ਖ਼ਸੀ ਪੂਜਾ ਦਾ ਇਹ ਮਿਸ਼ਰਨ ਸਥੂਲ ਅਤੇ ਪ੍ਰਤੀਕਾਤਮਕ ਦੋਵਾਂ ਰੂਪਾਂ ਵਿਚ ਪ੍ਰਗਟ ਹੋਇਆ ਸੀ। ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਸਮਾਗਮ 'ਚੋਂ ਉੱਕਾ ਹੀ ਗ਼ੈਰ-ਹਾਜ਼ਰ ਰਹੇ ਜਦੋਂਕਿ ਸਮਾਗਮਾਂ ਦੀ ਕੋਰੀਓਗ੍ਰਾਫੀ 'ਚ ਕੈਬਨਿਟ ਮੰਤਰੀ ਵੀ ਕਿਤੇ-ਕਿਤੇ ਨਜ਼ਰ ਆਏ। ਮਕਸਦ ਇਹ ਸੀ ਕਿ ਸਿਰਫ਼ ਤੇ ਸਿਰਫ਼ ਇੱਕ ਵਿਅਕਤੀ ਨੂੰ ਦਿਖਾਇਆ ਜਾਵੇ ਜਿਸ ਦੌਰਾਨ ਉਸ ਦੁਆਲੇ ਫਰਮਾਬਰਦਾਰ ਪੁਜਾਰੀਆਂ ਨੇ ਘੇਰਾ ਘੱਤਿਆ ਹੋਇਆ ਸੀ। ਉਨ੍ਹਾਂ ਦੇ ਪਾਰਟੀ ਮੈਂਬਰਾਂ ਅਤੇ ਵਡੇਰੇ ਸੰਘ ਪਰਿਵਾਰ ਨੇ ਪ੍ਰਧਾਨ ਮੰਤਰੀ ਨੂੰ 'ਹਿੰਦੂ ਸਮਰਾਟ' ਦਾ ਦਰਜਾ ਦੇ ਦਿੱਤਾ ਹੈ।

ਹੁਣ ਆਉਂਦੇ ਹਾਂ ਖੱਬੀ ਧਿਰ ਵੱਲ ਜੋ ਭਾਰਤੀ ਰਾਜ ਪ੍ਰਣਾਲੀ ਦਾ ਅਜਿਹਾ ਕਾਰਕ ਹੈ ਜਿਸ ਨੇ ਆਪਣੇ ਆਪ ਨੂੰ ਉਸ ਢੰਗ ਨਾਲ ਸੁਧਾਰਿਆ ਜਿਸ ਦੀ ਕਾਮਨਾ ਇਨ੍ਹਾਂ ਸਤਰਾਂ ਦੇ ਲੇਖਕ ਨੇ ਕੀਤੀ ਸੀ। ਇਸ ਦੀ ਥਾਂ ਨਕਸਲੀ ਜਨਤਕ ਖੇਤਰ ਵਿਚ ਸਾਹਮਣੇ ਨਿੱਤਰ ਕੇ ਬਹੁ-ਪਾਰਟੀ ਲੋਕਰਾਜ ਦਾ ਰਾਹ ਅਪਣਾਉਣ ਦੀ ਬਜਾਇ ਉਨ੍ਹਾਂ ਜ਼ਿਲ੍ਹਿਆਂ ਅੰਦਰ ਅੰਨ੍ਹੇਵਾਹ ਹਿੰਸਾ ਦੇ ਕਾਰੇ ਲਗਾਤਾਰ ਕਰ ਰਹੇ ਹਨ ਜਿੱਥੇ ਇਨ੍ਹਾਂ ਦਾ ਥੋੜ੍ਹਾ ਬਹੁਤ ਅਸਰ ਹੈ। ਜਿੱਥੋਂ ਤੱਕ ਸੰਸਦੀ ਸਿਆਸਤ ਕਰਨ ਵਾਲੀ ਖੱਬੀ ਧਿਰ ਦਾ ਤਾਅਲੁਕ ਹੈ ਤਾਂ ਇਹ ਇੱਕ ਸੂਬੇ, ਕੇਰਲ ਦੀ ਸੱਤਾ ਵਿਚ ਬਣੇ ਹੋਏ ਹਨ ਪਰ ਇਸ ਨੇ ਸ਼ਾਸਨ ਦੀ ਆਪਣੀ ਪਹੁੰਚ ਵਿਚ ਕੋਈ ਖ਼ਾਸ ਬਦਲਾਓ ਨਹੀਂ ਲਿਆਂਦਾ। ਉੱਚ ਮਾਨਵੀ ਵਿਕਾਸ ਦੇ ਸੂਚਕਾਂ ਨੂੰ ਬਾਹਰੀ ਪ੍ਰਾਈਵੇਟ ਨਿਵੇਸ਼ ਲਈ ਚੁੰਬਕ ਦਾ ਕੰਮ ਕਰਨਾ ਚਾਹੀਦਾ ਹੈ ਪਰ ਅਜਿਹਾ ਹੋ ਨਹੀਂ ਸਕਿਆ ਕਿਉਂਕਿ ਸੀ.ਪੀ.ਆਈ.(ਐਮ.) ਨੇ ਹਾਲੇ ਵੀ ਅਰਥਚਾਰੇ ਪ੍ਰਤੀ ਕਮਾਂਡ ਅਤੇ ਕੰਟਰੋਲ ਦੀ ਪਹੁੰਚ ਅਪਣਾਈ ਹੋਈ ਹੈ।

ਪੰਦਰਾਂ ਸਾਲ ਪਹਿਲਾਂ ਮੇਰੀ ਖ਼ੁਆਹਿਸ਼ ਸੂਚੀ ਦੀ ਆਖ਼ਰੀ ਸ਼ੈਅ ਸੀ- ਅਸਲੋਂ ਵੱਖਰੀ ਪਾਰਟੀ ਦਾ ਗਠਨ। ਸਿਧਾਂਤਕ ਰੂਪ ਵਿਚ ਇਹ ਇੱਛਾ 2012 ਵਿਚ ਆਮ ਆਦਮੀ ਪਾਰਟੀ ਦੇ ਗਠਨ ਨਾਲ ਪੂਰੀ ਹੋ ਗਈ ਸੀ। ਉਂਝ, ਅਮਲੀ ਰੂਪ ਵਿਚ 'ਆਪ' ਉਹੋ ਜਿਹੀ ਭਰਵੀਂ ਤਬਦੀਲੀ ਨਹੀਂ ਲਿਆ ਸਕੀ ਜਿਸ ਦੀ ਤਵੱਕੋ ਇਸ ਦੇ ਹਮਾਇਤੀਆਂ ਨੇ ਕੀਤੀ ਸੀ। ਹਾਲਾਂਕਿ ਦਿੱਲੀ ਵਿਚ ਸਰਕਾਰੀ ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਵਿਚ ਇਸ ਦਾ ਰਿਕਾਰਡ ਵਧੀਆ ਰਿਹਾ ਹੈ ਪਰ ਅਰਵਿੰਦ ਕੇਜਰੀਵਾਲ ਦਾ ਗੁੱਡਾ ਬੰਨ੍ਹਣ ਅਤੇ ਨਿਸ਼ਾਨੇ 'ਤੇ ਲਈਆਂ ਜਾ ਰਹੀਆਂ ਘੱਟਗਿਣਤੀਆਂ ਦੇ ਹੱਕ ਵਿਚ ਨਾ ਨਿੱਤਰਨ ਦੇ ਨਾਂਹ ਮੁਖੀ ਰੁਝਾਨ ਵੀ ਕਾਫ਼ੀ ਭਾਰੂ ਹਨ।

ਪੰਦਰਾਂ ਸਾਲ ਪਹਿਲਾਂ ਮੈਂ ਭਾਰਤ ਦੀ ਪਾਰਟੀ ਪ੍ਰਣਾਲੀ ਦੇ ਮੁੜ ਨਿਰਮਾਣ ਲਈ ਚਾਰ ਨੁਕਾਤੀ ਚਾਰਟਰ ਤਿਆਰ ਕੀਤਾ ਸੀ। ਇਸ ਦੌਰਾਨ ਦੇਸ਼ ਅੰਦਰ ਤਿੰਨ ਆਮ ਚੋਣਾਂ ਹੋ ਚੁੱਕੀਆਂ ਹਨ। ਜੇ



2009 ਦਾ ਮੇਰਾ ਇਹ ਚਾਰਟਰ ਹੁਣ ਤੱਕ ਵੀ ਜਿਉਂ ਦਾ ਤਿਉਂ ਪਿਆ ਹੈ ਤਾਂ ਨਿਸ਼ਚੇ ਹੀ ਕੋਈ ਇਹ ਨਤੀਜਾ ਕੱਢ ਸਕਦਾ ਹੈ ਕਿ ਇਸ ਦਾ ਮੁੱਦਈ ਕੋਈ ਅਨਾੜੀ ਜਾਂ ਖ਼ਿਆਲੀ ਪੁਲਾਓ ਪਕਾਉਣ ਵਾਲਾ ਹੋਵੇਗਾ। ਹੁਣ ਮੈਂ ਇਹ ਗੱਲ ਲੜ ਬੰਨ੍ਹ ਲਈ ਹੈ ਕਿ ਕਾਂਗਰਸ ਨੂੰ ਗਾਂਧੀ ਪਰਿਵਾਰ ਨੂੰ ਅਲਵਿਦਾ ਆਖਣ, ਭਾਜਪਾ ਨੂੰ ਆਰ.ਐੱਸ.ਐੱਸ. ਨਾਲੋਂ ਨਾਤਾ ਤੋੜਨ, ਖੱਬੀ ਧਿਰ ਨੂੰ ਮਾਓ ਤੇ ਲੈਨਿਨ ਤੋਂ ਅਗਾਂਹ ਤੱਕਣ ਜਾਂ ਆਮ ਆਦਮੀ ਪਾਰਟੀ ਦੇ ਕਿਸੇ ਅਗਾਂਹਵਧੂ, ਵਾਤਾਵਰਨ ਪ੍ਰਤੀ ਜ਼ਿੰਮੇਵਾਰ ਅਤੇ ਜਰਮਨੀ ਦੀ ਔਰਤਾਂ ਪੱਖੀ ਗ੍ਰੀਨ ਪਾਰਟੀ ਦਾ ਭਾਰਤੀ ਰੂਪ ਬਣਨ ਦੀ ਤਵੱਕੋ ਨਿਰਮੂਲ ਹੈ।

ਅਗਲੀਆਂ ਚੋਣਾਂ ਵਿਚ ਸਾਲ ਕੁ ਦਾ ਸਮਾਂ ਬਚਿਆ ਹੈ। ਉਸ ਦੇ ਪੇਸ਼ੇਨਜ਼ਰ ਮੈਂ ਨਵੀਂ ਇੱਛਾ ਸੂਚੀ ਬਣਾਈ ਹੈ। ਉਹ ਪਹਿਲੀ ਸੂਚੀ ਨਾਲੋਂ ਵਧੇਰੇ ਸਾਵੀਂ ਹੈ। ਮੇਰੀ ਉਮੀਦ ਹੈ ਕਿ ਕਿਸੇ ਵੀ ਇੱਕ ਪਾਰਟੀ ਨੂੰ ਲੋਕ ਸਭਾ ਵਿਚ ਬਹੁਮਤ ਹਾਸਲ ਨਾ ਹੋ ਸਕੇ; ਦਰਅਸਲ, ਇਕਹਿਰੀ ਸਭ ਤੋਂ ਵੱਡੀ ਪਾਰਟੀ ਦੀ ਗਿਣਤੀ ਬਹੁਮਤ ਤੋਂ ਕਾਫ਼ੀ ਘੱਟ ਰਹਿਣੀ ਚਾਹੀਦੀ ਹੈ। ਹਾਲਾਂਕਿ ਸਾਡੇ ਮੌਜੂਦਾ ਪ੍ਰਧਾਨ ਮੰਤਰੀ ਮੁੱਢੋਂ-ਸੁੱਢੋਂ ਹੀ ਸੱਤਾਵਾਦੀ ਹਨ, ਆਮ ਚੋਣਾਂ ਵਿਚ ਲਗਾਤਾਰ ਦੋ ਵਾਰ ਬਹੁਮਤ ਹਾਸਲ ਹੋਣ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦੇ ਇਸ ਮਾੜੇ ਪਹਿਲੂ ਨੂੰ ਬਹੁਤ ਬਲ ਮਿਲਿਆ ਹੈ। ਮੋਦੀ ਤੋਂ ਪਹਿਲਾਂ 1971 ਦੀਆਂ ਆਮ ਚੋਣਾਂ ਵਿਚ ਭਾਰੀ ਬਹੁਮਤ ਹਾਸਲ ਹੋਣ ਨਾਲ ਇੰਦਰਾ ਗਾਂਧੀ ਅੰਦਰ ਨਿਰੰਕੁਸ਼ਵਾਦੀ ਰੁਝਾਨ ਪ੍ਰਬਲ ਹੋ ਗਏ ਸਨ। ਮੋਦੀ ਅਤੇ ਇੰਦਰਾ ਦੇ ਅਰਸਿਆਂ ਦੌਰਾਨ ਵੋਟਰਾਂ ਨੇ ਆਪਣੀ ਸਮਝ ਜਾਂ ਇਸ ਦੀ ਘਾਟ ਕਰ ਕੇ 1984 ਦੀਆਂ ਚੋਣਾਂ ਵਿਚ ਰਾਜੀਵ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ 400 ਸੀਟਾਂ ਜਿਤਾ ਦਿੱਤੀਆਂ ਸਨ ਜਿਸ ਦੇ ਦੇਸ਼ ਦੀ ਸਿਆਸਤ ਅਤੇ ਸ਼ਾਸਨ ਲਈ ਬਹੁਤ ਘਾਤਕ ਸਿੱਟੇ ਨਿਕਲੇ ਸਨ।


ਭਾਰਤ ਐਨਾ ਵਿਸ਼ਾਲ ਅਤੇ ਵੰਨ-ਸਵੰਨਤਾ ਭਰਿਆ ਮੁਲਕ ਹੈ ਕਿ ਇਸ ਨੂੰ ਮਿਲ ਜੁਲ ਕੇ ਅਤੇ ਸਲਾਹ ਮਸ਼ਵਰੇ ਤੋਂ ਬਿਨਾਂ ਹੋਰ ਕਿਵੇਂ ਵੀ ਚਲਾਇਆ ਹੀ ਨਹੀਂ ਜਾ ਸਕਦਾ। ਸੰਸਦ ਵਿਚ ਭਾਰੀ ਬਹੁਮਤ ਮਿਲਣ ਨਾਲ ਸੱਤਾਧਾਰੀ ਪਾਰਟੀ ਅੰਦਰ ਹੰਕਾਰ ਜਾਗ ਉੱਠਦਾ ਹੈ। ਇਹੋ ਜਿਹੇ ਬਹੁਮਤ ਦੇ ਜ਼ੋਰ 'ਤੇ ਕੋਈ ਵੀ ਪ੍ਰਧਾਨ ਮੰਤਰੀ ਆਪਣੇ ਵਜ਼ਾਰਤੀ ਸਾਥੀਆਂ ਨੂੰ ਟਿੱਚ ਜਾਣ ਸਕਦਾ ਹੈ, ਵਿਰੋਧੀ ਧਿਰ ਨੂੰ ਦੁਤਕਾਰ ਸਕਦਾ ਹੈ, ਪ੍ਰੈੱਸ ਨੂੰ ਨੱਥ ਪਾਉਂਦਾ ਹੈ ਅਤੇ ਸੁਤੰਤਰ ਅਦਾਰਿਆਂ ਦੀ ਵੁਕਤ ਖ਼ਤਮ ਕਰ ਦਿੰਦਾ ਹੈ ਤੇ ਨਾਲ ਹੀ ਸੂਬਿਆਂ, ਖ਼ਾਸਕਰ ਜਿਨ੍ਹਾਂ ਵਿਚ ਵਿਰੋਧੀ ਪਾਰਟੀ ਦਾ ਆਗੂ ਸੱਤਾ ਚਲਾ ਰਿਹਾ ਹੁੰਦਾ ਹੈ, ਦੇ ਹੱਕਾਂ ਅਤੇ ਹਿੱਤਾਂ ਦੀ ਬੇਹੁਰਮਤੀ ਕਰਦਾ ਹੈ।

ਭਵਿੱਖ ਦੇ ਇਤਿਹਾਸਕਾਰ ਸ਼ਾਇਦ ਕਦੇ ਇਹ ਗੱਲ ਦਰਜ ਕਰਨਗੇ ਕਿ ਕੁੱਲ ਮਿਲਾ ਕੇ ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਨਰਿੰਦਰ ਮੋਦੀ ਨਾਲੋਂ ਪੀ.ਵੀ. ਨਰਸਿਮਹਾ ਰਾਓ, ਅਟਲ ਬਿਹਾਰੀ ਵਾਜਪਾਈ ਅਤੇ ਮਨਮੋਹਨ ਸਿੰਘ ਕਿਤੇ ਬਿਹਤਰ ਪ੍ਰਧਾਨ ਮੰਤਰੀ ਸਨ। ਜ਼ਰੂਰੀ ਨਹੀਂ ਕਿ ਇਹ ਇਸ ਕਰ ਕੇ ਸੀ ਕਿ ਉਹ ਉਨ੍ਹਾਂ ਨਾਲੋਂ ਜ਼ਿਆਦਾ ਸੂਝਵਾਨ ਸਨ ਸਗੋਂ ਇਸ ਕਰ ਕੇ ਕਿ ਰਾਓ, ਵਾਜਪਾਈ ਅਤੇ ਮਨਮੋਹਨ ਸਿੰਘ ਨੇ ਜਿਨ੍ਹਾਂ ਹਾਲਾਤ ਵਿਚ ਸ਼ਾਸਨ ਚਲਾਇਆ ਸੀ, ਉਨ੍ਹਾਂ ਹਾਲਾਤ ਵਿਚ ਆਪਣੇ ਵਜ਼ਾਰਤੀ ਸਾਥੀਆਂ ਨੂੰ ਜ਼ਿਆਦਾ ਖ਼ੁਦਮੁਖ਼ਤਾਰੀ ਦੇਣਾ, ਆਪਣੇ ਗੱਠਜੋੜ ਭਾਈਵਾਲਾਂ (ਜੋ ਵੱਖੋ-ਵੱਖਰੇ ਸਮੂਹਾਂ, ਖਿੱਤਿਆਂ ਅਤੇ ਹਿੱਤਾਂ ਦੀ ਤਰਜਮਾਨੀ ਕਰਦੇ ਸਨ) ਦੀ ਗੱਲ ਸੁਣਨਾ, ਵਿਰੋਧੀ ਧਿਰ ਨਾਲ ਵਧੇਰੇ ਸਰਗਰਮੀ ਨਾਲ ਸਲਾਹ ਮਸ਼ਵਰਾ ਕਰਨਾ, ਸੁਤੰਤਰ ਪ੍ਰੈੱਸ ਨੂੰ ਖੁੱਲ੍ਹ ਦੇਣਾ, ਨਿਆਂਪਾਲਿਕਾ 'ਤੇ ਦਬਾਓ ਨਾ ਪਾਉਣਾ, ਸਰਕਾਰੀ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਵਿਚ ਗ਼ੈਰ-ਵਾਜਬ ਦਖ਼ਲ ਨਾ ਦੇਣਾ, ਸੂਬਿਆਂ ਦੇ ਅਧਿਕਾਰਾਂ ਅਤੇ ਹਿੱਤਾਂ ਦਾ ਸਤਿਕਾਰ ਕਰਨਾ ਉਨ੍ਹਾਂ ਲਈ ਲਾਜ਼ਮੀ ਸੀ। ਜਿਨ੍ਹਾਂ ਸਮਿਆਂ ਵਿਚ ਇਹ ਗੱਠਜੋੜ ਸਰਕਾਰਾਂ ਕੰਮ ਕਰ ਰਹੀਆਂ ਸਨ ਤਾਂ ਇੱਕ ਪਾਰਟੀ ਦੇ ਗਲਬੇ ਅਤੇ ਬੇਲਗਾਮ ਪ੍ਰਧਾਨ ਮੰਤਰੀ ਦੀ ਗ਼ੈਰ-ਮੌਜੂਦਗੀ ਵਿਚ ਆਰਥਿਕ ਵਿਕਾਸ, ਫੈਡਰਲਿਜ਼ਮ, ਘੱਟਗਿਣਤੀਆਂ ਦੇ ਹੱਕਾਂ, ਸੁਤੰਤਰ ਅਦਾਰਿਆਂ ਆਦਿ ਸਭਨਾਂ ਨੂੰ ਬਲ ਮਿਲਿਆ ਸੀ।

ਕੀ 2024 ਦੀਆਂ ਆਮ ਚੋਣਾਂ ਵਿਚ ਨਰਿੰਦਰ ਮੋਦੀ ਅਤੇ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਬਹੁਮਤ ਹਾਸਲ ਹੋਵੇਗਾ- ਇਹ ਅਜਿਹਾ ਕਾਰਕ ਹੋਵੇਗਾ ਜੋ ਭਾਰਤ ਅੰਦਰ ਲੋਕਰਾਜ, ਬਹੁਵਾਦ ਅਤੇ ਫੈਡਰਲਿਜ਼ਮ ਲਈ ਫ਼ੈਸਲਾਕੁਨ ਬਣ ਸਕਦਾ ਹੈ। ਜੇ ਅਜਿਹਾ ਹੋਇਆ ਤਾਂ ਵਿਰੋਧੀ ਧਿਰ ਨੂੰ ਹੋਰ ਜ਼ਿਆਦਾ ਦਬਾਇਆ ਜਾਵੇਗਾ, ਸੁਤੰਤਰ ਪ੍ਰੈੱਸ ਦੀ ਸੰਘੀ ਹੋਰ ਘੁੱਟ ਦਿੱਤੀ ਜਾਵੇਗੀ, ਘੱਟਗਿਣਤੀਆਂ ਅੰਦਰ ਅਸੁਰੱਖਿਆ ਦੀ ਭਾਵਨਾ ਹੋਰ ਜ਼ਿਆਦਾ ਵਧ ਜਾਵੇਗੀ, ਸੂਬਿਆਂ ਨੂੰ ਪੂਰੀ ਤਰ੍ਹਾਂ ਕੇਂਦਰ ਸਾਹਮਣੇ ਗੋਡੇ ਟੇਕਣ ਲਈ ਆਖਿਆ ਜਾਵੇਗਾ। ਇਹੋ ਜਿਹੇ ਹਾਲਾਤ ਅਰਥਚਾਰੇ ਲਈ ਵੀ ਬਿਨਾਂ ਸ਼ੱਕ ਸ਼ੁਭ ਨਹੀਂ ਹੋਣਗੇ (ਕਿਸੇ ਗੱਠਜੋੜ ਸਰਕਾਰ ਦਾ ਕੋਈ ਵੀ ਪ੍ਰਧਾਨ ਮੰਤਰੀ ਐਨਾ ਘਮੰਡੀ ਨਹੀਂ ਹੋਵੇਗਾ ਕਿ ਨੋਟਬੰਦੀ ਜਿਹਾ ਘਾਤਕ ਤਜਰਬਾ ਕਰਨ ਦਾ ਕਦਮ ਚੁੱਕ ਲਵੇ)।

ਲਿਹਾਜ਼ਾ, ਅਗਲੇ ਸਾਲ ਦੀਆਂ ਆਮ ਚੋਣਾਂ ਲਈ ਮੇਰੀ ਇੱਕੋ-ਇੱਕ ਕਾਮਨਾ ਹੈ ਕਿ ਕਿਸੇ ਵੀ ਪਾਰਟੀ ਨੂੰ 250 ਤੋਂ ਵੱਧ ਸੀਟਾਂ ਨਾ ਮਿਲਣ, ਹਾਲਾਂਕਿ ਜੇ ਇਹ ਗਿਣਤੀ 200 ਤੋਂ ਨਾ ਵਧੇ ਤਾਂ ਹੋਰ ਵੀ ਬਿਹਤਰ ਰਹੇਗਾ। ਜੇ ਇੰਝ ਹੁੰਦਾ ਹੈ ਤਾਂ ਭਾਰਤ ਵਿਚ ਅਜਿਹਾ ਸ਼ਾਸਨ ਚੱਲੇਗਾ ਜੋ ਭਾਵੇਂ ਬਹੁਤ ਜ਼ਿਆਦਾ ਸੂਝ ਭਰਿਆ ਨਾ ਵੀ ਹੋਵੇ ਪਰ ਘੱਟ ਹੰਕਾਰੀ ਜ਼ਰੂਰ ਹੋਵੇਗਾ, ਇੱਕ ਪਾਰਟੀ ਦੇ ਦਮਨ ਵਾਲਾ ਬਿਲਕੁਲ ਨਹੀਂ ਹੋਵੇਗਾ ਤੇ ਕਿਸੇ ਇਕਹਿਰੇ ਵਿਅਕਤੀ 'ਤੇ ਕੇਂਦਰਿਤ ਨਹੀਂ ਹੋਵੇਗਾ ਸਗੋਂ ਇਹ ਸਾਡੇ ਸਭਨਾਂ ਦੇ ਹੱਕ ਦੀ ਗੱਲ ਕਰੇਗਾ।

# ਵਿਜੈ ਵਰਮਾ ਦਾ ਵਿਜੈ ਪਰਚਮ




ਵਿਜੈ ਵਰਮਾ ਨੇ ਆਪਣੀ ਅਦਾਕਾਰੀ ਨਾਲ ਸਭ ਦਾ ਧਿਆਨ ਫਿਲਮ 'ਪਿੰਕ' ਨਾਲ ਖਿੱਚਿਆ ਸੀ। ਇਹ ਫਿਲਮ 2016 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਪਹਿਲਾਂ ਉਹ ਭਾਵੇਂ 'ਸ਼ੋਰ', 'ਚਿਟਾਗਾਂਗ', 'ਰੰਗਰੇਜ਼', 'ਗੈਂਗਜ਼ ਆਫ ਘੋਸਟਸ' ਵਰਗੀਆ ਫਿਲਮਾਂ ਵਿਚ ਅਦਾਕਾਰੀ ਕਰ ਚੁੱਕਾ ਸੀ ਪਰ ਕਿਸੇ ਨੇ ਢੰਗ ਨਾਲ ਉਸ ਦਾ ਨੋਟਿਸ ਨਹੀਂ ਸੀ ਲਿਆ। 'ਪਿੰਕ' ਨੇ ਉਸ ਦੇ ਵਾਰੇ-ਨਿਆਰੇ ਕਰ ਦਿੱਤੇ ਅਤੇ ਇਸ ਤੋਂ ਬਾਅਦ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

ਇਹੀ ਨਹੀਂ, ਵੈੱਬ ਸੀਰੀਜ਼ ਵਿਚ ਵੀ ਵਿਜੈ ਵਰਮਾ ਨਵੀਆਂ ਪੈੜਾਂ ਪਾਉਣ ਵਿਚ ਕਾਮਯਾਬ ਰਿਹਾ ਹੈ। ਹੁਣ ਉਸ ਦੀਆਂ ਦੋ ਸੀਰੀਜ਼ ਚੱਲ ਰਹੀਆਂ ਹਨ। ਇਕ ਦਾ ਨਾਂ 'ਦਹਾੜ' ਹੈ ਅਤੇ ਦੂਜੀ ਦਾ ਨਾਂ ਹੈ 'ਕਾਲਕੂਟ'। ਦੋਹਾਂ ਸੀਰੀਜ਼ ਵਿਚ ਹੀ ਉਸ ਦੀ ਅਦਾਕਾਰੀ ਦੀ ਖੂਬ ਪ੍ਰਸ਼ੰਸਾ ਹੋਈ ਹੈ। ਹਾਲ ਹੀ ਵਿਚ ਉਸ ਨੂੰ ਬੋਲੀਵੁੱਡ ਹੰਗਾਮਾ ਸਟਾਈਲ ਆਈਕਨਜ਼ ਦਾ 'ਮੋਸਟ ਸਟਾਈਲਿਸ਼ ਐਮਰਜਿੰਗ ਆਈਕਨ' ਦਾ ਐਵਾਰਡ ਵੀ ਮਿਲਿਆ ਹੈ। ਵਿਜੈ ਵਰਮਾ ਦਾ ਜਨਮ 29 ਮਾਰਚ 1986 ਦਾ ਹੈ। ਉਸ ਦਾ ਪਰਿਵਾਰ ਮਾਰਵਾੜੀ ਹੈ ਜੋ ਬਾਅਦ ਵਿਚ ਹੈਦਰਾਬਾਦ (ਤਿਲੰਗਾਨਾ) ਵਿਚ ਵੱਸ ਗਿਆ। ਉਹ ਐਫ.ਟੀ.ਆਈ.ਆਈ. ਦਾ ਪੜ੍ਹਿਆ ਹੋਇਆ ਹੈ।

ਆਪਣੀ ਅਦਾਕਾਰੀ ਬਾਰੇ ਵਿਜੈ ਵਰਮਾ ਦਾ ਕਹਿਣਾ ਹੈ ਕਿ ਉਹ ਫਿਲਮ ਜਾਂ ਸੀਰੀਜ਼ ਵਿਚ ਜਿਹੜਾ ਵੀ ਕਿਰਦਾਰ ਨਿਭਾਅ ਰਿਹਾ ਹੁੰਦਾ ਹੈ, ਉਸ ਨਾਲ ਪੂਰੀ ਤਰ੍ਹਾਂ ਇਕ-ਮਿਕ ਹੋ ਜਾਂਦਾ ਹੈ। ਇਸੇ ਲਈ ਉਸ ਦੀ ਅਦਾਕਾਰੀ ਹਕੀਕਤ ਦੇ ਬਹੁਤ ਕਰੀਬ ਜਾਪਦੀ ਹੈ ਅਤੇ ਇਹੀ ਗੱਲ ਦਰਸ਼ਕਾਂ ਅਤੇ ਫਿਲਮਾਂ ਦੇ ਆਲੋਚਕਾਂ ਦੇ ਦਿਲਾਂ ਨੂੰ ਭਾਉਂਦੀ ਹੈ। ਉਹ ਕਿਰਦਾਰ ਅੰਦਰ ਨਵੀਂ ਰੂਹ ਫੂਕਣ ਲਈ ਜਾਨ ਦੀ ਬਾਜ਼ੀ ਤੱਕ ਲਾ ਦਿੰਦਾ ਹੈ।

# ਕਿੰਜ਼ਾ ਹਾਸ਼ਮੀ ਦਾ ਹੁਸਨ



ਪਾਕਿਸਤਾਨੀ ਅਦਾਕਾਰਾ ਕਿੰਜ਼ਾ ਹਾਸ਼ਮੀ ਅੱਜ ਕੱਲ੍ਹ ਆਪਣੇ ਨਵੇਂ ਡਰਾਮੇ 'ਮੇਰੇ ਬਨ ਜਾਓ' ਨਾਲ ਚਰਚਾ ਵਿਚ ਹੈ। ਇਸ ਡਰਾਮੇ ਵਿਚ ਕਿੰਜ਼ਾ ਹਾਸ਼ਮੀ ਨੇ ਅਜ਼ਮੀਆ ਦਾ ਕਿਰਦਾਰ ਨਿਭਾਇਆ ਹੈ। ਡਰਾਮੇ ਦੀ ਕਹਾਣੀ ਆਪਣੇ ਖਾਵੰਦ ਨੂੰ ਖੁਸ਼ ਰੱਖਣ ਦੀ ਹੈ। ਇਸ ਡਰਾਮੇ ਵਿਚ ਕਈ

**ਆਮਨਾ ਕੌਰ**

ਉਤਰਾਅ-ਚੜ੍ਹਾਅ ਆਉਂਦੇ ਹਨ ਜਿਸ ਨੂੰ ਕਿੰਜ਼ਾ ਹਾਸ਼ਮੀ ਨੇ ਬਾਖੂਬੀ ਨਿਭਾਇਆ ਹੈ।

7 ਮਾਰਚ 1997 ਨੂੰ ਜਨਮੀ ਕਿੰਜ਼ਾ ਹਾਸ਼ਮੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2014 ਵਿਚ 'ਅਧੂਰਾ ਮਿਲਨ' ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਬਹੁਤ ਸਾਰੇ ਟੈਲੀਵਿਜ਼ਨ ਨਾਟਕਾਂ ਵਿਚ ਕੰਮ ਕੀਤਾ ਅਤੇ ਇਸ ਖੇਤਰ ਵਿਚ ਆਪਣੇ ਲਈ ਖਾਸ ਥਾਂ ਬਣਾਈ। ਉਸ ਦੀ ਸਭ ਤੋਂ ਜ਼ਿਆਦਾ ਚਰਚਾ ਹਮ ਟੀ.ਵੀ. ਦੇ ਰੁਮਾਂਟਿਕ ਨਾਟਕ 'ਇਸ਼ਕ ਤਮਾਸ਼ਾ' ਨਾਲ ਹੋਈ। ਇਹ ਨਾਟਕ 2018 ਵਿਚ ਨਸ਼ਰ ਹੋਇਆ ਸੀ ਅਤੇ ਇਸ ਵਿਚ ਕਿੰਜ਼ਾ ਹਾਸ਼ਮੀ ਨੇ ਖਲਨਾਇਕਾ ਦਾ ਕਿਰਦਾਰ ਨਿਭਾਇਆ ਸੀ। ਇਹ ਕਿਰਦਾਰ ਇੰਨਾ ਅਹਿਮ ਹੋ ਨਿੱਬੜਿਆ ਕਿ ਕਿੰਜ਼ਾ ਹਾਸ਼ਮੀ ਨੂੰ ਹਮ ਐਵਾਰਡਸ ਦਾ ਸਰਵੋਤਮ ਅਦਾਕਾਰਾ (ਖਲਨਾਇਕਾ) ਦਾ ਇਨਾਮ ਦਿੱਤਾ ਗਿਆ।

ਕਿੰਜ਼ਾ ਹਾਸ਼ਮੀ ਨੂੰ ਭਾਰਤੀ ਦਰਸ਼ਕਾਂ ਦਾ ਵੀ ਭਰਪੂਰ ਹੁੰਗਾਰਾ ਮਿਲਿਆ ਹੈ। ਯਾਦ ਰਹੇ ਕਿ ਪਹਿਲਾਂ-ਪਹਿਲ ਪਾਕਿਸਤਾਨੀ ਡਰਾਮਿਆਂ ਨੂੰ ਭਾਰਤੀ ਦਰਸ਼ਕਾਂ ਦਾ ਹੁੰਗਾਰਾ 2014 ਵਿਚ ਮਿਲਣਾ ਸ਼ੁਰੂ ਹੋਇਆ ਸੀ ਜਦੋਂ 'ਜ਼ਿੰਦਗੀ' ਚੈਨਲ 23 ਜੂਨ 2014 ਨੂੰ ਸ਼ੁਰੂ ਹੋਇਆ ਸੀ ਅਤੇ ਇਸ ਉਤੇ ਪਾਕਿਸਤਾਨ ਵਿਚ ਬਣੇ ਡਰਾਮੇ ਨਸ਼ਰ ਕੀਤੇ ਜਾਣ ਲੱਗੇ ਸਨ ਪਰ ਇਹ ਚੈਨਲ ਛੇਤੀ ਹੀ ਫਿਰਕੂ ਸਿਆਸਤ ਦੀ ਭੇਟ ਚੜ੍ਹ ਗਿਆ। ਹੋਇਆ ਇੰਝ ਕਿ ਇਸ ਚੈਨਲ ਦਾ ਕਰਤਾ-ਧਰਤਾ ਹੌਲੀ-ਹੌਲੀ ਭਾਰਤੀ ਜਨਤਾ ਪਾਰਟੀ ਦੇ ਨੇੜੇ ਚਲਾ ਗਿਆ ਅਤੇ ਸਭ ਜਾਣਦੇ ਹਨ ਕਿ ਭਾਰਤੀ ਜਨਤਾ ਪਾਰਟੀ ਦਾ ਪਾਕਿਸਤਾਨ ਪ੍ਰਤੀ ਰਵੱਈਆ ਕਿਸ ਤਰ੍ਹਾਂ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਅੱਧੀ ਸਿਆਸਤ ਤਾਂ ਪਾਕਿਸਤਾਨ ਦੇ ਵਿਰੋਧ ਵਿਚੋਂ ਚੱਲਦੀ ਹੈ ਤਾਂ ਕਿ ਲੋਕਾਂ ਨੂੰ ਫਿਰਕੂ ਆਧਾਰ ਉਤੇ ਵੰਡਿਆ ਜਾ ਸਕੇ। ਇਉਂ 2017 ਵਿਚ ਇਹ ਚੈਨਲ ਬੰਦ ਕਰ ਦਿੱਤਾ ਗਿਆ। ਬਾਅਦ ਵਿਚ ਯੂਟਿਊਬ ਨੇ ਭਾਰਤੀ ਦਰਸ਼ਕਾਂ ਲਈ ਪਾਕਿਸਤਾਨੀ ਡਰਾਮਿਆਂ ਦੇ ਰਾਹ ਖੋਲ੍ਹ ਦਿੱਤੇ। ਹੁਣ ਭਾਰਤੀ ਦਰਸ਼ਕਾਂ ਦਾ ਅੱਛਾ-ਖਾਸਾ ਹਿੱਸਾ ਪਾਕਿਸਤਾਨੀ ਡਰਾਮੇ ਦੇਖਦਾ ਹੈ।

# ਕੈਰੀ ਆਨ ਜੱਟਾ-3: ਮਾੜੀ ਫਿਲਮ, ਅੰਨ੍ਹੀ ਕਮਾਈ

ਪੰਜਾਬੀ ਫਿਲਮ 'ਕੈਰੀ ਆਨ ਜੱਟਾ-3' ਬਾਕਸ ਆਫਿਸ 'ਤੇ ਰਿਕਾਰਡ ਤੋੜ ਰਹੀ ਹੈ। ਇਹ ਅਜਿਹੀ ਪਹਿਲੀ ਪੰਜਾਬੀ ਫਿਲਮ ਹੋ ਨਿੱਬੜੀ ਹੈ ਜਿਸ ਨੇ 100 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ। ਇਹੀ ਨਹੀਂ, ਇਹ ਪਹਿਲੇ ਹੀ ਦਿਨ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਵੀ ਬਣੀ ਸੀ। ਇਸ ਫਿਲਮ ਨੇ ਪਹਿਲੇ ਹੀ ਦਿਨ 3.55 ਕਰੋੜ ਰੁਪਏ ਦੀ ਕਮਾਈ ਕੀਤੀ ਸੀ।

ਇਹ ਫਿਲਮ 29 ਜੁਲਾਈ ਨੂੰ ਰਿਲੀਜ਼ ਹੋਈ ਸੀ ਅਤੇ ਇਸ ਫਿਲਮ ਨੂੰ ਇਕ ਵੀ ਚੰਗਾ ਰਿਵਿਊ ਨਹੀਂ ਮਿਲਿਆ। ਦਰਸ਼ਕਾਂ ਦਾ ਵੀ ਕਹਿਣਾ ਸੀ ਕਿ ਫਿਲਮ ਬਹੁਤ ਮਾੜੀ ਬਣੀ ਹੈ। ਅਸਲ ਵਿਚ ਦਰਸ਼ਕ ਇਸ ਫਿਲਮ ਦਾ ਮੁਕਾਬਲਾ ਇਸ ਸੀਰੀਜ਼ ਤਹਿਤ ਪਹਿਲਾਂ ਬਣੀਆਂ ਫਿਲਮਾਂ 'ਕੈਰੀ ਆਨ ਜੱਟਾ' ਅਤੇ 'ਕੈਰੀ ਆਨ ਜੱਟਾ-2' ਨਾਲ ਕਰ ਰਹੇ ਸਨ। ਸਭ ਦਰਸ਼ਕਾਂ ਦੀ ਰਾਇ ਸੀ ਕਿ 'ਕੈਰੀ ਆਨ ਜੱਟਾ' ਫਿਲਮ ਠੀਕ ਸੀ। ਸਾਰੇ ਅਦਾਕਾਰਾਂ ਦੀ ਅਦਾਕਾਰੀ ਵੀ ਠੀਕ ਹੀ ਸੀ ਪਰ 'ਕੈਰੀ ਆਨ ਜੱਟਾ-2' ਵਿਚ 'ਕੈਰੀ ਆਨ ਜੱਟਾ' ਵਰਗੀ ਕੋਈ ਗੱਲ ਨਹੀਂ ਸੀ। ਹੁਣ 'ਕੈਰੀ ਆਨ ਜੱਟਾ-3' ਭਾਵੇਂ ਰਿਕਾਰਡ ਕਾਇਮ ਕਰ ਰਹੀ ਹੈ ਪਰ ਇਸ ਸੀਰੀਜ਼ ਵਿਚੋਂ ਸਭ ਤੋਂ ਮਾੜੀ ਫਿਲਮ 'ਕੈਰੀ ਆਨ ਜੱਟਾ-3' ਨੂੰ ਹੀ ਗਿਣਿਆ ਜਾ ਰਿਹਾ ਹੈ। ਫਿਲਮ ਵਿਚ ਜਿਸ ਤਰ੍ਹਾਂ ਦੀ ਕਾਮੇਡੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਉਸ ਨੂੰ ਫਿਲਮ ਆਲੋਚਕਾਂ ਅਤੇ ਬਹੁਤ ਸਾਰੇ ਦਰਸ਼ਕਾਂ ਨੇ ਸਵੀਕਾਰ ਨਹੀਂ ਕੀਤਾ ਹੈ। ਫਿਲਮ 'ਕੈਰੀ ਆਨ ਜੱਟਾ-3' ਗਿੱਪੀ ਗਰੇਵਾਲ ਦੀ ਘਰੇਲੂ ਪ੍ਰੋਡਕਸ਼ਨ ਦੀ ਫਿਲਮ ਹੈ। ਫਿਲਮ ਦੀ ਸਾਰੀ ਸ਼ੂਟਿੰਗ ਇੰਗਲੈਂਡ ਵਿਚ ਮੁਕੰਮਲ ਹੋਈ ਹੈ। ਫਿਲਮ ਵਿਚ ਗਿੱਪੀ

**ਕੁਦਰਤ ਕੌਰ**

ਗਰੇਵਾਲ ਤੋਂ ਇਲਾਵਾ ਸੋਨਮ ਬਾਜਵਾ, ਐਮੀ ਵਿਰਕ ਨੇ ਅਦਾਕਾਰੀ ਕੀਤੀ ਹੈ।

ਉਂਝ, ਇਕ ਗੱਲ ਤੋਂ ਸਭ ਹੈਰਾਨ ਹਨ ਕਿ ਇਕ ਪਾਸੇ ਤਾਂ ਫਿਲਮ ਦੀ ਇੰਨੀ ਤਿੱਖੀ ਆਲੋਚਨਾ ਹੋ ਰਹੀ ਹੈ, ਦੂਜੇ ਬੰਨੇ ਫਿਲਮ ਇੰਨੀ ਜ਼ਿਆਦਾ ਕਮਾਈ ਕਰ ਰਹੀ ਹੈ। ਇਸ ਬਾਰੇ ਕੁਝ ਫਿਲਮ ਆਲੋਚਕਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਇਹ ਜ਼ਰੂਰੀ ਨਹੀਂ ਕਿ ਚੰਗੀ ਫਿਲਮ ਵੱਧ ਪੈਸੇ ਕਮਾਏ, ਇਸੇ ਤਰ੍ਹਾਂ ਇਹ ਵੀ ਜ਼ਰੂਰੀ ਨਹੀਂ ਕਿ ਜਿਹੜੀ ਫਿਲਮ ਮਾੜੀ ਹੈ, ਉਹ ਕਮਾਈ ਨਹੀਂ ਕਰੇਗੀ। ਅਸਲ ਵਿਚ ਫਿਲਮਾਂ ਦੀ ਕਮਾਈ ਦਾ ਮੀਟਰ ਬੜਾ ਅਵੱਲਾ ਹੈ। ਹਾਲ ਹੀ ਵਿਚ ਫਿਲਮਸਾਜ਼ ਜਤਿੰਦਰ ਮੌਹਰ ਦੀ ਫਿਲਮ 'ਮੌੜ' ਰਿਲੀਜ਼ ਹੋਈ। ਇਸ ਫਿਲਮ ਦੀ ਬਹੁਤ ਜ਼ਿਆਦਾ ਤਾਰੀਫ ਹੋਈ ਪਰ ਇਹ ਫਿਲਮ ਓਨੀ ਕਮਾਈ ਨਹੀਂ ਕਰ ਸਕੀ ਜਿੰਨੀ ਇਸ ਤੋਂ ਆਸ ਕੀਤੀ ਜਾ ਰਹੀ ਸੀ। ਉਂਝ, ਸਾਰਿਆਂ ਨੇ ਸਵੀਕਾਰ ਕੀਤਾ ਕਿ ਫਿਲਮ 'ਮੌੜ' ਪੰਜਾਬੀ ਸਿਨੇਮਾ ਦੇ ਇਤਿਹਾਸ ਦੀ ਖਾਸ ਫਿਲਮ ਹੋ ਨਿੱਬੜੀ ਹੈ। ਇਸ ਪੱਖ ਤੋਂ 'ਕੈਰੀ ਆਨ ਜੱਟਾ-3' ਵਧੇਰੇ ਕਮਾਈ ਕਰਨ ਵਾਲੀ ਸਭ ਤੋਂ ਮਾੜੀ ਫਿਲਮ ਬਣ ਗਈ ਹੈ।






*ਫਿਲਮ 'ਕੈਰੀ ਆਨ ਜੱਟਾ-3' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।*



# ਰਾਜਸ਼ਿਰੀ ਦੇਸ਼ਪਾਂਡੇ ਦਾ ਰਾਜ

ਅਦਾਕਾਰਾ ਰਾਜਸ਼ਿਰੀ ਦੇਸ਼ਪਾਂਡੇ ਦਾ ਕਹਿਣਾ ਹੈ ਕਿ ਉਹ ਕੋਈ ਵੀ ਕਿਰਦਾਰ ਨਿਭਾਉਣ ਤੋਂ ਪਹਿਲਾਂ ਪੂਰੀ ਤਿਆਰੀ ਕਰਦੀ ਹੈ। ਉਹ ਆਪਣੇ ਕੰਮ ਨੂੰ ਪੂਰੀ ਗੰਭੀਰਤਾ ਨਾਲ ਲੈਂਦੀ ਹੈ। ਯਾਦ ਰਹੇ ਕਿ ਰਾਜਸ਼ਿਰੀ ਫਿਲਮਸਾਜ਼ ਪੈਨ ਨਲਿਨ ਦੀ ਫਿਲਮ 'ਐਂਗਰੀ ਇੰਡੀਅਨ ਗੌਡੈੱਸ' ਵਿਚ ਲਕਸ਼ਮੀ ਦੀ ਭੂਮਿਕਾ ਨਿਭਾਉਣ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਆਈ ਸੀ। ਫਿਰ ਉਸ ਨੇ ਸਨਲ ਕੁਮਾਰ ਸਸੀਧਰਨ ਦੀ ਫਿਲਮ 'ਸੈਕਸੀ ਦੁਰਗਾ' ਵਿਚ ਦੁਰਗਾ ਦਾ ਕਿਰਦਾਰ ਨਿਭਾਅ ਕੇ ਵਾਹ-ਵਾਹ ਖੱਟੀ। ਬੀ.ਬੀ.ਸੀ.-ਵੰਨ ਦੇ ਟੀ.ਵੀ. ਡਰਾਮੇ 'ਮੈਕਮਾਫੀਆ' ਨਾਲ ਤਾਂ ਉਸ ਦਾ ਡੰਕਾ ਹਰ ਥਾਂ ਵੱਜ ਗਿਆ ਸੀ।


Women Cultural Society of Indiana Presents
in association with Moodz Entertainment
Live performance by
Kulwinder Kally & Gurlez Akhtar
8 ਵਾਂ ਤੀਆਂ
ਦਾ ਮੇਲਾ
Photography Partner
Harjas Wedding Studio
DJ PARTNER
DJ BILLA
TICKET PRICES
$35
(FOOD INCLUDED)
Free Entry Kids Under 10
Jabbo Sisters
Amarjit Kaur & Daljit Kaur
Jessica kaur
Moodz Entertainment
Jasneet Palaha Ahluwalia
Harjas Media Group
Harpreet Priya
(Life worth living inc)
Performances :- Gidha,Bhangra,Dance,Live Singing
BLUE DIAMOND
BANQUET HALL
WHERE MEMORIES ARE MADE
5425 Thompson Rd Indianapolis IN 46237
Media Partner
Harjas TV
STARTS AT
1-7 PM
AUG 06 SUNDAY
2023
Contact Jabbo Sisters Daljit 317-308-8345 Amarjit 317-748-3477
Jessica Kaur +1 (310) 980-2186